੩੫ਵਾਂ ਸਾਲ

# ਵਰਿਆਮ

ਫਰਵਰੀ ੨੦੧੦



ਸ੍ਰੀ ਭੈਣੀ ਸਾਹਿਬ ਵਿਖੇ ੧੯੩੭ ਈ. ਵਿੱਚ ਚੰਡੀ ਦੀ ਵਾਰ ਦੇ ਪਹਿਲੀ ਵਾਰ ਹੋਏ ਸਵਾ ਲੱਖ ਪਾਠਾਂ ਸਮੇਂ ਬਣਿਆ ਹਵਨ ਕੁੰਡ

ਇਸ ਸਥਾਨ ਤੇ ਕਈ ਵਾਰ ਹਵਨ ਵਰਨੀਆਂ ਯੱਗ ਹੋ ਚੁੱਕੇ ਹਨ।

ਫਰਵਰੀ ੨੦੧੦ ਵਿੱਚ ਮੁੜ ਸਵਾ ਲੱਖ ਚੰਡੀ ਦੀ ਵਾਰ ਦੇ ਪਾਠਾਂ ਦਾ ਯੱਗ ਹੋ ਰਿਹਾ ਹੈ।

20/-

Namdhari Elibrary NamdhariElibrary@gmail.com



ਸ਼੍ਰੀ ਬਾਬਾ ਹਰਿਵਲਭ ਸੰਗੀਤ ਸੰਮੇਲਨ ਜਲੰਧਰ ਵਾਸਤੇ ਸਤਿਗੁਰੂ ਜਗਜੀਤ ਸਿੰਘ ਵਲੋਂ ਇਕ ਲੱਖ ਰੁਪਏ ਦੀ ਰਾਸ਼ੀ ਸੰਤ ਰਛਪਾਲ ਸਿੰਘ ਦੀ ਹਜ਼ੂਰੀ ਸੇਵਕ ਰਾਹੀ ਕਮੇਟੀ ਨੂੰ ਭੇਟ ਕੀਤੀ ਗਈ। ਤਸਵੀਰ ਵਿਚ ਇਹ ਰਾਸ਼ੀ ਪ੍ਰਵਾਨ ਕਰਦੇ ਹੋਏ ਪੰਜਾਬ ਕੈਬੀਨਿਟ ਦੇ ਸੀਨੀਅਰ ਮੰਤਰੀ ਸ੍ਰੀ ਮਨੋਰੰਜਨ ਕਾਲੀਆ, ਸ.ਬਰਜਿੰਦਰ ਸਿੰਘ ਹਮਦਰਦ ਸੰਪਾਦਕ ਅਜੀਤ। ਤਸਵੀਰ ਵਿਚ ਸੰਮੇਲਨ ਦੀ ਜਨਰਲ ਸਕੱਤਰ ਸ਼੍ਰੀ ਮਤੀ ਪੂਰਨਿਮਾ ਬੇਰੀ, ਸ. ਜਗਦੀਸ਼ ਸਿੰਘ ਵਰਿਆਮ, ਸ਼੍ਰੀ ਸ਼ੀਤਲ ਵਿਜ, ਸ.ਸ.ਸ. ਅਜੀਮਲ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਆਦਿ ਦਿਖਾਈ ਦੇ ਰਹੇ ਹਨ।



ਸਾਰੰਗੀ ਕਲਾਕਾਰ ਸੁਰਜੀਤ ਸਿੰਘ, ਤਾਊਸ ਵਾਦਕ ਅਮਨਪ੍ਰੀਤ ਸਿੰਘ, ਤਬਲਾ ਵਾਦਕ ਸੁਖਵਿੰਦਰ ਸਿੰਘ ਪਿੰਕੀ ਦਾ ਸਨਮਾਨ ਕਰਦੇ ਹੋਏ ਕਮੇਟੀ ਮੈਂਬਰ।



ਸ. ਜਗਦੀਸ਼ ਸਿੰਘ ਵਰਿਆਮ, ਸ. ਬਰਜਿੰਦਰ ਸਿੰਘ ਹਮਦਰਦ ਅਤੇ ਸ੍ਰੀ ਮਨੋਰੰਜਨ ਕਾਲੀਆ ਹਰਿਵਲਭ ਸੰਗੀਤ ਸੰਮੇਲਨ ਦੀ ਸਟੇਜ ਤੇ।

Namdhari Elibrary NamdhariElibrary@gmail.com

# ਵਰਿਆਮ

ਫਰਵਰੀ-੨੦੧੦
ਜਿਲਦ-੩੫
ਅੰਕ- ੪

**ਸੰਪਾਦਕ**
**ਜਗਦੀਸ਼ ਸਿੰਘ 'ਵਰਿਆਮ'**


| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |


**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

# ਤਤਕਰਾ


ਸੰਪਾਦਕੀ
*—ਜਗਦੀਸ਼ ਸਿੰਘ ਵਰਿਆਮ* ........ ੨
ਦਸ਼ਤ ਦਾ ਸੂਬਾ—ਸੂਬਾ ਜੋਤਾ ਸਿੰਘ ਢਪਈ
*—ਸੁਵਰਨ ਸਿੰਘ ਵਿਰਕ* ........ ੫
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਕ੍ਰਿਤ
"ਸ੍ਰੀ ਦਸਮ ਗ੍ਰੰਥ" ਵਿਚੋਂ *—ਮਾਸਟਰ ਦਰਸ਼ਨ ਸਿੰਘ* ........ ੧੫
ਕੋਟਲੇ ਦੀ ਧਰਤ ਨੂੰ ਪ੍ਰਨਾਮ
*—ਜੁਗਿੰਦਰ ਸਿੰਘ ਮੁਕਤਾ* ........ ੧੯
ਪਾਕਿਸਤਾਨੀ ਸ਼ਾਇਰਾਂ ਦੇ ਚੋਣਵੇਂ ਪੰਜਾਬੀ ਸ਼ੇਅਰ
—ਚਰਨ ਸੀਚੇਵਾਲਵੀ ........ ੨੧
ਚਾਰ ਗ਼ਜ਼ਲਾਂ
*—ਡਾ. ਹਰਨੇਕ ਸਿੰਘ ਕੋਮਲ* ........ ੨੨
ਕਿੰਨਾ-ਕੁ-ਸ਼ਕਤੀਸ਼ਾਲੀ
*—ਪ੍ਰੀਤਮ ਪੰਧੇਰ* ........ ੨੩
ਗ਼ਜ਼ਲ *—ਪ੍ਰੀਤਮ ਪੰਧੇਰ* ........ ੨੩
ਗ਼ਜ਼ਲ *—ਪ੍ਰੋ. ਜਸਵੰਤ ਸਿੰਘ ਕੈਲਵੀ* ........ ੨੪
ਦੋ ਗ਼ਜ਼ਲਾਂ *—ਚਰਨ ਸੀਚੇਵਾਲਵੀ* ........ ੨੪
ਸਾਂਵੀਂ ਸੋਚ ਦੇ ਰਾਹੀ ਕਿਵੇਂ ਬਣੀਏ
—ਡਾ. ਸੁਰਿੰਦਰ ਮੰਡ ........ ੨੫
ਰੁਤਾਂ ਦਾ ਲੇਖਾ-ਜੋਖਾ
*—ਸ਼ਿਵਨਾਥ* ........ ੨੭
ਹਰਿਮੰਦਰ ਸਾਹਿਬ 'ਤੇ ਹਮਲਾ ਅਤੇ
ਬਾਬਰੀ ਮਸਜਿਦ ਦਾ ਗਿਰਾਣਾ
*—ਤਰਲੋਚਨ ਸਿੰਘ, ਮੈਂਬਰ ਪਾਰਲੀਮੈਂਟ* ........ ੨੯
ਵਾਹ ਕਵੀ ਜੀ, ਵਾਹ
*—ਬੇਟੀ ਕੁੱਕੂ ਕੁਲਵੰਤ* ........ ੩੦
ਗੁਰਦੁਆਰਾ ਮੁਕਤਸਰ ਸਾਹਿਬ ਦਾ ਇਤਿਹਾਸ ਤੇ
ਸਤਿਗੁਰੂ ਰਾਮ ਸਿੰਘ ਜੀ ਦੀ ਆਮਦ
*—ਸੁਲੱਖਣ ਸਿੰਘ ਭਿੰਡਰ* ........ ੩੧
ਮਾਲੇਰਕੋਟਲਾ ਦੇ ਕੂਕੇ ਸ਼ਹੀਦ
*—ਚੂਹੜ ਸਿੰਘ ਬੱਜੋਂ* ........ ੩੩
ਕਰਤਾਰ ਸਿੰਘ ਪੰਛੀ ਦਾ ਆਤਮ-ਕਥਨ
*—ਕਰਤਾਰ ਸਿੰਘ ਪੰਛੀ* ........ ੩੭
ਖ਼ਬਰਨਾਮਾ ........ ੪੧
ਪ੍ਰਤੀਕਿਰਿਆ ........ ੪੪





Namdhari Elibrary NamdhariElibrary@gmail.com

## ਕਾਮਰੇਡ ਜੋਤੀ ਬਾਸੂ

ਪਛਮੀ ਬੰਗਾਲ ਦੇ ਮੁੱਖ ਮੰਤਰੀ ਕਾਮਰੇਡ ਜੋਤੀ ਬਾਸੂ ੯੫ ਸਾਲ ਦੀ ਉਮਰ ਵਿਚ ੧੭ ਜਨਵਰੀ ੨੦੧੦ ਨੂੰ ਕੋਲਕਾਤਾ ਵਿਚ ਆਪਣੀ ਸਫਲ ਜੀਵਨ ਯਾਤਰਾ ਸੰਪੂਰਨ ਕਰਨ ਗਏ ਹਨ। ਕਮਿਊਨਿਸਟ ਪਾਰਟੀ ਦੇ ਸਿਰਕੱਢ ਨੇਤਾ, ਮਾਰਕਸੀ ਕਮਿਊਨਿਸਟ ਪਾਰਟੀ ਦੀ ਰਹਿਨੁਮਾਈ ਵਿਚ ਬਣੀ ਪਛਮੀ ਬੰਗਾਲ ਦੀ ਸਰਕਾਰ ਵਿਚ ਦਹਾਕਿਆਂ ਬਧੀ ਮੁੱਖ ਮੰਤਰੀ ਵਜੋਂ ਸਥਾਪਤ ਰਹੇ। ਇਕ ਸਮਾਂ ਐਸਾ ਆਇਆ ਜਦੋਂ ਸਾਂਝੇ ਫਰੰਟ ਦੀ ਸਰਕਾਰ ਵੇਲੇ ਕਾਮਰੇਡ ਜੋਤੀ ਬਾਸੂ ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਵਾਸਤੇ ਸਰਬ ਪ੍ਰਵਾਨਿਤ ਨੇਤਾ ਸਨ ਪਰ ਉਸ ਸਮੇਂ ਉਹਨਾਂ ਦੀ ਆਪਣੀ ਪਾਰਟੀ ਦੇ ਫੈਸਲੇ ਅਗੇ ਸਿਰ ਝੁਕਾਇਆ ਭਾਵੇਂ ਇਸ ਗਲ ਨੂੰ ਪਾਰਟੀ ਦੀ ਭਾਰੀ ਭੁਲ ਮੰਨਿਆ ਗਿਆ ਪਰ ਕਾਮਰੇਡ ਬਾਸੂ ਨੇ ਇਹ ਜ਼ਰੂਰੀ ਦਰਸਾ ਦਿੱਤਾ ਕਿ ਪਾਰਟੀ ਅਨੁਸ਼ਾਸਨ ਦਾ ਕੀ ਭਾਵ ਹੁੰਦਾ ਹੈ। ਕਾਮਰੇਡ ਬਾਸੂ ਭਾਵੇਂ ਸੀ.ਪੀ.ਐਮ. ਦੇ ਆਗੂ ਸਨ ਪਰ ਉਹਨਾਂ ਦਾ ਸਤਿਕਾਰ ਸਭ ਪਾਰਟੀਆਂ ਵਿਚ ਹੀ ਸੀ। ਇਸ ਗਲ ਦਾ ਹੀ ਇਹ ਸਬੂਤ ਸੀ ਕਿ ਉਹਨਾਂ ਦੇ ਦੇਹਾਂਤ ਬਾਦ ਦੇਸ਼ ਦੀਆਂ ਕੁਲ ਪਾਰਟੀਆਂ ਦੇ ਸਰਬੋਤਮ ਨੇਤਾ ਏਥੋਂ ਤਕ ਕਿ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹੁਸੀਨਾ ਵੀ ਪੂਰੇ ਵਫ਼ਦ ਨਾਲ ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਪੁੱਜੇ। ਉਹਨਾਂ ਨੇ ਆਪਣਾ ਸਰੀਰ ਹਸਪਤਾਲ ਨੂੰ ਦਾਨ ਕਰ ਦਿੱਤਾ ਸੀ। ੧੯ ਜਨਵਰੀ ਨੂੰ ਉਹਨਾਂ ਦੀ ਅੰਤਿਮ ਯਾਤਰਾ ਬਾਦ ਸਰੀਰ ਦਾ ਸਸਕਾਰ ਨਹੀਂ ਹੋਇਆ ਨਾ ਕਬਰ ਵਿਚ ਦਫਨਾਇਆ ਗਿਆ ਨਾ ਜਲ ਪ੍ਰਵਾਹ ਕੀਤਾ ਗਿਆ ਸਗੋਂ ਹਸਪਤਾਲ ਨੂੰ ਹੀ ਸੌਂਪ ਦਿੱਤਾ ਗਿਆ ਤਾਂ ਕਿ ਡਾਕਟਰੀ ਦੇ ਵਿਦਿਆਰਥੀ ਆਪਣਾ ਖੋਜ ਕਾਰਜ ਕਰ ਸਕਣ। ਉਹਨਾਂ ਦੀਆਂ ਅੱਖਾਂ ਤੇ ਹੋਰ ਅੰਗ ਲੋੜਵੰਦਾਂ ਦੇ ਕੰਮ ਆ ਸਕਣ। ਅਖਬਾਰਾਂ ਨੇ ਟਿਪਣੀਆਂ ਕੀਤੀਆਂ, "ਇਕ ਯੁੱਗ ਦਾ ਅੰਤ" ਅਤੇ "ਰੁਖਸਤ ਹੋ ਗਿਆ ਯੁਗ ਪੁਰਸ਼।" ਸਚਮੁੱਚ ਹੀ ਜੋਤੀ ਬਾਸੂ ਦੇ ਦੇਹਾਂਤ ਨਾਲ ਦੇਸ਼ ਇਕ ਚੋਟੀ ਦੇ ਸੱਚੇ ਸੁੱਚੇ ਸਿਆਸਤਦਾਨ ਤੋਂ ਵਿਰਵਾ ਹੋ ਗਿਆ ਹੈ।

## ਡਾ. ਜੁਗਿੰਦਰ ਸਿੰਘ ਰਾਹੀ

੧੭ ਜਨਵਰੀ ਨੂੰ ਹੀ ਪੰਜਾਬੀ ਬੋਲੀ ਅਤੇ ਸਾਹਿਤ ਦੇ ਮਹਾਨ ਵਿਦਵਾਨ ਲੇਖਕ ਅਤੇ ਅਧਿਆਪਕ ਡਾ. ਜੁਗਿੰਦਰ ਸਿੰਘ ਰਾਹੀ ੭੫ ਸਾਲ ਦਾ ਜੀਵਨ ਹੰਢਾ ਕੇ ਸੰਸਾਰ ਤੋਂ ਰੁਖਸਤ ਹੋ ਗਏ ਹਨ। ਡਾ. ਰਾਹੀ ਆਪਣੀ ਮਿਠੀ ਅਤੇ ਨਰਮ ਜ਼ੁਬਾਨ ਅਤੇ ਬਾ ਦਲੀਲ ਗਲਾਂ ਕਰਕੇ ਸਭ ਨੂੰ ਮੋਹੰਦੇ ਸਨ। ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਅਧਿਆਪਨ ਦੀ ਸੇਵਾ ਕਰਦਿਆਂ ਉਹ ਉਚਤਮ ਅਹੁਦਿਆਂ ਤੇ ਬਿਰਾਜਮਾਨ ਰਹੇ। ਉਹ ਬਹੁਤ ਮਿਲਣਸਾਰ ਵਿਅਕਤੀ ਅਤੇ ਮਨਮੋਹਕ ਸ਼ਖਸੀਅਤ ਸਨ। ਜਲੰਧਰ ਵਿਚ ਹੁੰਦੇ ਵੱਡੇ ਛੋਟੇ ਸਮਾਗਮਾਂ ਵਿਚ ਉਹਨਾਂ ਦੀ ਸ਼ਿਰਕਤ ਵਿਸ਼ੇਸ਼ ਆਕਰਸ਼ਨ ਦਾ ਕਾਰਨ ਹੁੰਦੀ।

## ਸੀ. ਐਲ. ਲੱਕੀ ਨੂੰ ਸਦਮਾ

ਸ਼੍ਰੀ ਸੀ. ਐਲ. ਲੱਕੀ ਜਲੰਧਰ ਦੀ ਇਕ ਹਰਮਨ ਪਿਆਰੀ ਸ਼ਖਸੀਅਤ ਹਨ। ਉਹ ਜਲੰਧਰ ਦੀਆਂ ਅਨੇਕਾਂ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਸੇਵਾ ਕਰਨਾ ਉਹਨਾਂ ਦਾ ਮੁੱਖ ਕਾਰਜ ਹੈ। ਪਿੰਗਲਾ ਘਰ ਸੰਸਥਾ, ਪੰਜਾਬੀ ਲੇਖਕ ਸਭਾ ਜਲੰਧਰ, ਬਾਬਾ ਨਾਮਦੇਵ ਕਸ਼ੱਤਰੀ ਟਾਂਕ ਸਭਾ, ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ 'ਖੁਸ਼ਖਬਰੀ' ਮੈਗਜ਼ੀਨ ਕੁਝ ਕੁ ਸੰਸਥਾਵਾਂ ਹਨ ਜਿਨ੍ਹਾਂ ਨਾਲ ਉਹ ਸੇਵਾ



Namdhari Elibrary NamdhariElibrary@gmail.com

ਕਾਰਜਾਂ ਲਈ ਜੁੜੇ ਆ ਰਹੇ ਹਨ। ਉਹਨਾਂ ਦੀ ਇਸ ਸਰਗਰਮ ਕਾਰਜਸ਼ੀਲਤਾ ਪਿਛੇ ਉਹਨਾਂ ਦੀ ਜੀਵਨ ਸਾਥਨ ਬੀਬੀ ਸੰਤੋਸ਼ ਕੌਰ ਜੀ ਸਦਾ ਉਹਨਾਂ ਨਾਲ ਇਕ ਸ਼ਕਤੀ ਵਾਂਗ ਰਹੇ।

ਬੀਬੀ ਸੰਤੋਸ਼ ਜੀ ਪਿਛਲੇ ਦਿਨੀਂ ਅਚਾਨਕ ਹੀ ਇਸ ਫਾਨੀ ਸੰਸਾਰ ਨੂੰ ਤਿਆਗ ਗਏ। ਲੱਕੀ ਜੀ ਨਾਲ ਅਚਾਨਕ ਵਾਪਰੇ ਇਸ ਦੁਖਾਂਤ ਨੇ ਸਭ ਮਿਤਰ ਮੰਡਲ ਨੂੰ ਸਕਤੇ ਵਿਚ ਪਾ ਦਿੱਤਾ। ਲੱਕੀ ਜੀ ਜਿਹੀ ਸੰਵੇਦਨਸ਼ੀਲ ਸ਼ਖਸੀਅਤ ਨੂੰ ਇਸ ਬੇ ਮੌਕੇ ਸਦਮੇ ਨੂੰ ਬਰਦਾਸ਼ਤ ਕਰਨ ਦੀ ਪ੍ਰਮਾਤਮਾ ਸਮਰਥ ਬਖਸ਼ੇ। ਇਹ ਹੀ ਅਰਦਾਸ ਹੈ।

## ਨਾਮਧਾਰੀ ਵਿਦਿਅਕ ਜਥਾ

ਜਲੰਧਰ ਵਿਚ ਨਾਮਧਾਰੀ ਵਿਦਿਅਕ ਜੱਥੇ ਵਲੋਂ ਇਕ ਗੁਰਮਤ ਸੰਮੇਲਨ ੨੪ ਜਨਵਰੀ ਐਤਵਾਰ ਨੂੰ ਕੀਤਾ ਗਿਆ। ਇਲਾਕੇ ਦੀਆਂ ਬਹੁਤ ਸੰਗਤਾਂ ਭਾਰੀ ਗਿਣਤੀ ਵਿਚ ਪੁੱਜੀਆਂ। ਨੌਜਵਾਨਾਂ ਅਤੇ ਬੱਚਿਆਂ ਨੇ ਬਹੁਤ ਸਾਰੇ ਪ੍ਰੋਗਰਾਮ ਪੇਸ਼ ਕੀਤੇ। ਦੀਵਾਨ-ਕੀਰਤਨ ਲੈਕਚਰ ਅਤੇ ਕਵਿਤਾਵਾਂ ਦਾ ਇਕ ਲੰਮਾ ਸਿਲਸਿਲਾ ਚਲਿਆ। ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵੀ ਮਨਾਇਆ ਗਿਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ੫੦ ਸਾਲਾ ਗੁਰਗੱਦੀ ਸਮਾਗਮ ਵੀ ਸ਼ਾਮਲ ਸੀ। ਲਗਭਗ ੧੨ ਘੰਟੇ ਚਲੇ ਸਮਾਗਮ ਵਾਸਤੇ ਬਹੁਤ ਸ਼ਲਾਘਾਯੋਗ ਤਿਆਰੀ ਕੀਤੀ ਗਈ ਸੀ। ਛੋਟੇ ਛੋਟੇ ਬੱਚਿਆਂ ਅਤੇ ਬੀਬੀਆਂ ਦੀ ਸ਼ਮੂਲੀਅਤ ਆਕਰਸ਼ਕ ਸੀ। ਪ੍ਰੋਗਰਾਮਾਂ ਦਾ ਲੰਬਾ ਸਿਲਸਿਲਾ ਚਲਿਆ। ਨੌਜੁਆਨਾਂ ਵਿਚੋਂ ਸ਼ਾਮ ਸਿੰਘ ਮੁਠੱਡਾ ਦਾ ਹੱਲੇ ਦਾ ਦੀਵਾਨ ਅਤੇ ਜਥੇਦਾਰ ਗੁਰਦੇਵ ਸਿੰਘ ਦਿਲੀ ਦਾ ਦੀਵਾਨ ਇਕ ਪ੍ਰੌੜ ਜਥੇਦਾਰਾਂ ਦੇ ਦੀਵਾਨ ਲਗਦੇ ਸਨ।

ਅਸੀਂ ਸਮਝਦੇ ਹਾਂ ਕਿ ਨਾਮਧਾਰੀ ਸਮਾਜ ਅਤੇ ਇਸ ਦੇ ਨੌਜਵਾਨ ਬਹੁਤ ਸਾਰੇ ਖੇਤਰਾਂ ਵਿਚ ਅੱਗੇ ਹਨ। ਭਾਵੇਂ ਉਹ ਸੰਗੀਤ ਹੋਵੇ ਜਾਂ ਸਪੋਰਟਸ ਅਤੇ ਭਾਵੇਂ ਧਾਰਮਕ ਰ�හੁ ਰੀਤਾਂ ਅਤੇ ਮਰਿਆਦਾ ਸਭ ਵਿਚ ਉਹ ਪੂਰੀ ਤਰ੍ਹਾਂ ਸਰਗਰਮ ਹਨ। ਲੰਗਰ ਵਿਚ ਉਤਸ਼ਾਹ ਅਤੇ ਸੇਵਾ ਵੀ ਪ੍ਰਸਿੱਧ ਹੈ। ਲੰਗਰ ਵਿਚ ਹਿੱਸਾ ਪਾਉਣ ਵਾਲੇ ਵੀ ਉਤਸ਼ਾਹੀ ਹਨ। ਆਪਣੇ ਆਪ ਲੰਗਰ ਸਮਗਰੀ ਦੁੱਧ ਘਿਓ ਆਟਾ ਦਾਲ ਆਦਿ ਇਕੱਠੇ ਹੁੰਦੇ ਹਨ। ਕੜਾਹ ਪ੍ਰਸ਼ਾਦ ਅਤੇ ਖੀਰਾਂ ਬੂੰਦੀਆਂ ਦਾ ਪ੍ਰਬੰਧ ਸੰਗਤਾਂ ਕਰਦੀਆਂ ਹਨ ਪਰ ਇਕ ਪਾਸੇ ਅਸੀਂ ਧਿਆਨ ਦਿਵਾਉਣਾ ਜ਼ਰੂਰੀ ਸਮਝਦੇ ਹਾਂ। ਇਹ ਸਾਰਾ ਕੁਝ ਬਹੁਤ ਉਦਮ ਨਾਲ ਕਰਨ ਤੋਂ ਬਾਅਦ ਲੋਕਾਂ ਤਕ ਇਹ ਗਲ ਪਹੁੰਚਾਣ ਵਿਚ ਉਹ ਰਹਿ ਜਾਂਦੇ ਹਨ। ਭਾਵ ਲਿਖਤੀ ਪਰਚਾਰ ਅਖਬਾਰੀ ਪਬਲਿਸਿਟੀ ਵਿਚ ਪਿਛੇ ਰਹਿ ਜਾਂਦੇ ਹਨ। ਵੱਡੇ ਵੱਡੇ ਸਮਾਗਮਾਂ ਤੋਂ ਬਾਦ ਉਹ ਏਨੇ ਥੱਕ ਜਾਂਦੇ ਹਨ ਕਿ ਅਖਬਾਰਾਂ ਜਾਂ ਹੋਰ ਮੀਡੀਆ ਵਿਚ ਪਰਚਾਰ ਲਈ ਸਮਾਂ ਨਹੀਂ ਬਚਦਾ ਜਾਂ ਸਮਰਥਾ ਨਹੀਂ ਰਹਿੰਦੀ। ਇਸ ਵਾਸਤੇ ਹੋਰ ਤਰਦਦ ਅਤੇ ਅਜਿਹਾ ਇਕ ਵਿੰਗ ਤਿਆਰ ਕਰਨਾ ਜ਼ੂਰੀਰ ਹੈ ਜੋ ਇਹ ਕਾਰਜ ਆਜ਼ਾਦਾਨਾ ਤੌਰ ਤੇ ਕਰਦਾ ਰਹੇ। ਸਰਕਾਰੀ ਤੌਰ ਤੇ ਸਟੇਟ ਲੈਵਲ ਦੇ ਜੋ ਸਮਾਗਮ ਹੁੰਦੇ ਹਨ ਉਥੇ ਵੀ ਸਰਕਾਰੀ ਵਿਭਾਗੀ ਬੰਦੇ ਆਪਣੇ ਵਿਭਾਗ, ਮੰਤਰੀਆਂ ਦੀਆਂ ਖਬਰਾਂ ਅਤੇ ਤਸਵੀਰਾਂ ਛਾਪ ਦਿੰਦੇ ਹਨ। ਜੇ ਨਾਮਧਾਰੀ ਸਮਾਜ ਵਲੋਂ ਆਪਣੇ ਪ੍ਰੈਸ ਨੋਟ ਅਤੇ ਤਸਵੀਰਾਂ ਅਖ਼ਬਾਰਾਂ ਰੇਡੀਓ ਦੂਰਦਰਸ਼ਨ ਨੂੰ ਭੇਜੀਆਂ ਜਾਣ ਤਾਂ ਨਿਸ਼ਚੇ ਹੀ ਇਹਨਾਂ ਦਾ ਜ਼ਿਕਰ ਹੋਵੇ। ਸਰਕਾਰੀ ਏਜੰਸੀਆਂ ਦੀਆਂ ਰਿਪੋਰਟਾਂ ਵਿਚੋਂ ਨਾਮਧਾਰੀ ਸਮਾਜ ਦੀਆਂ ਸਰਗਰਮੀਆਂ ਗਤੀਵਿਧੀਆਂ, ਰਿਪੋਰਟਾਂ ਦਾ ਅਭਾਵ ਹੁੰਦਾ ਹੈ।

## ਸਿਖ ਸਮਾਜ ਵਿਚ ਦੁਬਿਧਾ

ਸਿਖ ਭਾਈਚਾਰੇ ਵਿਚ ਪਰਸਪਰ ਇਲਜ਼ਾਮ ਤਰਾਸ਼ੀ ਕੋਈ ਨਵੀਂ ਗਲ ਤਾਂ ਨਹੀਂ ਅਤੇ ਇਸ ਤੇ ਟਿਪਣੀ



Namdhari Elibrary NamdhariElibrary@gmail.com

ਕਰਨ ਦਾ ਸਾਨੂੰ ਅਧਿਕਾਰ ਵੀ ਨਹੀਂ ਪਰ ਇਸ ਦਾ ਅਸਰ ਸਮੁੱਚੇ ਭਾਈਚਾਰੇ ਤੇ ਪੈਂਦਾ ਹੈ ਇਸ ਵਾਸਤੇ ਗਲ ਕਰਨੀ ਹੀ ਪੈਂਦੀ ਹੈ ਭਾਵੇਂ ਸੰਖੇਪ ਰੂਪ ਵਿਚ ਹੀ। ਕੁਝ ਮਾਨਤਾਵਾਂ ਹਨ ਜੋ ਲੰਬੇ ਸਮੇਂ ਤੋਂ ਚਲ ਰਹੀਆਂ ਹਨ। ਦਸਮ ਗ੍ਰੰਥ ਦੇ ਮਾਮਲੇ ਵਿਚ ਵੀ ਇਹ ਗਲ ਹੈ। ਵਿਸਥਾਰ ਨਾਲ ਤਾਂ ਇਕ ਗਲ ਅਜੇ ਨਹੀਂ ਹੋ ਸਕਦੀ ਪਰ ਇਹ ਹਕੀਕਤ ਹੈ ਸਿੱਖਾਂ ਦੇ ਦੋ ਤਖਤਾਂ ਵਿਚ ਦਸਮ ਗ੍ਰੰਥ ਦਾ ਪ੍ਰਕਾਸ਼ ਵੀ ਹੁੰਦਾ ਹੈ ਅਤੇ ਪਾਠ ਵੀ। ਇਹ ਰਵਾਇਤ ਲੰਮੇਂ ਸਮੇਂ ਤੋਂ ਚਲ ਰਹੀ ਹੈ। ਇਸੇ ਤਰ੍ਹਾਂ 'ਨਾਨਕਸ਼ਾਹੀ' ਕੈਲੰਡਰ ਬਾਰੇ ਗਲ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬਿਕਰਮੀ ਕੈਲੰਡਰ ਅਨੁਸਾਰ ਸ੍ਰੀ ਪਟਨਾ ਸਾਹਿਬ ਤਖਤ ਵਿਚ ਮਨਾਇਆ ਗਿਆ ਅਤੇ ਉਸ ਦ ਸਿੱਧਾ ਪ੍ਰਸਾਰਣ ਦੂਰਦਰਸ਼ਨ ਤੇ ਕੀਤਾ ਗਿਆ। ਜੋ ਵਿਦੇਸ਼ਾਂ ਵਿਚ ਵੀ ਗਿਆ। ਇਸ ਤੋਂ ਬਾਦ ੫ ਜਨਵਰੀ ਨੂੰ ਦੂਜੀ ਧਿਰ ਵਲੋਂ ਮਨਾਇਆ ਗਿਆ। ਸਿੱਖਾਂ ਵਿਚ ਦਸਮ ਗ੍ਰੰਥ ਬਾਰੇ ਜਾਂ ਕਲੰਡਰ ਬਾਰੇ ਕੁਝ ਵੀ ਹੋ ਰਿਹਾ ਹੋਵੇ ਬਾਕੀ ਦੁਨੀਆਂ ਨੂੰ ਸਮਝ ਨਹੀਂ ਪੈਂਦੀ। ਕੀਰਤਨ ਕਰਨ ਅਤੇ ਰੋਕਣ ਦੀਆਂ ਖ਼ਬਰਾਂ ਜ਼ਰੂਰ ਪੜ੍ਹਦੇ ਸੁਣਦੇ ਹਨ। ਲੋਕ ਤਾਂ ਸਮਝਦੇ ਹਨ ਕਿ ਤਖ਼ਤਾਂ ਦੇ ਜਥੇਦਾਰ ਸਿਖਾਂ ਦੀਆਂ ਉਚਤਮ ਸ਼ਖਸੀਅਤਾਂ ਹਨ। ਪਰ ਜੇ ਇਹ ਜਥੇਦਾਰ ਇਕ ਦੂਜੇ ਨੂੰ ਉਸ ਸ਼ਬਦਾਂ ਵਿਚ 'ਗੁੰਡੇ ਸ਼ਬਦ' ਤਕ ਵੀ ਸੰਬੋਧਨ ਕਰਨ ਤਾਂ ਫਿਰ ਕਿਸੇ ਹੋਰ ਦੁਸ਼ਮਣ ਦੀ ਕੀਹ ਲੋੜ ਹੈ ? 'ਸਿੰਘਾਂ' ਦਾ ਮੋਰਚਾ ਤਾਂ ਕਈ ਪਾਸੇ ਵਲ ਹੈ ਅਤੇ ਆਪਣੇ ਵਿਰੁਧ ਵੀ। ਅਸੀਂ ਸਮਝਦੇ ਹਾਂ ਕਿ ਜੇ ਕੋਈ ਗਲ ਜੋੜਨ ਵਾਲੀ ਹੁੰਦੀ ਹੈ ਤਾਂ ਪਰਸੰਸਾ ਯੋਗ ਹੈ ਨਹੀਂ ਤਾਂ ਤੋੜਨ ਵਲ ਤਾਂ ਲੱਗੇ ਹੀ ਹੋਏ ਹਨ।

**ਭਾਰਤ ਪਾਕਿ ਸਬੰਧ**

ਪਾਕਿਸਤਾਨ ਵਿਚ ਨਿਤ ਨਵੇਂ ਹਮਲਿਆਂ ਵਿਚ ਜਾਨ ਮਾਲ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਆਤਮਘਾਤੀ ਦਸਤਿਆਂ ਦੀਆਂ ਸਰਗਰਮੀਆਂ ਆਮ ਗਲ ਹੈ। ਕੁਝ ਸਾਲ ਪਹਿਲਾਂ ਸ੍ਰੀ ਲੰਕਾ ਦੀ ਕ੍ਰਿਕਿਟ ਨੂੰ ਹਮਲੇ ਬਾਦ ਦੌਰਾ ਅਧੂਰਾ ਛੱਡ ਕੇ ਵਾਪਸ ਆਉਣਾ ਪਿਆ ਸੀ। ਇਸ ਕਰਕੇ ਆਮ ਤੌਰ ਤੇਂ ਬਾਹਰਲੇ ਦੇਸ਼ਾ ਦੀਆਂ ਟੀਮਾਂ ਉਥੇ ਜਾਣ ਤੋਂ ਝਿਜਕਦੀਆਂ ਹਨ। ਇਸੇ ਸਮੇਂ ਭਾਰਤ ਵਿਚ ਆਈ.ਪੀ.ਐਲ ਵਲੋਂ ਕ੍ਰਿਕਿਟ ਦੇ ਮੁਕਾਬਲੇ ਹੋਣੇ ਹਨ। ਭਾਰਤੀ ਅਤੇ ਵਿਦੇਸ਼ੀ ਕ੍ਰਿਕਟ ਟੀਮਾਂ ਦੇ ਪਰਮੁਖ ਖਿਡਾਰੀਆਂ ਦੀਆਂ ਵੱਡੀਆਂ ਵੱਡੀਆਂ ਬੋਲੀਆਂ ਲੱਗੀਆਂ ਹਨ ਜੋ ਵੱਖ-ਵੱਖ ਟੀਮਾਂ ਵਿਚ ਆਪਣੀ ਕਲਾ ਦੇ ਜੌਹਰ ਵਿਖਾਉਣਗੇ। ਕਿਸੇ ਵੀ ਕਾਰਨ ਪਾਕਿਸਤਾਨ ਦਾ ਕੋਈ ਵੀ ਖਿਡਾਰੀ ਇਸ ਬੋਲੀ ਵਿਚ ਨਹੀਂ ਚੁਣਿਆ ਗਿਆ। ਕਾਰਨ ਅਪ੍ਰਤੱਖ ਰੂਪ ਵਿਚ ਪਾਕਿਸਤਾਨ ਦੀ ਵਿਸਫੋਟਕ ਹਾਲਤ ਅਤੇ ਹਿੰਦ-ਪਾਕ ਦਾ ਤਨਾਓ ਭਰਿਆ ਮਾਹੌਲ ਹੈ ਜੋ ੨੬/੧੧ ਦੀ ਮੁੰਬਈ ਘਟਨਾ ਬਾਦ ਮੁੜ ਪੈਦਾ ਹੋਇਆ ਹੈ। ਭਾਵੇਂ ਖਿਡਾਰੀਆਂ ਦੀ ਬੋਲੀ ਵਿਚ ਸਰਕਾਰ ਦਾ ਕੋਈ ਲੈਣਾ ਦੇਣਾ ਨਹੀਂ ਪਰ ਪਾਕਿਸਤਾਨ ਵਾਲੇ ਪਾਸਿਓਂ ਇਸ ਬਾਰੇ ਬਹੁਤ ਵਾ ਵੇਲਾ ਹੈ। ਇਸ ਤਰਾਂ, ਭਾਰਤ ਦੀ ਇਕ ਏਜੰਸੀ ਵਲੋਂ ਇਸ਼ਤਿਹਾਰ ਅਖਬਾਰਾਂ ਨੂੰ ਭੇਜਿਆ ਗਿਆ ਜੋ ਛਪਿਆ ਵੀ ਹੈ। ਇਸ ਇਸ਼ਤਿਹਾਰ ਵਿਚ ਇਹ ਦਰਸਾਇਆ ਗਿਆ ਹੈ ਕਿ ਵੱਡੇ-ਵੱਡੇ ਮਨੁਖ ਕਿਵੇਂ ਪੈਦਾ ਹੁੰਦੇ ਜੇ ਉਹਨਾਂ ਦੀਆਂ ਮਾਵਾਂ ਨੂੰ ਜਮਣ ਹੀ ਨਾ ਦਿੱਤਾ ਜਾਂਦਾ। ਇਸ ਵਿਚ ਕ੍ਰਿਕਟਰ ਕਪਲ ਦੇਵ, ਸਹਿਵਾਗ, ਉਸਤਾਦ ਅਮਜਦ ਅਲੀ ਸਮੇਤ ਇਕ ਫੌਜੀ ਜਰਨੈਲ ਦੀ ਤਸਵੀਰ ਹੈ ਜੋ ਕਿਸੇ ਦੀ ਗਲਤੀ ਜਾਂ ਅਣਜਾਣ ਪੁਣੇ ਵਿਚ ਕਿਸੇ ਪਾਕਿਸਤਾਨ ਫੌਜੀ ਮੁਖੀ ਦੀ ਹੈ। ਇਸ ਨਾਲ ਅਖਬਾਰਾਂ ਵਿਚ ਖਾਸਾ ਰੌਲਾ ਪਿਆ ਹੈ।

ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਵਿਚ ਕਾਫੀ ਉਤਾਰ ਚੜ੍ਹਾਆ ਆਉਂਦੇ ਰਹੇ ਹਨ। ਜਦੋਂ ਗਲ ਕੁਝ ਲਾਗੇ ਆਉਂਦੀ ਲਗਦੀ ਹੈ ਤਾਂ ਫੇਰ ਕੋਈ ਐਸਾ ਵਿਘਨ ਆ ਪੈਂਦਾ ਹੈ ਜੋ ਮੁੜ ਤਣਾਓ ਵਧਾ ਜਾਂਦਾ ਹੈ। ਜਦੋਂ ਤਕ ਭਾਰਤ ਪਾਕਿਸਤਾਨ ਦੇ ਸਬੰਧ ਸੁਖਾਵੇਂ ਨਹੀਂ ਹੁੰਦੇ, ਖਿਚੋਤਾਣਾਂ ਬਣੀਆਂ ਹੀ ਰਹਿਣਗੀਆਂ। ਆਮ ਆਦਮੀ ਕੀ ਕਰੇ- ਅਰਦਾਸ ਕਰੇ ਤੇ ਉਡੀਕ ਕਰੇ। *—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਦੜਪ* ਦਾ ਸੂਬਾ—ਸੂਬਾ ਜੋਤਾ ਸਿੰਘ ਢਪਈ

—ਸੁਵਰਨ ਸਿੰਘ ਵਿਰਕ

"ਹਉ ਸਦਕੇ ਤਿਨ੍ਹਾਂ ਗੁਰਸਿਖਾਂ
ਸਤਿਗੁਰਾਂ ਨੋ ਮਿਲਿ ਆਪੁ ਗਵਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ
ਕਰਨਿ ਉਦਾਸੀ ਅੰਦਰ ਮਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ
ਗੁਰਮਤਿ ਗੁਰਚਰਣੀ ਚਿਤ ਲਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ
ਗੁਰਸਿਖ ਦੇ ਗੁਰਸਿਖ ਮਿਲਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ
ਬਾਹਰਿ ਜਾਂਦਾ ਵਰਜ ਰਹਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ
ਆਸਾ ਵਿਚ ਨਿਰਾਸੁ ਵਲਾਇਆ।
ਸਤਿਗੁਰ ਦਾ ਉਪਦੇਸ ਦਿੜਾਇਆ॥੬॥- ਵਾਰ ੧੨"



ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਨ ਪਰਾਪਤ ਹੋਇਆ ਹੈ ਅਤੇ ਉਪਰੋਕਤ ਪਉੜੀ ਵਿਚ ਭਾਈ ਜੀ ਗੁਰਸਿਖਾਂ ਦੀਆਂ ਬਾਰੀਕੀਆਂ ਦੀ ਮਹਿਮਾ ਬਖਾਨ ਕਰਦੇ ਹਨ। ਉਹਨਾਂ ਮੁਤਾਬਿਕ ਗੁਰਮਤਿ ਤੇ ਚੱਲਣਾ ਹੀ ਗੁਰਸਿੱਖੀ ਹੈ। ਭਾਵੇਂ ਇਸ ਪੰਧ ਦੇ ਪਾਂਧਾਊਆਂ ਦੀ ਸੰਖਿਆ ਕੋਈ ਬਹੁਤੀ ਨਹੀਂ ਹੁੰਦੀ। ਗੁਰਸਿਖ, ਮੋਹ, ਮਾਇਆ, ਹਉਮੈ, ਆਦਿ ਦੇ ਜੰਜਾਲ ਕੱਟ ਚੁੱਕਾ ਹੁੰਦਾ ਹੈ। ਉਸ ਦੇ ਜੀਵਨ ਦਾ ਮਕਸਦ, ਗੁਰ ਉਪਦੇਸ ਨੂੰ ਆਪ ਕਮਾਉਣਾ ਅਤੇ ਬਾਕੀ ਸੰਗਤ ਨੂੰ ਇਸ ਦਾ ਪੱਲਾ ਘੁੱਟ ਕੇ ਪਕੜਨ ਲਈ ਤਿਆਰ ਕਰਨਾ ਹੁੰਦਾ ਹੈ। ਉਹਨਾਂ ਦੀ ਆਪਣੀ ਕਰਨੀ ਦਾ ਦੂਜੀ ਸੰਗਤ ਤੇ ਚੰਗਾ ਅਸਰ ਪੈਂਦਾ ਹੈ। ਬਾਕੀ ਸਿੱਖ ਉਸ ਦੇ ਆਗੂ ਰੋਲ ਤੋਂ ਪ੍ਰਭਾਵਿਤ ਹੁੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਨਾਮਧਾਰੀ ਪੰਥ ਦੀ ਅਗੁਆਈ ਲਈ ਥਾਪੇ ਗਏ ਬਾਈ ਸੂਬਿਆਂ ਵਿਚੋਂ, ਸੂਬਾ ਜੋਤਾ ਸਿੰਘ ਜੀ ਢਪਈ ਵੀ, ਅਜੇਹੇ ਉੱਚ-ਦੁਮਾਲੜੇ ਸਿੰਘਾਂ ਵਿਚੋਂ ਸਨ, ਜਿਹਨਾਂ ਦੀਆਂ ਉੱਚੀਆਂ ਸੁੱਚੀਆਂ ਰਹੁਰੀਤਾਂ ਤੋਂ, ਭਾਈਚਾਰਾ ਚੰਗੀ ਸੇਧ ਵੀ ਪਰਾਪਤ ਕਰਦਾ ਸੀ ਅਤੇ ਸਤਿਗੁਰ ਦੇ ਦ੍ਰਿਸ਼ਟਾਏ ਮਾਰਗ ਤੇ ਅਡੋਲਤਾ ਨਾਲ ਅੱਗੇ ਵਧਣ ਦੀ ਹਿੰਮਤ ਵੀ ਜੁਟਾਉਂਦਾ ਸੀ।

ਸੂਬਾ ਜੀ ਨੂੰ, ਸੂਬਾ ਪਦਵੀ ਦੀ ਦਾਤ ਤਾਂ ਬੇਸ਼ਕ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੇ ਪੰਜ ਸੂਬਿਆਂ ਤੇ ਪਾਬੰਦੀ ਲੱਗਣ ਬਾਦ ਬਖਸ਼ੀ ਸੀ, ਜਦੋਂ ਹਜ਼ੂਰ ਨੇ ੧੭ ਹੋਰ ਸੂਬੇ ਥਾਪ ਦਿੱਤੇ ਸਨ, ਪ੍ਰੰਤੂ ਉਹਨਾਂ ਨੂੰ ਨਾਮ ਦੀ ਦਾਤ ਗੁਰੂ ਬਾਲਕ ਸਿੰਘ ਜੀ ਪਾਸੋਂ, ਹਜ਼ਰੋ ਸਾਹਿਬ ਵਿਖੇ ਪਰਾਪਤ ਹੋਈ ਸੀ। ਇਸ ਲਈ ਆਪ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਨਾਤੇ ਗੁਰਭਾਈ ਹੋਣ ਕਾਰਨ ਉਹਨਾਂ ਦੇ ਵਿਸ਼ੇਸ਼ ਸਤਿਕਾਰ ਦੇ ਪਾਤਰ ਵੀ ਬਣਦੇ ਰਹੇ ਸਨ। ਸਤਿਗੁਰੂ ਜੀ ਨੇ ਆਪ ਨੂੰ ੧੮੬੫ ਈ. ਵਿਚ ਸੂਬਾ ਪਦਵੀ ਨਾਲ ਨਿਵਾਜਿਆ ਸੀ। ਇਸ ਤੋਂ ਪਹਿਲਾਂ ਨਾਮਧਾਰੀ ਪੰਥ ਵਿਚ ਆਪ ਤਕਰੀਬਨ ਇਸ ਦੀ ਸਥਾਪਨਾ ਤੋਂ ਤੁਰੰਤ ਬਾਦ ਸ੍ਰੀ ਭੈਣੀ ਸਾਹਿਬ ਪੁੱਜ ਕੇ ਸ਼ਾਮਲ ਹੋ ਚੁੱਕੇ ਸਨ। ਗੁਰੂ ਬਾਲਕ ਸਿੰਘ ਜੀ ਤੋਂ ਨਾਮ ਦੀ ਦਾਤ ਪਰਾਪਤ ਕਰਨ ਬਾਦ, ਉਹਨਾਂ ਦੀ ਹਦਾਇਤ ਮੁਤਾਬਿਕ ਹੀ, ਆਪ ਨੇ ਭੈਣੀ ਸਾਹਿਬ ਪਹੁੰਚ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ, ਦੇਸ਼ ਕੌਮ ਦੇ ਭਲੇ ਹਿਤ ਆਪਣੀਆਂ ਸੇਵਾਵਾਂ ਅਰਪਿਤ ਕਰ ਦਿੱਤੀਆਂ ਸਨ। ਆਪ ਨੂੰ ਲਹਿੰਦੇ ਪੰਜਾਬ ਦੇ ਇਕ ਵਿਸ਼ਾਲ ਭੂਖੰਡ ਵਿਚ ਗੁਰਸਿੱਖੀ ਪਰਚਾਰ ਦਾ ਕਾਰਜ ਸਉਂਪਿਆ ਗਿਆ ਜਿਸਨੂੰ ਆਪ ਨੇ ਬੜੀ ਤਨਦੇਹੀ ਨਾਲ ਨਿਭਾਇਆ। ੧੮੫੮ ਈ. ਵਿਚ, ਸੰਤ ਖਾਲਸਾ ਸਾਜਣਾ ਤੋਂ ਅਗਲੇ ਵਰ੍ਹੇ, ਜਦੋਂ ਸਤਿਗੁਰੂ ਰਾਮ ਸਿੰਘ ਜੀ, ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਜਿਹਨਾਂ ੨੫ ਸਰੀਰਾਂ ਨੂੰ ਨਾਲ ਲਿਆ ਸੀ ਉਹਨਾਂ ਵਿਚ ਬਾਬਾ ਜੋਤਾ ਸਿੰਘ ਜੀ ਵੀ ਸ਼ਾਮਲ ਸਨ। ਪਾਬੰਦੀਆਂ ਨਰਮ ਹੋਣ ਤੋਂ ਬਾਅਦ ੧੮੬੭ ਈ. ਵਿਚ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ, ਸਮੇਂ ਭਾਵੇਂ ਇਕ ਮਾਤਰ ਗ਼ੈਰ ਹਾਜ਼ਰ ਸੂਬਾ ਜੋਤਾ ਸਿੰਘ ਲਿਖਿਆ ਹੈ, ਬੇਸ਼ਕ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼, "ਲਾਲ ਏਹ ਰਤਨੁ-" ਭਾਗ ੩ ਸਫਾ ੨੪੦ ਤੇ ਸੂਬਾ ਜੋਤਾ ਸਿੰਘ ਹੋਰਾਂ ਦਾ ਮਾਝੇ ਅਤੇ ਦੜਪ ਦੀਆਂ ਹਜ਼ਾਰਾਂ ਸੰਗਤਾਂ ਨਾਲ ਅਨੰਦਪੁਰ ਸਾਹਿਬ ਦੇ ੧੮੭੦ ਈ. ਵਾਲੇ ਦੂਜੇ ਹੋਲੇ ਤੇ ਜਾਣ ਦਾ

* ਦੜਪ : ਅਜੋਕੇ ਪਾਕਿਸਤਾਨ ਦੇ ਜ਼ਿਲ੍ਹਾ ਸਿਆਲਕੋਟ, ਨਰੋਵਾਲ, ਤਹਿਸੀਲ ਜ਼ਫਰਵਾਲ ਦੇ ਆਸ ਪਾਸ ਦਾ ਇਲਾਕਾ ਜਿਸ ਵਿਚ ਢਪਈ ਪਿੰਡ ਆਉਂਦਾ ਹੈ।



Namdhari Elibrary NamdhariElibrary@gmail.com

ਜ਼ਿਕਰ ਹੈ। ਪ੍ਰੰਤੂ ਅੰਗਰੇਜ਼ ਅਧਿਕਾਰੀਆਂ ਦੀ ਬਾਈ ਸੂਬਿਆਂ ਵਾਲੀ ਲਿਸਟ ਵਿਚ ਸੀਰੀਅਲ ਨੰ. ੧੨ ਤੇ ਆਪ ਦਾ ਨਾਮ ਦਰਜ ਹੈ।[੧] ੧੮੬੭ ਈ. ਦੀ ਅੰਮ੍ਰਿਤਸਰ ਦੀ ਦੀਵਾਲੀ ਸਮੇਂ ਵੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਜਿਉਂ ਵੱਡੀ ਗਿਣਤੀ ਵਿਚ ਨਾਮਧਾਰੀ ਸੰਗਤਾਂ ਸਤਿਗੁਰੂ ਰਾਮ ਸਿੰਘ ਦੀ ਹਜ਼ੂਰੀ ਵਿਚ ਗੁਰਧਾਮਾਂ ਦੇ ਦਰਸ਼ਨ ਕੀਤੇ ਅਤੇ ਆਪਣੇ ਟਿਕਾਣਿਆਂ ਤੇ ਭਾਰੀ ਦੀਵਾਨ ਸਜਾ ਕੇ ਪੰਥ ਦੇ ਵਾਧੇ ਦੀਆਂ ਯੋਜਨਾਵਾਂ ਉਲੀਕੀਆਂ। ਇਸ ਦੀਪਾਵਲੀ ਪੁਰਬ ਤੇ ਹਾਜ਼ਰ ਹੋਣ ਵਾਲੇ ੨੨ ਕੂਕੇ ਸੂਬਿਆਂ ਦੀ ਲਿਸਟ ਵਿਚ, ਜੋਤਾ ਸਿੰਘ ਹੋਰਾਂ ਦਾ ਨਾਮ ੧੪ ਨੰਬਰ ਤੇ ਦਰਜ ਹੈ। ਉਹਨਾਂ ਦਾ ਪਿਤਾ ਰਤਨ ਸਿੰਘ, ਜਾਤੀ ਕੁਮਹਾਰ, ਪਿੰਡ ਢਪਈ, ਜ਼ਿਲ੍ਹਾ ਸਿਆਲਕੋਟ, ਉਮਰ ੩੫ ਵਰ੍ਹੇ ਅਤੇ ਪਰਚਾਰ ਖੇਤਰ ਵਿਚ, ਸਿਆਲਕੋਟ ਅਤੇ ਲਹੌਰ ਜ਼ਿਲ੍ਹੇ ਲਿਖੇ ਮਿਲਦੇ ਹਨ।[੨] ਪ੍ਰਸਿੱਧ ਨਾਮਧਾਰੀ ਲੇਖਕ ਅਤੇ ਕਵੀ ਸੰਤ ਆਤਮਾ ਸਿੰਘ ਸਨਖਤਰਾ ਦੇ ਮੁਤਾਬਿਕ ਉਹਨਾਂ ਦੀ ਮਾਤਾ ਦਾ ਨਾਮ ਆਸ ਕੌਰ ਅਤੇ ਜਨਮ ਵਰ੍ਹਾ ੧੮੭੯ ਬਿਕ੍ਰਮੀ ਮੁਤਾਬਿਕ ੧੮੨੨ ਈ. ਸੀ।[੩] ਜਦੋਂਕਿ ਸਰਕਾਰੀ ਰੀਕਾਰਡ ਮੁਤਾਬਿਕ ਜਨਮ ਸੰਨ ੧੮੩੨ ਈ. ਬਣਦਾ ਹੈ। ਹੁਸ਼ਿਆਰਪੁਰ ਦੇ ਕਾਰਜਕਾਰੀ ਪੁਲਿਸ ਕਪਤਾਨ ਕੂਨਰ ਦੀ ਕੂਕਾ ਮੁਖੀਆਂ ਵਾਲੀ ੨੨ ਨਵੰਬਰ ੧੮੭੧ ਦੀ ਲਿਸਟ ਵਿਚ, ਜੋਤਾ ਸਿੰਘ ਦਾ ਨਾਮ ੨੨ ਨੰਬਰ ਤੇ ਹੈ ਜਦੋਂ ਕਿ ਸੂਬਾ ਬਰਹਮਾ ਸਿੰਘ ਦਾ ੨੧ ਨੰਬਰ ਤੇ ਅਤੇ ਦੋਹਾਂ ਬਾਰੇ ਲਿਖਿਆ ਹੈ "ਰਹਿਣ ਦਾ ਪੱਕਾ ਟਿਕਾਣਾ ਕੋਈ ਨਹੀਂ। ਤੁਰ ਫਿਰ ਕੇ ਪਰਚਾਰ ਕਰਦੇ ਹਨ।"[੪] ਸੂਬਾ ਬ੍ਰਹਮਾ ਸਿੰਘ ਜੀ ਦੇ ਜੀਵਨ ਵਿਚ ਰਾਜਸੀ ਤੱਤ ਭਾਰੂ ਸੀ ਅਤੇ ਸਤਿਗੁਰਾਂ ਤੋਂ ਵਰੋਸਾਏ ਪਹਿਲੇ ਢਾਈ ਸਿੱਖਾਂ ਵਿਚੋਂ, ਅੱਧੇ, ਬਾਬਾ ਜਮੀਅਤ ਸਿੰਘ ਗਿੱਲ ਦੀ ਸੰਗਤ ਲੰਮੇ ਸਮੇਂ ਤੋਂ ਇਕੋ ਦੜਪ ਖਿੱਤੇ ਦੇ ਹੋਣ ਕਾਰਨ, ਸੂਬਾ ਜੋਤਾ ਸਿੰਘ ਹੋਰਾਂ ਦੇ ਜੀਵਨ ਤੇ ਅਧਿਆਤਮਿਕਤਾ ਦੀ ਗਹਿਰੀ ਛਾਪ ਸੀ।

ਇਸ ਜੋੜੀ ਦੇ ਹੋਰ ਮਹੱਤਵਪੂਰਨ ਕਾਰਨਾਮਿਆਂ ਦਾ ਵੇਰਵਾ ਵੀ ੧੮੬੭ ਈ. ਦੇ ਕੂਕਾ ਕਾਗਜ਼ਾਤ ਵਿਚੋਂ ਮਿਲਦਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਅਜਨਾਲਾ ਦੇ ਪਿੰਡ ਕੱਕੜ ਨੂੰ ਕੂਕਿਆਂ ਦੁਆਰਾ 'ਜ਼ਿਲ੍ਹਾ' ਅਤੇ ਫੱਤੇਵਾਲ ਨੂੰ 'ਥਾਣਾ' ਘੋਸ਼ਿਤ ਕਰਨ ਦਾ ਜ਼ਿਕਰ ਮਿਲਦਾ ਹੈ। ਸਮਾਨੰਤਰ ਸਰਕਾਰ ਵੱਲ ਕਦਮ ਪੁੱਟਿਆ ਜਾ ਰਿਹਾ ਹੈ। ਇਸੇ ਜ਼ਿਲ੍ਹੇ ਵਿਚ ਹਿੰਦੂ ਮੁਸਲਮਾਨਾਂ ਦੀਆਂ ਸਮਾਧਾਂ ਕਬਰਾਂ ਅਤੇ ਮਨਾਉਤਾਂ ਦੀਆਂ ਹੋਰ ਪੁਰਾਣੀਆਂ ਥਾਂਵਾਂ ਨੂੰ, ਨਾਮਧਾਰੀਆਂ ਦੁਆਰਾ ਢਾਏ ਜਾਣ ਦਾ ਵੀ ਉਲੇਖ ਸਰਕਾਰੀ ਰੀਕਾਰਡ ਵਿਚ ਹੈ। ਇਸ ਸਭ ਕਾਸੇ ਨੂੰ ੧੮੬੭ ਈ. ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਪਿੰਡਾਂ ਵਿਚ ਹੋਏ ਕੂਕਾ ਇਕੱਠਾਂ ਨੂੰ ਜਿਹਨਾਂ ਨੂੰ ਸੂਬਾ ਬ੍ਰਹਮਾ ਸਿੰਘ ਅਤੇ ਸੂਬਾ ਜੋਤਾ ਸਿੰਘ ਹੋਰਾਂ ਨੇ ਸੰਬੋਧਿਤ ਕੀਤਾ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਇਸੇ ਲਈ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਵਿਸ਼ੇਸ਼ ਮਨਜ਼ੂਰੀ ਪ੍ਰਾਪਤ ਕੀਤੇ ਬਿਨਾਂ ਅਜੇਹੇ ਇਕੱਠਾ ਤੇ ਰੋਕ ਲਾ ਦਿੱਤੀ ਸੀ।[੫] ਕੱਕੜ ਪਿੰਡ ਦੇ ਕੁਝ ਕੂਕਿਆਂ ਨੇ ਮਕਬਰੇ ਅਤੇ ਹੋਰ ਧਾਰਮਿਕ ਅਸਥਾਨਾਂ ਨੂੰ ਹੀ ਨੁਕਸਾਨ ਨਹੀਂ ਪੁਚਾਇਆ, ਸਗੋਂ ਵਧਾਵਾ ਸਿੰਘ ਅਤੇ ਭੂਪ ਸਿੰਘ ਨਾਮ ਦੇ ਦੋ ਕੂਕਿਆਂ ਨੇ ਆਪਣੇ ਵਡੇਰਿਆਂ ਦੀਆਂ ਸਮਾਧਾਂ ਨੂੰ ਵੀ ਦੋ ਵੇਰ ਢਾਹ ਦਿੱਤਾ। ਜਿਸ ਦਾ ਉਹਨਾਂ ਦੇ ਦੂਜੇ ਕੋੜਮੇ ਨੇ ਬੁਰਾ ਹੀ ਮਨਾਇਆ। ਕੱਕੜ ਪਿੰਡ ਦੇ ਕੂਕਿਆਂ ਦੇ ਖਿਲਾਫ ਇਹ ਸ਼ਕਾਇਤ ਵੀ ਦਰਜ ਹੋਈ ਕਿ ਉਹਨਾਂ ਨੇ ਤਮਾਕੂ ਦੀ ਖਲੋਤੀ ਫਸਲ ਨੂੰ ਵੀ ਨੁਕਸਾਨ ਪਹੁੰਚਾਇਆ ਹੈ।[੬] ਸ਼ਾਇਦ ਕੂਕਿਆਂ ਦੇ ਅਵਚੇਤਨ ਵਿਚ ਬੈਠੀ ਇਹੋ ਘਟਨਾ, ੧੯੩੦ ਈ. ਦੇ ਲਾਗੇ ਚਾਗੇ ਅਕਾਲ ਬੁੰਗਾ, ਸ੍ਰੀ ਭੈਣੀ ਸਾਹਿਬ ਦੇ ਆਸ ਪਾਸ, ਖੇਤਾਂ ਵਿਚ ਬੀਜੀ ਹੋਈ, ਤਮਾਕੂ ਦੀ ਫਸਲ, ਤਦੋਂਕੇ ਡੇਰਾ ਮੁੱਖ ਪ੍ਰਬੰਧਕ, ਜਥੇਦਾਰ ਗੁਰਮੁਖ ਸਿੰਘ ਝੱਬਰ ਦੁਆਰਾ ਨਸ਼ਟ ਕੀਤੀ ਜਾਣੀ, ਇਕ ਕਾਰਨ ਬਣੀ ਹੋਵੇ।

ਪੰਜਾਬ ਸਰਕਾਰ ਦੀਆਂ ੧੮੬੩ ਤੋਂ ੬੬ ਤੱਕ ਦੀਆਂ ੪ ਸਾਲਾਂ ਰੀਪੋਰਟਾਂ ਦਾ ਇਕ ਖਾਕਾ ਇਸਪੈਕਟਰ ਜਨਰਲ ਪੁਲੀਸ, ਪੰਜਾਬ ਨੇ ੧੯ ਜਨਵਰੀ ੧੮੬੭ ਈ. ਨੂੰ ਲਾਹੌਰ ਤੋਂ ਜਾਰੀ ਕੀਤਾ। ਇਸ ਵਿਚ ਦੱਸਿਆ ਗਿਆ ਕਿ ਨੈਤਿਕ ਕਦਰਾਂ ਕੀਮਤਾਂ ਦਾ ਸਖਤੀ ਨਾਲ ਪਾਲਣ ਕਰਨਾ, ਕੂਕਾ ਅਸੂਲਾਂ ਦਾ ਹੋਰਨਾਂ ਤੋਂ ਇਕ ਨਿਖੇੜਵਾਂ ਤੱਤ ਹੈ। ਗੁਜਰਾਂਵਾਲੇ ਦਾ ਪੁਲਿਸ ਕਪਤਾਨ, ਕੈਪਟਨ ਵਾਲ ਲਿਖਦਾ ਹੈ ਕਿ ਕੂਕਾ ਭਾਈਚਾਰੇ ਦੀ ਪਹਿਚਾਨ ਦਾ ਇਕ ਲੁਕਵਾਂ ਚਿੰਨ੍ਹ ਇਹ ਵੀ ਹੈ ਕਿ ਜਦੋਂ ਕੋਈ ਉਹਨਾਂ ਨੂੰ "ਸਤਿ ਸ੍ਰੀ ਅਕਾਲ" ਬੁਲਾਉਂਦਾ ਹੈ ਤਾਂ ਉਹ ਜੁਆਬ ਵਿਚ "ਸਤਿ ਅਕਾਲ ਪੁਰਖ" ਕਹਿ ਸਕਦੇ ਹਨ ਜਾਂ ਨਹੀਂ। ਇਸੇ ਰੀਪੋਰਟ ਵਿਚ ਸੰਗਤ ਦੇ ਨਾਮ ਭੈਣੀ ਸਾਹਿਬ ਤੋਂ ਜਾਰੀ ਰਹਿਤਨਾਮੇ ਦਾ ਅੰਗਰੇਜ਼ ਅਨੁਵਾਦ ਵੀ ਸ਼ਾਮਲ ਹੈ। ਕੂਕੇ ਦੂਜਿਆਂ ਦੇ ਹੱਥਾਂ ਦਾ ਪਕਾਇਆ ਪਰਸ਼ਾਦਾ ਨਹੀਂ ਛੱਕਦੇ। ਫੀਰੋਜ਼ਪੁਰ ਵਿਚ ਬੰਦ ਕੂਕਿਆਂ ਨੇ ਜਿਹਲ ਸਟਾਫ ਦਾ ਬਣਿਆ ਭੋਜਨ ਛਕਣ ਤੋਂ ਨਾਂਹ ਕਰ ਦਿੱਤੀ ਹੈ। ਲੁਧਿਆਣਾ ਜ਼ਿਲ੍ਹੇ ਦੇ ਕੁਝ ਰਵਿਦਾਸੀਏ ਸਿੱਖ ਜਿਹਨਾਂ ਦੇ ਵਡੇਰੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਨਗਾਰਚੀ ਸਨ, ਉਹ ਹੁਣ ਕੂਕਿਆਂ ਵਿਚ ਸ਼ਾਮਲ ਹੋ ਕੇ, ਫਿਰ ਨਗਾਰੇ



Namdhari Elibrary NamdhariElibrary@gmail.com

ਵਜਾਉਣਾ ਚਾਹੁੰਦੇ ਹਨ। ਕਿਉਂਕਿ ਅੰਗਰੇਜ਼ੀ ਸਰਕਾਰ ਨੇ ਤਲਵਾਰ ਤੇ ਪਾਬੰਦੀ ਲਾਈ ਸੀ ਇਸ ਲਈ ਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਕਿ ਉਹਨਾਂ ਦੇ ਸਿੰਘ ਸਫਾਜੰਗ ਰੱਖਣ ਜਿਹੜਾ ਕੁਹਾੜੀ ਨਾਲ ਮਿਲਦਾ ਜੁਲਦਾ ਹਥਿਆਰ ਹੈ। ਕੂਕੇ ਕਿਸੇ ਵੀ ਗੜਬੜ ਲਈ ਤਿਆਰ ਹਨ ਤੇ ਉਹ ਗੁਰੂ ਰਾਮ ਸਿੰਘ ਦੇ ਹੁਕਮ ਦੀ ਉਡੀਕ ਵਿਚ ਹਨ। ਕੈਪਟਨ ਦੂਲੋਚ ਸਿਆਲਕੋਟ ਜ਼ਿਲ੍ਹੇ ਵਿਚ ਗੁਰੂ ਰਾਮ ਸਿੰਘ ਦੁਆਰਾ ੮੦,੦੦੦ ਮਾਲਾ ਵੰਡਣ ਦਾ ਜ਼ਿਕਰ ਕਰਦਾ ਹੈ।[੭] ਇਹਨਾਂ ਰੀਪੋਰਟਾਂ ਤੋਂ ਸੂਬਾ ਜੋਤਾ ਸਿੰਘ ਢਪਈ ਦੇ ਗ੍ਰਹਿ ਜ਼ਿਲ੍ਹੇ ਵਿਚ ਤੇਜ਼ੀ ਨਾਲ ਫੈਲ ਰਹੇ ਨਾਮਧਾਰੀ ਪੰਥ ਦੇ ਪ੍ਰਭਾਵ ਖੇਤਰ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਨਾਮਧਾਰੀ ਲੇਖਕ ਆਤਮਾ ਸਿੰਘ ਸਨਖਤਰਾ ਜੋ ਸਿਆਲਕੋਟ ਜ਼ਿਲ੍ਹੇ ਨਾਲ ਹੀ ਸਬੰਧਿਤ ਸੀ ਅਤੇ ਸੂਬਾ ਜੋਤਾ ਸਿੰਘ ਹੋਰਾਂ ਦੀ ਪੋਤਰੀ ਨਾਲ ਵਿਆਹਿਆ ਸੀ, ਉਸਨੂੰ ਆਪਣੇ ਪਰਿਵਾਰਿਕ ਸਰੋਤਾਂ ਤੋਂ ਸੂਬਾ ਜੀ ਬਾਰੇ ਕਾਫੀ ਜਾਣਕਾਰੀ ਉਪਲਬਧ ਸੀ। ਉਹਨਾਂ ਦੀਆਂ ਲਿਖਤਾਂ ਵਿਚ ਸੂਬਾ ਜੋਤਾ ਸਿੰਘ ਹੋਰਾਂ ਦਾ ਨਾਮਧਾਰੀ ਬਣਨਾ, ਪਹਿਲਾਂ ਗੁਰੂ ਬਾਲਕ ਸਿੰਘ ਜੀ ਤੋਂ ਨਾਮਦਾਨ ਲੈਣਾ ਅਤੇ ਫਿਰ ਸਤਿਗੁਰੂ ਰਾਮ ਸਿੰਘ ਜੀ ਦੇ ਲੜ ਲੱਗਣ ਦਾ ਰੋਚਕ ਵਰਣਨ ਹੈ। ਗੁਰੂ ਬਾਲਕ ਸਿੰਘ ਜੀ, ਇੰਦਰ ਸਿੰਘ ਚੱਕਰਵਰਤੀ ਹੋਰਾਂ ਦੇ ਲਿਖਣ ਮੁਤਾਬਿਕ ਆਪਣੇ ਪਾਸ ਆਉਣ ਵਾਲੇ ਗੁਰਸਿੱਖਾਂ ਨੂੰ ਇਹਨਾਂ ਹੁਕਮਾਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਤਾੜਨਾ ਕਰਦੇ ਸਨ–

"(੧) ਝੂਠ ਨਹੀਂ ਬੋਲਣਾ, (੨) ਚੋਰੀ ਯਾਰੀ ਨਹੀਂ ਕਰਨੀ, (੩) ਧਰਮ ਦੀ ਕਿਰਤ ਕਰਨੀ, (੪) ਵੰਡ ਛਕਣਾ, (੫) ਅੰਮ੍ਰਿਤ ਵੇਲੇ ਸਣੇ ਕੇਸੀ ਇਸ਼ਨਾਨ ਕਰਕੇ ਰਸਨਾ ਹਿਲਾਕੇ ਨਾਮ ਜਪਣਾ। (੬) ਫਿਰ ਜਪੁਜੀ ਸਾਹਿਬ ਆਦਿਕ ਦਿਨ ਚੜ੍ਹੇ ਬਾਣੀਆਂ ਦਾ ਪਾਠ ਕਰਨਾ, (੭) ਇਕ ਦੂਸਰੇ ਸਿੱਖ ਨੂੰ ਮਿਲਣ ਸਮੇਂ ਬੜੇ ਪ੍ਰੇਮ ਨਾਲ ਇਕ ਦੂਜੇ ਦੇ ਚਰਨੀਂ ਹੱਥ ਲਾ ਕੇ ਸਤਿ ਸ੍ਰੀ ਅਕਾਲ ਆਖਣਾ। (੮) ਜਿਸ ਨੇ ਗੁਰਮੰਤਰ ਧਾਰਨ ਨਾ ਕੀਤਾ ਹੋਵੇ, ਉਸਦੇ ਹੱਥ ਜਾਂ ਘਰ ਦਾ ਅੰਨ ਜਲ ਨਹੀਂ ਛਕਣਾ, (੯) ਜਿਹੜਾ ਕੋਈ ਆਦਮੀ ਬਿਨਾਂ ਇਸ਼ਨਾਨ ਕਰਨ ਦੇ ਆਸਾ ਦੀ ਵਾਰ ਦਾ ਕੀਰਤਨ ਕਰੇਗਾ ਜਾਂ ਸੁਣੇਗਾ ਉਸਨੂੰ ਪੁੰਨ ਦੇ ਥਾਂ ਪਾਪ ਲੱਗੇਗਾ ਆਦਿਕ।

.."ਹਜ਼ਰੋ ਵਿਚ ਦਰਸ਼ਨ ਅਭਿਲਾਖੀਆ ਦਾ ਭਾਵੇਂ ਪ੍ਰਵਾਹ ਚੱਲ ਪਿਆ ਪਰ ਗੁਰੂ ਜੀ ਕਿਸੇ ਦੀ ਪੂਜਾ ਗ੍ਰਹਿਣ ਨਾ ਕਰਦੇ, ਸਗੋਂ ਹੁਕਮ ਦਿੰਦੇ ਕਿ ਇਨ੍ਹਾਂ ਪੈਸਿਆਂ ਦੀ ਰਸਦ ਲੈ ਕੇ ਆਪਣਾ ਲੰਗਰ ਆਪ ਬਣਾਉ ਤੇ ਛਕੋ ਛਕਾਉ। ਇਸ ਤਰ੍ਹਾਂ ਕਾਫੀ ਚਿਰ ਇਹ ਸਿਸਟਮ ਚਲਦਾ ਰਿਹਾ, ਪਰ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੂਜੀ ਵਾਰੀ, ਹਜ਼ਰੋ ਸ੍ਰੀ ਗੁਰੂ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਰਸਤੇ ਵਿਚ...ਇਕ ਭਗਵੇ ਸਾਧੂਆਂ ਦਾ ਜਥਾ ਹਜ਼ਰੋ ਤੋਂ ਗੁਰੂ ਜੀ ਦੇ ਦਰਸ਼ਨ ਕਰਕੇ ਵਾਪਸ ਪੰਜਾਬ ਨੂੰ ਆ ਰਿਹਾ... ਮਿਲਿਆ। ਸ੍ਰੀ ਸਤਿਗੁਰੂ (ਰਾਮ ਸਿੰਘ) ਜੀ ਨੇ ਸਾਧਾਂ ਨੂੰ ਜਦ ਆਪਣੀ ਤੇ ਹਜ਼ਰੋ ਦੀ ਸੁਖ ਸਾਂਦ ਪੁੱਛੀ ਤਾਂ ਸਾਧਾਂ ਦੱਸਿਆ ਕਿ ਹੋਰ ਤਾਂ ਸਭ ਕੁਝ ਠੀਕ ਹੈ, ਪਰ ਆਹ ਵੇਖੋ ਸਾਡੇ ਹੱਥਾਂ ਦੀ ਹਾਲਤ।

"ਗੁਰੂ ਜੀ ਦਾ ਹੁਕਮ ਸੀ ਕਿ ਹੱਥਾਂ ਨਾਲ ਕਿਰਤ ਕਰਕੇ, ਰਸਦ ਮੁੱਲ ਲੈ ਕੇ, ਲੰਗਰ ਤਿਆਰ ਕਰ ਕੇ ਛਕੋ। ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਸਾਡੇ ਹੱਥਾਂ ਨੂੰ ਚੰਡੀਆਂ ਪੈ ਗਈਆਂ ਹਨ। ਸ੍ਰੀ ਸਤਿਗੁਰੂ ਜੀ ਨੇ ਸਾਧਾਂ ਨੂੰ ਵਾਪਸ ਹਜ਼ਰੋ ਲਿਜਾਣ ਵਾਸਤੇ ਰਜ਼ਾਮੰਦ ਕਰ ਲਿਆ। ਜਦ ਹਜ਼ਰੋ ਸ੍ਰੀ ਗੁਰੂ ਜੀ ਦੇ ਜਾ ਦਰਸ਼ਨ ਕੀਤੇ ਸਾਧ ਸੰਗਤ ਵੀ ਕਾਫੀ ਸੀ... ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ ਕਿ ਆਪਨੇ ਆਏ ਦਰਸ਼ਨ ਅਭਿਲਾਖੀਆਂ ਵਾਸਤੇ ਹੱਥਾਂ ਨਾਲ ਮਿਹਨਤ ਕਰਕੇ ਉਨ੍ਹਾਂ ਪੈਸਿਆਂ ਨਾਲ ਲੰਗਰ ਬਣਾ ਕੇ ਛਕਣ ਦਾ ਜੋ ਹੁਕਮ ਦੇ ਰੱਖਿਆ ਹੈ, ਜਿਸ ਕਰਕੇ ਇਹ ਸਾਧ ਵੇਖੋ ਜਿਨ੍ਹਾਂ ਦੇ ਹੱਥਾਂ ਨੂੰ ਵਾਣ ਵੱਟਦਿਆਂ, ਰੋੜੀ ਕੁੱਟਦਿਆਂ ਹੱਥਾਂ ਨੂੰ ਚੰਡੀਆਂ ਪਈਆਂ ਹੋਈਆਂ ਹਨ। ਸੱਚੇ ਪਾਤਸ਼ਾਹ ਆਪ ਨੇ ਮੈਨੂੰ ਜੋ ਬਖਸ਼ਿਸ਼ ਕੀਤੀ ਹੈ, ਉਸ ਦੀ ਵਰਤੋਂ ਮੈਂ ਘਰ ਘਰ ਗੁਰੂ ਕਾ ਅਤੁੱਟ ਲੰਗਰ ਲਾ ਕੇ, ਬਿਨਾਂ ਵਿਤਕਰੇ ਵਰਤਾ ਕੇ ਕਰਨਾ ਚਾਹੁੰਦਾ ਹਾਂ?

"ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ... ਬਚਨ ਸੁਣ ਕੇ ਫੁਰਮਾਇਆ, "ਠਾਕੁਰ ਜੀ ਮੈਨੂੰ ਗੁਰੂ ਸਾਹਿਬਾਂ ਦਾ ਏਵੇਂ ਹੀ ਹੁਕਮ ਸੀ, ਜਿਵੇਂ ਮੈਂ ਕਰਦਾ ਰਿਹਾ ਹਾਂ, ਪਰ ਆਪ ਇਸ ਤਖਤ ਉਤੇ ਬੈਠ ਕੇ ਜਿਵੇਂ ਰਜ਼ਾ ਹੋਵੇ ਤਿਵੇਂ ਮਰਯਾਦਾ ਚਲਾ ਲਵੋ। ਆਪ ਜੀ ਨੂੰ ਹੁਣ ਪੂਰਨ ਅਧਿਕਾਰ ਹੈ।" ਬੱਸ ਫਿਰ ਕੀ ਸੀ, ਹਜ਼ਰੋ ਵਿਚ ਸਤਿਗੁਰੂ ਰਾਮ ਸਿੰਘ ਦੇ ਲੰਗਰਾਂ ਦਾ ਘਰ ਘਰ ਵਿਚ ਪ੍ਰਵਾਹ ਚਲ ਪਿਆ। ਸੂਬਾ ਬਾਬਾ ਜੋਤਾ ਸਿੰਘ ਜੀ ਢਪਈ ਵਾਲੇ ਮੇਰੇ ਪੂਜਯ ਪਿਤਾ ਮਹੰਤ ਬੇਲਾ ਸਿੰਘ ਜੀ ਨੂੰ ਦੱਸਿਆ ਕਿ ਮੈਂ ਉਸ ਦੌਰੇ ਸਮੇਂ ਸਤਿਗੁਰੂ ਜੀ ਦੇ ਨਾਲ ਸੀ, ਜਦੋਂ ਹਜਰੋ ਵਿਚ ਜਾ ਕੇ ਲੰਗਰ ਦਾ ਇਹ ਪ੍ਰਵਾਹ ਚਲਾਇਆ ਸੀ।"[੮]

ਇਹੋ ਉਹ ਸਮਾਂ ਸੀ, ਜਦੋਂ ਦਰਸ਼ਨ ਅਭਿਲਾਖੀਆਂ ਦੀ, ਨਿੱਤ ਵਧਦੀ ਸੰਖਿਆ ਤੋਂ ਭੈ ਭੀਤ ਹੋ ਕੇ, ਅੰਗਰੇਜ਼ ਸਰਕਾਰ



Namdhari Elibrary NamdhariElibrary@gmail.com

ਨੇ ਹਜ਼ਰੋ ਸਾਹਿਬ ਨੂੰ, ਪੰਜਾਬ ਵਲੋਂ ਜਾਣ ਵਾਲੇ ਸਾਰੇ ਰਸਤਿਆਂ ਦੀ ਨਾਕੇਬੰਦੀ ਕਰਕੇ, ਪੁਲਿਸ ਦੀਆਂ ਚੌਕੀਆਂ ਬੈਠਾ ਦਿੱਤੀਆਂ ਸਨ। ੬ ਦਿਸੰਬਰ ੧੯੬੨ ਈ. ਵਿਚ ਗੁਰੂ ਬਾਲਕ ਸਿੰਘ ਜੀ ਜੋਤੀ ਜੋਤਿ ਸਮਾ ਗਏ ਸਨ। ਇਸ ਤੋਂ ਪਹਿਲਾਂ ਆਪ ਨੇ ਅੰਤ ਸਮਾਂ ਨੇੜੇ ਆਇਆ ਜਾਣ, ਸਤਿਗੁਰੂ ਰਾਮ ਸਿੰਘ ਜੀ ਨੂੰ ਹਜ਼ਰੋ ਸਾਹਿਬ ਆਉਣ ਦੀ ਬੇਨਤੀ ਲਿਖ ਭੇਜੀ ਸੀ। ਸਤਿਗੁਰੂ ਜੀ ਵਜ਼ੀਰਾਬਾਦ ਦੇ ਪੱਤਣ ਤੋਂ ਬੇੜੀ ਵਿਚ ਝਨਾਂ ਲੰਘ ਰਹੇ ਸਨ ਕਿ ਦੂਜੇ ਪਾਸਿਉਂ ਗੁਰੂ ਬਾਲਕ ਸਿੰਘ ਜੀ ਦੇ ਫੁੱਲਾਂ ਵਾਲੀ ਪੋਟਲੀ ਲੈ ਕੇ, ਹਜ਼ਰੋ ਸਾਹਿਬ ਦੀ ਸੰਗਤ ਬੇੜੀ ਵਿਚ ਆ ਰਹੀ ਸੀ। ਸੋ ਸਤਿਗੁਰੂ ਜੀ ਉਸ ਸੰਗਤ ਦੇ ਨਾਲ ਹੀ ਮੁੜ ਆਏ। 'ਗਿੱਲ' ਜ਼ਿਲ੍ਹਾ ਸਿਆਲਕੋਟ ਵਿਚ ਦੋਹਾਂ ਸੰਗਤਾਂ ਨੇ ਸਾਂਝਾ ਪੜਾਉ ਕੀਤਾ। ਇਥੇ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ, ਹਜ਼ਰੋ ਸਾਹਿਬ ਦੀ ਸੰਗਤ ਨੇ ਬਾਬਾ ਜਮੀਅਤ ਸਿੰਘ ਗਿੱਲ ਦੇ ਹੱਥੀਂ, ਉਹ ਦਸਤਾਰ ਬੰਧਵਾਈ ਤੇ ਕੁਝ ਮਾਇਆ ਭੇਟ ਕੀਤੀ, ਜੋ ਗੁਰੂ ਬਾਲਕ ਸਿੰਘ ਹੁਕਮ ਕਰ ਗਏ ਸਨ। ਗੁਰੂ ਬਾਲਕ ਸਿੰਘ ਜੀ ਦੇ ਫੁੱਲ ਰੱਖਣ ਵਾਲੇ ਸਥਾਨ ਤੇ ਇਕ ਦੇਹੁਰਾ ਤੇ ਦਸਤਾਰਬੰਦੀ ਵਾਲੀ ਜਗ੍ਹਾ ਤੇ ਇਕ ਬਾਰਾਂਦਰੀ ਬਣੀ ਜਿਸ ਕਾਰਨ ਗਿੱਲ ਨਗਰ ਵਿਸ਼ਵ ਵਖਿਆਤ ਹੋ ਗਿਆ ਅਤੇ ਦੜਪ ਦੀਆਂ ਨਾਮਧਾਰੀ ਸੰਗਤਾਂ ਦਾ ੧੯੪੭ ਈ. ਤੱਕ ਪਰਮੁੱਖ ਕੇਂਦਰ ਬਣਿਆ ਰਿਹਾ, ਜਿੱਥੇ ਹਰ ਵਰ੍ਹੇ ਮਾਘੀ ਦਾ ਮੇਲਾ ਵੱਡੀ ਰੌਣਕ ਵਾਲਾ ਹੁੰਦਾ ਸੀ। ਇਸੇ ਅਸਥਾਨ ਤੇ ਸਤਿਗੁਰੂ ਹਰੀ ਸਿੰਘ, ਸਤਿਗੁਰੂ ਪਰਤਾਪ ਸਿੰਘ ਜੀ ਵੀ ਦਰਸ਼ਨ ਦਿਆ ਕਰਦੇ ਸਨ। ਇਸ ਤਰ੍ਹਾਂ ਨਾਮਧਾਰੀ ਸੰਗਤਾਂ ਦੇ ਇਸ ਇਕ ਪਰਮੁੱਖ ਕੇਂਦਰ ਵਾਲੇ ਖਿੱਤੇ ਵਿਚ ਨਿਵਾਸ ਰੱਖਣ ਵਾਲੇ ਸੂਬਾ ਜੋਤਾ ਸਿੰਘ ਜੀ ਨੇ ਆਯੂ ਪ੍ਰਯੰਤ ਦੜਪ ਦੀ ਸਿੱਖੀ ਨੂੰ ਤਾਂ ਹਰਾ ਭਰਾ ਰੱਖਣ ਵਿਚ ਯੋਗਦਾਨ ਪਾਇਆ ਹੀ, ਸਮੇਂ ਸਮੇਂ ਉਹ ਮਾਝੇ ਦੇ ਜ਼ਿਲ੍ਹਿਆਂ ਅਤੇ ਗੁਜਰਾਂਵਾਲਾ ਤੇ ਸਾਂਦਲ ਬਾਰ ਵਿਚ ਵੀ, ਲੰਮੇ ਪਰਚਾਰ ਦੌਰਿਆਂ ਦੁਆਰਾ ਗੁਰੂ ਦੀਆਂ ਸੰਗਤਾਂ ਨੂੰ ਗੁਰਸਿੱਖੀ ਮਾਰਗ ਦੀ ਸੋਝੀ ਵੀ ਕਰਾਉਂਦੇ ਅਤੇ ਅਨੇਕਾਂ ਪਿਆਰਿਆਂ ਨੂੰ ਸਤਿਗੁਰੂ ਦੀ ਸੰਗਤ ਵਿਚ ਸ਼ਾਮਲ ਕਰਕੇ, ਵਿਕਾਰਾਂ ਵਿਚ ਫਾਥੇ ਜੀਵਾਂ ਨੂੰ ਸੁਮਾਰਗ ਦੇ ਪਾਂਧੀ ਵੀ ਬਣਾਉਂਦੇ।

## ਗੁਰੂ ਬਾਲਕ ਸਿੰਘ ਜੀ ਦਾ ਮੇਲ

ਸਤਿਗੁਰੂ ਰਾਮ ਸਿੰਘ ਜੀ ਦੇ, ਸ੍ਰੀ ਭੈਣੀ ਸਾਹਿਬ ਵਿਚ ਆਪ ਦੁਆਰਾ ਪਹਿਲੇ ਦਰਸ਼ਨ ਕਰਨ ਦਾ ਪਰਸੰਗ ਵੀ, ਸਨਖੱਤਰਾ ਜੀ ਦੀ ਖੋਜ ਪੂਰਣ ਕਲਮ, ਕਾਵਿਕ ਸ਼ੈਲੀ ਵਿਚ ਰਸ ਗੁੱਧੀ ਵਾਰਤਕ ਦੁਆਰਾ ਬਿਆਨ ਕਰਦੀ ਹੈ - "ਬਾਲ ਅਵਸਥਾ ਵਿਚ ਹੀ ਆਪ ਬੜੇ ਗੰਭੀਰ ਸੁਭਾ ਦੇ ਸਨ, ਜਿਸਦੀ ਵਜਾਹ ਕਰਕੇ ਘਰ ਬਾਹਰ ਦੇ ਲੋਕ ਇਨ੍ਹਾਂ ਨੂੰ ਪਾਗਲ ਆਖਦੇ ਸਨ। ਇਕ ਦਿਨ ਬਾਬਾ ਜਮੀਅਤ ਸਿੰਘ ਜੀ ਗਿਲਾਂ ਵਾਲੇ ਦਫਈ ਆਏ ਅਰ ਇਨ੍ਹਾਂ ਦੀ ਵੈਰਾਗਮਈ ਦਸ਼ਾ ਵੇਖ ਕੇ, ਏਸੇ ਪਿੰਡ ਦੇ ਇਕ ਸਰੂਪ ਸਿੰਘ ਨਾਮੀ ਸਿੱਖ, ਜੋ ਬਾਬੇ ਜਮੀਤ ਸਿੰਘ ਜੀ ਨਾਲ ਹਜ਼ਰੋ ਜਾ ਕੇ ਭਜਨ ਪੁੱਛ ਚੁੱਕਾ ਹੋਇਆ ਸੀ, ਨੂੰ ਆਖਿਆ ਭਾਈ ਇਸ ਲੜਕੇ ਨੂੰ ਹਜ਼ਰੋ ਸਾਹਿਬ ਤੋਂ ਭਜਨ ਪੁਛਾ ਲਿਆ। ਬਾਬੇ ਜੀ ਦੇ ਹੁਕਮ ਅਨੁਸਾਰ ਉਸ ਸਿੱਖ ਨਾਲ ਜਾ ਕੇ ਆਪ ਨੇ ਹਜਰੋ ਸਾਹਿਬ ਤੋਂ ਗੁਰਮੰਤਰ ਧਾਰਨ ਕੀਤਾ। ਗੁਰਮੰਤਰ ਧਾਰਨ ਕਰ ਕੇ ਆਪ ਸਿੱਪ ਦੇ ਸ੍ਵਾਂਤੀ ਬੂੰਦ ਧਾਰਨ ਕਰ ਕੇ, ਦੋਵੇਂ ਪੜਦੇ ਜੁੜਨ ਵਾਂਗ ਜੁੜ ਗਏ। ਅਰ "ਦ੍ਵੈ ਤੇ ਏਕ ਰੂਪ ਹ੍ਵੈ ਗਇਉ" ਦੇ ਸਰੋਵਰ ਵਿਚ ਟੁੱਬੀਆਂ ਲਾਣ ਲੱਗੇ। ਅੱਗੇ ਕਿਸੇ ਖੋਜ ਵਿਚ ਅਧੀਰਜ ਬਿਹੀ ਸਨ, ਅਰ ਹੁਨ ਕਿਸੇ ਅਮੋਘ ਵਸਤੂ ਦੇ ਪ੍ਰਾਪਤ ਹੋਣ ਤੇ ਮਗਨ ਸਨ। ਮਸਤੀ ਦੀ ਹਾਲਤ ਵਿਚ ਹੀ ਪਿੰਡ ਪਹੁੰਚੇ ਤੇ ਥੋੜਾ ਚਿਰ ਪਿੰਡ ਰਹਿ ਕੇ ਫਿਰ ਭੌਰ ਵਾਂਗ ਗੂੰਜਦੇ ਇਕੱਲੇ ਹੀ ਹਜ਼ਰੋ ਸਾਹਿਬ ਸਤਿਗੁਰਾਂ ਦੇ ਚਰਨਾਂ ਤੇ ਜਾ ਲਿਪਟੇ। ਇਹਨਾਂ ਦੀ ਅਜੇਹੀ ਦ੍ਰਿਸ਼ਟੀ ਵੇਖ ਕੇ ਸਤਿਗੁਰੂ ਬਾਲਕ ਸਿੰਘ ਜੀ ਬੜੇ ਪ੍ਰਸੰਨ ਹੋਏ ਅਰ ਬਚਨ ਕੀਤਾ-"ਸੰਤੋ ਤੁਸੀਂ ਹੁਨ ਸਾਡੇ ਪਾਸ ਏਤਨੀ ਦੂਰੋਂ ਔਣ ਦੀ ਖੇਚਲ ਨ ਕੀਤਾ ਕਰੋ। ਜੇਕਰ ਦਰਸ਼ਨ ਕਰਨਾ ਹੋਵੇ ਤਾਂ ਸ੍ਰੀ ਭੈਣੀ ਸਾਹਿਬ ਜਾ ਕੇ ਠਾਕਰਾਂ ਦੇ ਦਰਸ਼ਨ ਕਰਨੇ। ਮੇਰੇ ਪਾਸ ਉਨ੍ਹਾਂ ਠਾਕਰਾਂ ਦੀ ਅਮਾਨਤ ਸੀ ਜੋ ਉਨ੍ਹਾਂ ਨੂੰ ਸੌਂਪ ਦਿੱਤੀ ਹੈ। ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਦੇਹ ਤੋਂ ਬਦੇਹ ਰੱਖਣ ਵਾਲਾ ਮਸਤੀ ਦਾ ਉਬਾਲਾ ਘਟ ਹੋ ਗਿਆ ਅਰ ਭਰੇ ਹੋਏ ਘਟ (ਘੜਾ) ਸਮਾਨ ਅਡੋਲ ਅਰ ਦਾਨਾ ਸੁਭਾਵ ਹੋ ਗਿਆ ਤੇ ਖੁਸ਼ੀਆਂ ਲੈ ਕੇ ਹਜ਼ਰੋ ਤੋਂ ਵਾਪਸ ਪਿੰਡ ਆ ਗਏ। ਪਰ ਘਰ ਦੇ ਕਾਰਜਾਂ ਤੋਂ ਆਪ ਫਿਰ ਭੀ ਉਪਰਾਮ ਹੀ ਰਹਿੰਦੇ ਤੇ ਅਠੇ ਪਹਿਰ ਭਜਨਾ ਨੰਦ ਵਿਚ ਲੀਨ ਰਹਿੰਦੇ। ਏਸੇ ਤਰ੍ਹਾਂ ਫਿਰ ਕੁਛ ਅਰਸਾ ਗੁਜ਼ਰ ਜਾਨ ਪਰ ਆਪ ਦਾ ਦਿਲ ਸਤਿਗੁਰੂ ਦਰਸ਼ਨ ਨੂੰ ਪਸੀਜਿਆ ਤੇ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਨੂੰ ਤੁਰ ਪਏ। ਪੈਹਲੀ ਵੇਰੀ ਭੈਣੀ ਸਾਹਿਬ ਜਾਣ ਦੀ ਸਾਖੀ ਬਾਬਾ ਜੀ ਆਪਣੀ ਜ਼ਬਾਨੀ ਇਉਂ ਦੱਸਦੇ ਹੁੰਦੇ ਸਨ-

ਕਿ ਜਦ ਮੈਂ ਮੰਜ਼ਲੋ ਮੰਜ਼ਲੀ ਸ੍ਰੀ ਭੈਣੀ ਸਾਹਿਬ ਦੇ ਨਜ਼ਦੀਕ ਗਿਆ ਤਾਂ ਮੇਰੇ ਦਿਲ ਵਿਚ ਫੁਰਨਾ ਹੋਇਆ ਕਿ ਮੈਂ ਅਨਜਾਣ ਅਰ ਨਾਵਾਕਫੀ ਦੇ ਤੌਰ ਪਰ ਜਾ ਰਿਹਾ ਹਾਂ,



Namdhari Elibrary NamdhariElibrary@gmail.com

ਵੇਖੀਏ ਸਤਿਗੁਰਾਂ ਦੇ ਦਰਸ਼ਨ ਕਿਵੇਂ ਹੁੰਦੇ ਹਨ। ਜਾਂ ਮੈਂ ਪਿੰਡ ਦੇ ਪਾਸ ਏਹ ਸੋਚਾਂ ਸੋਚਦਾ ਪਹੁੰਚਾ ਤਾਂ ਅੰਤ੍ਰਜਾਮੀ ਜੀ ਅਪਨੇ ਮੰਦਾਂ ਤੇ ਖਲੋਤੇ ਇਉਂ ਬਚਨ ਕਰ ਰਹੇ ਸਨ-'ਜੱਸਾਂ* ਆਹ ਦੜਪ ਦਾ ਕੁਪੱਤਾ ਆਇਆ ਹਈ, ਏਹ ਮੈਥੋਂ ਭੀ ਦੋ ਹਥ ਕਰਵਾਊਗਾ ਆਦਿ। ਏਹ ਅਗੰਮੀ ਬਚਨ ਮੈਨੂੰ ਕਿਸੇ ਅਣੀਆਲੇ ਤੀਰ ਵਾਂਗ ਲਗੇ ਜਿਨ੍ਹਾਂ ਦੀ ਬੇਹਬਲਤਾ ਨਾਲ ਮੈਨੂੰ ਨਹੀਂ ਪਤਾ ਲੱਗਾ ਕਿ ਕਿਸ ਵੇਲੇ ਮੈਂ ਸਤਿਗੁਰਾਂ ਦੇ ਚਰਨ ਕੋਠੇ ਪਰ ਹੀ ਜਾ ਪਰਸੇ ਹਨ। ਮੈਨੂੰ ਤਦ ਹੋਸ਼ ਆਈ ਜਾਂ ਕਿਸੇ ਹਿਮਾਲੇ ਤੋਂ ਸੀਤਲ ਕਰ ਕਵਲਾਂ ਨਾਲ ਪਾਵਨ ਸਤਿਗੁਰਾਂ ਨੇ ਚੁਕ ਕੇ, ਕੋਟ ਜਨਮਾਂ ਦੀ ਤਪਤ ਨੂੰ ਇਕ ਛਿਨ ਵਿਚ ਮਿਟਾ ਦੇਣ ਵਾਲੇ ਪਾਵਨ ਹਿਰਦੇ ਨਾਲ ਲਾ ਲਿਆ ਤੇ ਬਚਨ ਕੀਤਾ-ਆ ਦੜਪੀਆ ਘੁਲੀਏ। ਮੈਂ ਉਸ ਵਕਤ ਜੋ ਅਪਾਰ ਸੁਖ ਨੂੰ ਮਾਣ ਰਿਹਾ ਸਾਂ। ਅਰਜ ਕੀਤੀ- ਕਰੁਣਾ ਨਿਧਾਨ। - 'ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ।' ਮੈਂ ਤੇਰੇ ਇਸ ਚੋਜ ਨੂੰ ਕਿਵੇਂ ਜਾਣ ਸਕਦਾ ਹਾਂ, ਪਰ ਆਪ ਪਾਸੋਂ ਚਰਨ ਦਬਾਨ ਦੀ ਆਗਿਆ ਹੀ ਮੰਗਦਾ ਹਾਂ। ਮੈਂ ਤਾਂ ਅਜੇ ਅਜੇਹੇ ਬਚਨ ਕਰ ਰਿਹਾ ਸਾਂ ਕਿ ਚੋਜੀ ਪ੍ਰੀਤਮ ਨੇ ਮੈਨੂੰ ਕਮਰ ਤੋਂ ਫੜ ਕੇ ਕੋਠੇ ਤੇ ਹੀ ਪਟਕ ਦਿੱਤਾ। ਹੇਠਾਂ ਡਿਗਦਿਆਂ ਮੇਰੇ ਹੱਥਾਂ ਵਿਚ ਸਤਿਗੁਰਾਂ ਦਾ ਚਰਨ ਆ ਗਿਆ। ਮੈਨੂੰ ਏਧਰ ਓਧਰ ਬਹੁਤ ਘਸੀਟਿਆ ਪਰ ਚਰਨ ਮੈਥੋਂ ਨਾ ਛੁਡਾਇਆ। ਤੇ ਇਕ ਥਾਂ ਖਲੋਤੇ ਬਚਨ ਕੀਤਾ-ਲੈ ਭਈ ਮਹੰਤਾ ਸਿਖੀ ਰਖ ਲਈ। ਪਰ ਕਿਤੇ ਇਹ ਨਾ ਸਮਝਨਾ ਕਿ ਚਰਨ ਤੇਰੇ ਜ਼ੋਰ ਨਾਲ ਤੇਰੇ ਹੱਥਾਂ ਵਿਚ ਰਿਹਾ ਹੈ, ਨਹੀਂ ਛੁਡਾਨ ਵਾਲੇ ਛੁਡਾਇਆ ਹੀ ਨਹੀਂ। ਚੰਗਾ ਹੁਨ ਤੁਸੀਂ ਗੁਰੂ ਘਰ ਦੇ ਪ੍ਰਚਾਰ ਦਾ ਕੰਮ ਤਕੜੇ ਹੋ ਕੇ ਕਰਨਾ। ਗੁਰੂ ਸਦਾ ਤੁਹਾਡੇ ਅੰਗ ਸੰਗ ਹੈ। ਆਦਿ ਕਈ ਵਰ ਦਿੱਤੇ। ਏਸੇ ਤਰ੍ਹਾਂ ਹਰਦ੍ਵਾਰ ਦੇ ਦੌਰੇ ਵਿਚ ਜਦ ਸਤਿਗੁਰਾਂ ਨੇ ਸਲੋਤਰ ਨਾਲ ਸੁਧਾਰ ਕਰਨ ਦਾ ਸਾਂਗ ਕੀਤਾ ਤਾਂ ਕਰੀਬਨ ਸਾਰੇ ਸਿੱਖਾਂ ਨੂੰ ਸਲੋਤਰ ਖੜਕੇ ਪਰ ਮੇਰੇ ਸਰੀਰ ਤੇ ਕ੍ਰਿਪਾ ਹੀ ਰਹੀ।"[੯]

ਨਾਮਬਾਣੀ ਦੇ ਜਾਪ ਕਾਰਨ ਬਿਰਤੀ ਬਹੁਤ ਉਚੀ ਹੋ ਗਈ। ਪੂਰੇ ਸਤਿਗੁਰੂ ਦੇ ਰੰਗ ਵਿਚ ਰੰਗੇ ਜਾ ਚੁੱਕੇ ਸਨ। ਦੜਪ ਦੇ ਇਲਾਕੇ ਵਿਚ ਹੀ ਨਹੀਂ ਸਗੋਂ ਬਿਆਸਾ ਅਤੇ ਝਨਾਂ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਵਿਚ ਬੇਅੰਤ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ। ਜੋ ਵੀ ਆਪ ਤੋਂ ਨਾਮ ਦੀ ਦਾਤ ਪ੍ਰਾਪਤ ਕਰਦਾ ਉਸ ਦੀ ਬਿਰਤੀ ਵੀ ਉਚੇ ਮੰਡਲਾਂ ਵਿਚ ਜੁੜ ਜਾਂਦੀ। ਸਨਖਤ੍ਰਵੀ ਜੀ ਦੇ ਲਿਖਣ ਮੁਤਾਬਿਕ ਸਤਿਗੁਰੂ ਰਾਮ ਸਿੰਘ ਜੀ ਦੇ ਦੜਪ ਦੇ ਇਕ ਦੌਰੇ ਸਮੇਂ ਚਾਲ੍ਹੀ ਨਾਮੇ ਪਿੰਡ ਵਿਚ ਕਿਸੇ ਮਸਤਾਨੇ ਨੇ ਦੀਵਾਨ ਵਿਚ ਬੈਠਿਆਂ ਸਮੇਂ ਬਾਬਾ ਜੀ ਦੇ ਸਿਰ ਤੋਂ ਦਸਤਾਰ ਲਾਹ ਦਿੱਤੀ। ਇਹ ਅਡੋਲ ਆਪਣੇ ਰਸ ਵਿਚ ਮਗਨ ਨੰਗੇ ਕੇਸਾਂ ਨਾਲ ਹੀ ਬੈਠੇ ਰਹੇ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਮਹੰਤ ਜੀ ਦਸਤਾਰ ਸਜਾ ਲਓ। 'ਏਹਨਾਂ ਬਚਨ ਕੀਤਾ ਸੱਚੇ ਪਾਤਸ਼ਾਹ, ਤੇਰੇ ਮਸਤਾਨਿਆਂ ਦੀ ਲਾਹੀ ਹੋਈ ਪੱਗ ਮੈਂ ਆਪਣੇ ਹੱਥਾਂ ਨਾਲ ਕਿਵੇਂ ਬੰਨ੍ਹਾਂ। ਆਪ ਨੂੰ ਅਰ ਓਹਨਾਂ ਨੂੰ ਸ਼ਾਇਦ ਏਸੇ ਤਰ੍ਹਾਂ ਮਨਜ਼ੂਰ ਹੋਵੇਗੀ। ਸਤਿਗੁਰੂ ਅਜੇਹੀ ਨਿਮ੍ਰਤਾ ਵੇਖ ਬੜੇ ਦਿਆਲ ਹੋਏ ਅਰ ਨਵੀਂ ਹੋਰ ਦਸਤਾਰ ਲਿਆ ਕੇ ਆਪਣੀ ਹੱਥੀਂ ਪੰਜ ਪੇਚ ਮਾਰ, ਬਚਨ ਕੀਤਾ, ਲਓ ਹੁਣ ਖੁਸ਼ੀ ਹੋ। ਏਸਤਰ੍ਹਾਂ ਦੇ ਅਨੇਕਾਂ ਚਰਿਤ੍ਰ ਪੁਰਾਣੇ ਬਜ਼ੁਰਗਾਂ ਤੋਂ ਅੱਜ ਵੀ ਸੁਣੇ ਜਾਂਦੇ ਹਨ।[੧੦]

ਸਤਿਗੁਰੂ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਹੋਰ ਵੀ ਵੈਰਾਗੀ ਬ੍ਰਿਤੀ ਹੋ ਗਈ। ਅੱਠੇ ਪਹਿਰ ਵੈਰਾਗ ਕਰਨਾ। ਸਰਬੰਧੀਆਂ ਨੇ ਇਸ ਸੰਕਟ ਦਾ ਸਮਾਧਾਨ ਕਰਨ ਲਈ ਆਪ ਨੂੰ ਗ੍ਰਹਿਸਤ ਜੀਵਨ ਵਿਚ ਪਰਵੇਸ਼ ਕਰਵਾਉਣ ਦਾ ਢੰਗ ਸੋਚਿਆ ਕਿ ਇਸ ਤਰ੍ਹਾਂ ਬਾਲ ਬੱਚੇ ਵਿਚ ਰੁੱਝ ਜਾਣਗੇ। ੨੨ ਭਾਦਰੋਂ ੧੯੩੦ ਬਿਕ੍ਰਮੀ ਨੂੰ ਆਪ ਦਾ ਅਨੰਦ ਹੋਇਆ ਜਦੋਂ ਆਪ ਤਕਰੀਬਨ ਅੱਧੀ ਸਦੀ ਉਮਰ ਲੰਘਾ ਚੁੱਕੇ ਸਨ। ਇਸ ਅਨੰਦ ਵਿਚੋਂ ਇਕ ਪੁੱਤਰ ਜਿਸ ਦਾ ਨਾਮ ਕਰਮ ਸਿੰਘ ਸੀ, ਜਿਸ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਨੇ ਮਹੰਤ ਥਾਪਿਆ ਸੀ, ਅਤੇ ਦੋ ਪੁੱਤਰੀਆਂ ਉਲਾਦ ਵਜੋਂ ਹੋਈਆਂ। ਗ੍ਰਹਿਸਤ ਗੱਡੀ ਨੂੰ ਤੋਰਨ ਲਈ ਬਾਬਾ ਜੀ ਕੁਝ ਵਿਹਾਰ ਕਾਰ ਵੀ ਕਰਨ ਲੱਗੇ ਪਏ। ਭਾਵੇਂ ਆਪਣੀ ਧਾਰਮਿਕ ਕ੍ਰਿਆ ਵਿਚ ਉਹ ਪਹਿਲਾਂ ਜਿਉਂ ਹੀ ਪਰਪੱਕ ਰਹੇ। ਇਹ ਉਹ ਸਮਾਂ ਸੀ ਜਦੋਂ ਬਿਨਾਂ ਸਰਕਾਰੀ ਮਨਜ਼ੂਰੀ ਹਾਸਲ ਕੀਤਿਆਂ ਪੰਜ ਜਾਂ ਇਸ ਤੋਂ ਵਧ ਨਾਮਧਾਰੀ ਇਕ ਜਗ੍ਹਾ ਇਕੱਠੇ ਨਹੀਂ ਸਨ ਹੋ ਸੱਕਦੇ। ਬਾਬਾ ਜੀ ਨੇ ਸੋਚਿਆ ਕਿ ਜੇ ਲੜਕੀਆਂ ਦੇ ਅਨੰਦ ਮਿਥ ਲਈਏ ਅਤੇ ਸਰਕਾਰ ਨੂੰ ਇਸ ਪ੍ਰਥਾਇ ਅਰਜ਼ੀ ਪਾਈਏ ਅਤੇ ਜੇ ਮਨਜ਼ੂਰੀ ਮਿਲ ਜਾਵੇ ਤਾਂ ਇਸ ਬਹਾਨੇ ਸੰਗਤ ਦਰਸ਼ਨ ਦੀ ਚਿਰੋਕਣੀ ਸੱਧਰ ਵੀ ਪੂਰੀ ਹੋ ਜਾਏਗੀ। ਜਦੋਂ ਇਸ ਮਕਸਦ ਲਈ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਨੂੰ ਦਰਖਾਸਤ ਦਿੱਤੀ ਤਾਂ ਉਸ ਕਿਹਾ ਕਿ ਕਿੰਨੇ ਨਾਮਧਾਰੀ ਸਿੱਖ ਆਉਣਗੇ ਅਤੇ ਇਸ ਮੇਲੇ ਵਿਚ ਕੋਈ ਗੜਬੜ (ਭਾਵ ਸਰਕਾਰ ਵਿਰੋਧੀ

---

* ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਜੀ



Namdhari Elibrary NamdhariElibrary@gmail.com

ਪਰਚਾਰ ਹੋਣ) ਨਾ ਹੋਣ ਦੀ ਜ਼ਮਾਨਤ ਕੌਣ ਦੇਵੇਗਾ। ਬਾਬਾ ਜੀ ਨੇ ਦੋ ਟੂੱਕ ਜੁਆਬ ਦਿੱਤਾ ਕਿ ਨਾ ਤਾਂ ਮੈਨੂੰ ਆਉਣ ਵਾਲੇ ਸਿੱਖਾਂ ਦੀ ਗਿਣਤੀ ਦਾ ਪਤਾ ਹੈ ਅਤੇ ਨਾ ਹੀ ਮੈਂ ਕਿਸੇ ਦੀ ਜ਼ਮਾਨਤ ਦੁਆ ਸੱਕਦਾ ਹਾਂ। "ਜੇ ਕਹੋ ਤਾਂ ਕਾਰਜ ਕਰ ਲੈਂਦਾ ਹਾਂ ਜੇ ਨਹੀਂ ਤਾਂ ਆਪ ਦੀ ਮਰਜ਼ੀ।" ਅਜਿਹੇ ਸੱਚੇ ਤੇ ਭੋਲੇ ਬਚਨ ਸੁਣ ਕੇ ਡੀ. ਸੀ. ਨੇ ਅਨੰਦਾਂ ਵਾਸਤੇ ਹੁਕਮ ਦੇ ਦਿੱਤਾ। ਇਹ ਹੁਕਮ ਕੀ ਮਿਲਿਆ ਮਾਨੋ ਬਾਬਾ ਜੀ ਨੂੰ ਨਵਾਂ ਜੀਵਨ ਮਿਲ ਗਿਆ। ਗੁਰੂ ਪਿਆਰਿਆਂ ਦੇ ਸੁਆਗਤ ਦੀਆਂ ਤਿਆਰੀਆਂ ਕਰਨ ਲੱਗ ਪਏ ਅਤੇ ੨੭ ਮਾਘ ੧੯੪੩ ਬਿਕ੍ਰਮੀ (੧੮੮੭ ਈ.) ਦਾ ਦਿਨ ਮਿਥ ਕੇ ਸੰਗਤ ਵਿਚ ਅਰਦਾਸਾਂ ਭੇਜ ਦਿੱਤੀਆਂ।

ਉਧਰ ਕਿਸੇ ਨਾਮਧਾਰੀਆਂ ਦੇ ਦੋਖੀ ਪੁਲਿਸ ਮੁਖਬਰ ਨੇ ਲਾਹੌਰ ਜਾ ਕੇ ਲਾਟ ਪੰਜਾਬ ਦੇ ਕੰਨ ਭਰੇ ਕਿ ਡੀ. ਸੀ. ਸਿਆਲਕੋਟ ਨੇ ਮਨਜ਼ੂਰੀ ਤਾਂ ਦੇ ਦਿੱਤੀ ਹੈ ਪਰ ਉਥੇ ਤਿੰਨ ਲੱਖ ਕੂਕਾ ਜੁੜੇਗਾ ਅਤੇ ਫਿਰ ਪਤਾ ਨਹੀਂ ਕੀ ਕਰਨ। ਲਾਟ ਨੇ ਡੀ. ਸੀ. ਨੂੰ ਪੁੱਛਿਆ। ਉਸਨੇ ਕਿਹਾ ਸ਼ਾਦੀ ਦਾ ਕੰਮ ਹੈ। ਮਨਜ਼ੂਰੀ ਤਾਂ ਵਾਪਸ ਨਹੀਂ ਲਵਾਂਗਾ ਪਰ ਨਿਗਰਾਨੀ ਪੂਰੀ ਰੱਖਾਂਗਾ। ਸਰਕਾਰ ਤੋਂ ਫੌਜ ਪੁਲੀਸ ਭਾਰੀ ਸੰਖਿਆ ਵਿਚ ਮੰਗ ਲਈ ਜੋ ਮਿਥੇ ਦਿਨ ਤੋਂ ੬ ਦਿਨ ਪਹਿਲਾਂ ਢਪਈ ਦੇ ਇਰਦ ਗਿਰਦ ਤੰਬੂ ਲਾ ਕੇ ਬੈਠ ਗਏ। ਆਲੇ ਦੁਆਲੇ ਦੋ ਦੋ ਮੀਲ ਵਿਚ ਪੁਲਿਸ ਦਾ ਘੇਰਾ ਸੀ। ਸੰਗਤਾਂ ਵੀ ਸੰਗਤ ਦਰਸ਼ਨ ਲਈ ਡਾਢੀਆਂ ਵਿਆਕੁਲ ਸਨ। ਉਹ ੨੪ ਮਾਘ ਤੋਂ ਹੀ ਢਪਈ ਪੁਜਣੀਆਂ ਸ਼ੁਰੂ ਹੋ ਗਈਆਂ। ਹੁਣ ਸਰਕਾਰ ਨੇ ਬਾਬਾ ਜੋਤਾ ਸਿੰਘ ਨੂੰ ਇਕ ਪਸਾਰ ਵਿਚ ਬੈਠਾ ਦਿੱਤਾ। ਆਲੇ ਦੁਆਲੇ ਪਹਿਰਾ ਲਾ ਦਿੱਤਾ। ਸੰਗਤਾਂ ਵਿਚੋਂ ਚਾਰ-ਚਾਰ ਸਿੰਘ ਬਾਬਾ ਜੀ ਕੋਲ ਪਸਾਰ ਵਿਚ ਜਾਂਦੇ, ਉਹ ਸਿਰਫ ਫਤੇਹ ਬੁਲਾ ਸੱਕਦੇ ਸਨ। ਬਿਨਾਂ ਕੋਈ ਬਚਨ ਕੀਤਿਆਂ ਉਹਨਾਂ ਨੂੰ ਬਾਹਰ ਕੱਢ ਦਿੰਦੇ। ਲੰਗਰ ਵਿਚ ਲਿਜਾ ਕੇ ਪਰਸ਼ਾਦ ਪਾਣੀ ਛਕਾ ਕੇ ਪੁਲੀਸ ਉਹਨਾਂ ਨੂੰ ਉਸੇ ਸਮੇਂ ਉਹਨਾਂ ਦੇ ਨਗਰਾਂ ਵੱਲ ਤੋਰ ਦਿੰਦੀ। ਇਸ ਵਰਤਾਰੇ ਦੀ ਖਬਰ ਮਿਲਣ ਤੇ ਹੋਰ ਸੰਗਤਾਂ ਆਉਣੋਂ ਰੁਕ ਗਈਆਂ। ਇਸ ਤਰ੍ਹਾਂ ਨਿਗਰਾਨੀ ਵਿਚ ਅਨੰਦ ਹੋਏ ਹੀ ਸਨ ਕਿ ਲਾਟ ਪੰਜਾਬ ਵੀ ਆਪਣੇ ਅਮਲੇ ਫੈਲੇ ਸਮੇਤ ਪੁੱਜ ਗਿਆ। ਉਸਨੇ ਬਾਬਾ ਜੀ ਨੂੰ ਮਿਲਣਾ ਚਾਹਿਆ। ਜਦੋਂ ਪੁਲਿਸ ਦੇ ਪਹਿਰੇ ਹੇਠ ਬਾਬਾ ਜੀ ਉਸ ਦੇ ਟਿਕਾਣੇ ਵੱਲ ਜਾ ਰਹੇ ਸਨ ਤਾਂ ਸਭ ਨੂੰ ਚਿੰਤਾ ਹੋਈ ਕਿ ਕਿਤੇ ਹੁਣ ਬਾਬਾ ਜੀ ਨੂੰ ਵੀ ਸਤਿਗੁਰੂ ਜੀ ਤੇ ਸੂਬਿਆਂ ਜਿਉਂ ਦੇਸ਼ ਬਦਰ ਹੋਣਾ ਪਵੇ। ਆਪ ਨੇ ਪਰਿਵਾਰ ਤੇ ਸਬੰਧੀਆਂ ਨੂੰ ਧੀਰਜ ਬੰਨ੍ਹਾ ਕੇ ਗੁਰੂ ਕੇ ਭਾਣੇ ਵਿਚ ਅਡੋਲ ਰਹਿਣ ਦੀ ਸਿੱਖਿਆ ਦਿੱਤੀ ਅਤੇ ਲਾਟ ਦੇ ਸਾਂਹਵੇਂ ਚੜ੍ਹਦੀ ਕਲਾ ਦੇ ਬਚਨ ਬਿਲਾਸ ਕੀਤੇ। ਉਹ ਆਪ ਦੇ ਦਰਸ਼ਨਾਂ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਮੁਲਾਜ਼ਮਾਂ ਨੂੰ ਢਪਈ ਪਿੰਡ ਦਾ ਘੇਰਾ ਤੁਰੰਤ ਚੁੱਕਣ ਲਈ ਕਹਿ ਕੇ ਮੁਖਬਰਾਂ ਨੂੰ ਮਾੜਾ ਬੋਲਦਾ ਪਰਤ ਗਿਆ ਜਿਹਨਾਂ ਦੀਆਂ ਝੂਠੀਆਂ ਰੀਪੋਰਟਾਂ ਨੇ ਸਾਧ ਦਾ ਮੇਲਾ ਖਰਾਬ ਕੀਤਾ ਸੀ। ਇਸ ਤਰ੍ਹਾਂ ਬਾਬਾ ਜੀ ਦੀਆਂ ਪੁੱਤਰੀਆਂ ਦੇ ਜੋ ਅਜੇ ਨਾਬਾਲਿਗ ਹੀ ਸਨ, ਪੁਲਿਸ ਪਹਿਰੇ ਹੇਠ ਅਨੰਦ ਹੋਣੇ ਨਾਮਧਾਰੀ ਇਤਿਹਾਸ ਦੀ ਇਕ ਵਿਲੱਖਣ ਹਿਰਦੇ ਵੇਧਕ ਘਟਨਾ ਬਣ ਗਈ।

ਨਾਮਧਾਰੀ ਦਰਬਾਰ ਦਾ ਕਿਸੇ ਸਮੇਂ ਰਿਹਾ ਪਰਧਾਨ ਸ. ਦੌਆ ਸਿੰਘ ਕੱਕੜ ਸੂਬਾ ਜੋਤਾ ਸਿੰਘ ਹੋਰਾਂ ਦੇ ਬਚਨ ਨਾਲ ਪੈਦਾ ਹੋਣ ਦਾ ਪਰਸੰਗ ਵੀ ਨਾਮਧਾਰੀ ਸੰਗਤਾਂ ਵਿਚ ਚੱਲਦਾ ਹੈ। ਸਰਦਾਰ ਬੁੱਧ ਸਿੰਘ, ਰਸਾਲਦਾਰ ਮੇਜਰ ਨੇ ਕੱਕੜ (ਅੰਮ੍ਰਿਤਸਰ) ਪਿੰਡ ਵਿਖੇ ਪੁੱਤਰ ਰਤਨ ਦੀ ਪ੍ਰਾਪਤੀ ਲਈ, ਆਪਣੀ ਬੈਠਕ ਵਿਚ ਸਜੇ ਹੋਏ ਸੂਬਾ ਜੀ ਦੇ ਚਰਨ ਆਪਣੇ ਲੰਮੇ ਸਫੈਦ ਦਾਹੜੇ ਨਾਲ ਝਾੜ ਕੇ ਇਹ ਖੁਸ਼ੀਆਂ ਪਰਾਪਤ ਕੀਤੀਆਂ ਸਨ।

ਸਨਖਤ੍ਰਵੀ ਜੀ ਦੀ ਲਿਖਤ ਮੁਤਾਬਿਕ ਭਾਵੇਂ ਆਪ ਨੇ ਕਿਸੇ ਤੋਂ ਸੰਥਾ ਨਹੀਂ ਸੀ ਲਈ ਪ੍ਰੰਤੂ ਸਾਰਾ ਆਦਿ ਸ੍ਰੀ ਗ੍ਰੰਥ ਸਾਹਿਬ ਆਪ ਨੂੰ ਕੰਠਾਗਰ ਸੀ। ਜਦੋਂ ਕਿਤੇ ਪਾਠ ਸੁਣ ਰਹੇ ਹੁੰਦੇ ਤਾਂ ਪਾਠੀ ਸਿੰਘ ਦੀ ਲਗ ਮਾਤਰ ਅੱਖਰ ਦੀ ਗਲਤੀ ਤੁਰੰਤ ਸੋਧ ਦਿੰਦੇ। ਗੁਰੂਘਰ ਦੇ ਬਚਨ ਸਾਖੀਆਂ ਸੁਣਨ ਵਾਲੀ ਸੰਗਤ ਦੀ ਆਪ ਪਾਸ ਭੀੜ ਲੱਗੀ ਰਹਿੰਦੀ ਸੀ। ਸਵਾ ਪਹਿਰ ਰਾਤ ਨਾਲ ਇਸ਼ਨਾਨ ਅਤੇ ਫਿਰ ਨਾਮ ਬਾਣੀ ਜੀਵਨ ਪ੍ਰਯੰਤ ਨਿਭਾਹੀ। ਨਾਮ ਵਿਚ ਰਸਨਾ ਲੀਨ ਹੋ ਕੇ ਇਕ ਟੱਕ ਚੱਲਦੀ ਰਹਿੰਦੀ ਜਿਵੇਂ ਨਿਰੰਤਰ ਪਹਾੜੀ ਚਸ਼ਮੇ ਵਿਚੋਂ ਜਲਧਾਰਾ ਪ੍ਰਸਫੁਟਤ ਹੁੰਦੀ ਰਹਿੰਦੀ ਹੈ। ੫ ਸਾਵਨ ੧੯੧੪ ਈਸਵੀ ਨੂੰ ਆਪਣੇ ਨਗਰ ਢਪਈ ਵਿਖੇ ਹੀ ਗੁਰਪੁਰੀ ਸਿਧਾਰ ਗਏ।[੧੧] ਆਪ ਹਰ ਛੋਟੇ ਵੱਡੇ ਨੂੰ "ਵੀਰਾ" ਕਹਿ ਕੇ ਬੁਲਾਇਆ ਕਰਦੇ ਸਨ। ਚਲਾਣੇ ਤੋਂ ਪਹਿਲਾਂ ਆਪਣੇ ਸਪੁੱਤਰ ਨੂੰ ਜੀਵਨ ਪ੍ਰਯੰਤ ਕੰਮ ਆਉਣ ਵਾਲੀ ਸ਼ੁਭ ਸਿਖਿਆ ਵੀ ਦਿੱਤੀ ਕਿ ਸਤਿਗੁਰੂ ਅਤੇ ਉਸਦੀ ਸੰਗਤ ਨਾਲ ਜੁੜੇ ਰਹਿਣਾ ਹੈ। ਦਸਾਂ ਨਹੁੰਆਂ ਦੀ ਕ੍ਰਿਤ ਕਰਦਿਆਂ ਸੰਜਮੀ, ਸਾਦਾ, ਨੇਕ, ਈਮਾਨਦਾਰ ਜੀਵਨ ਬਤੀਤ ਕਰਨਾ। ਪੁਰਾਣੇ ਕੂਕੇ ਇਉਂ ਹੀ ਆਪਣੀ ਉਲਾਦ ਨੂੰ ਸਤਿਗੁਰੂ ਰਾਮ ਸਿੰਘ ਨੂੰ ਸਦਾ ਚੇਤਿਆਂ ਵਸ ਵਸਾਈ ਰੱਖਣ ਦੀ ਤਾਕੀਦ ਕਰਦੇ ਸਨ ਜਿਵੇਂ 'ਰੱਬ'



Namdhari Elibrary NamdhariElibrary@gmail.com

ਸੂਫੀ ਕਵੀ ਸ਼ਾਹ ਹੁਸੈਨ ਦੀਆਂ ਕਾਫੀਆਂ ਵਿਚ ਵਸਦਾ ਹੈ-

"ਨੀ ਤੈਨੂੰ ਰੱਬ ਨਾ ਭੁੱਲੀਂ, ਦੁਆ ਫਕੀਰਾਂ ਦੀ ਏਹਾ।
ਰੱਬ ਨਾ ਭੁਲੀ ਹੋਰ ਸਭ ਭੁਲੀਂ ਰੱਬ ਨਾ ਭੁੱਲਣ ਜੋਹਾ"

ਇਹ ਸਤਿਗੁਰੂ ਰਾਮ ਸਿੰਘ ਦੇ ਨਾਮ ਦਾ ਇਸ਼ਕ ਹੀ ਤਾਂ ਸੀ ਜਿਸਨੇ ਸੂਬਾ ਜੀ ਨੂੰ ਜੇਠ ਹਾੜ ਦੀਆਂ ਗਰਮੀਆਂ ਅਤੇ ਪੋਹ ਮਾਘ ਦੀਆਂ ਸਰਦੀਆਂ ਵਿਚ ਵੀ ਲੰਮੀਆਂ ਵਾਟਾਂ ਦਾ ਪਾਂਧੀ ਬਣਾਈ ਰੱਖਿਆ ਸੀ। ਜਲਾਵਤਨ ਸੂਬਿਆਂ ਦੇ ਖਿਲਾਫ ਮਿਸਲਾਂ ਦਾ ਪੇਟਾ ਭਰਨ ਲਈ ਜਦੋਂ ਗੁਜਰਾਂਵਾਲੇ ਦਾ ਪੁਲੀਸ ਕਪਤਾਨ ਆਪਣੇ ਇਲਾਕੇ ਦੇ ਸਰਕਾਰੀ ਨਜ਼ਰਾਂ ਵਿਚ ਜ਼ਿੰਮੇਵਾਰ ਲੋਕਾਂ ਦੇ ਬਿਆਨ ਲੈ ਚੁੱਕਾ ਸੀ ਤਾਂ ਉਸਨੇ ੨੯ ਮਾਰਚ ੧੮੭੨ ਨੂੰ ਪੰਜਾਬ ਦੇ ਇਨਸਪੈਕਟਰ ਜਨਰਲ ਪੁਲਿਸ ਨੂੰ ਲਿਖੇ ਲੰਮੇ ਪੱਤਰ ਵਿਚ ਲਿਖਿਆ ਸੀ। ਕਿਉਂਕਿ ਸਰਕਾਰ ਨੇ ੧੦ ਜਲਾਵਤਨ ਸੂਬਿਆਂ ਬਾਰੇ ਹੀ ਜਾਣਕਾਰੀ ਮੰਗੀ ਸੀ।

"ਆਪਣੀ ੧੫ ਜੁਲਾਈ ੧੮੭੧ ਦੀ ਰੀਪੋਰਟ ਵਿਚ ਮੈਂ ਲਿਖਿਆ ਸੀ ਕਿ (ਸੂਬਾ) ਬ੍ਰਹਮਾ ਸਿੰਘ ਹੁਣੇ ਹੁਣੇ ਇਸ ਜ਼ਿਲ੍ਹੇ ਦੇ ਸ਼ੇਖੂਪੁਰਾ ਇਲਾਕਾ ਦੇ ਪਿੰਡ ਵਰਨ ਵਿਚ ਪੁੱਜਾ ਸੀ ਜਿੱਥੇ ਉਹ ਕਈ ਦਿਨਾਂ ਤੱਕ ਰਿਹਾ ਅਤੇ ਕੂਕਾ ਅਸੂਲਾਂ ਦਾ ਆਸ ਪਾਸ ਦੇ ਪਿੰਡਾਂ ਦੇ ਕੂਕੇ ਇਕੱਠੇ ਕਰਕੇ ਪਰਚਾਰ ਕਰਦਾ ਰਿਹਾ।...ਉਹਨੇ ਇਹ ਵੀ ਕਿਹਾ-"ਸਾਡੀਆਂ ਭਵਿੱਖਬਾਣੀਆਂ ਪੂਰੀਆਂ ਹੋਣ ਅਤੇ 'ਖਾਲਸਾ ਰਾਜ' ਦੀ ਪੁਨਰ ਸਥਾਪਨਾ ਦੇ ਦਿਨ ਬਹੁਤ ਹੀ ਨੇੜੇ ਹਨ। ਸਿਦਕਵਾਨ ਰਹੋ ਅਤੇ ਤਿਆਰੀ ਵੱਟੋ।"

"...ਇਹਨਾਂ ਰੀਪੋਰਟਾਂ ਬਾਰੇ ਮੈਂ ਕਰਨਲ ਸਟੇਪਲਜ਼ (ਸਿਆਲਕੋਟ ਦਾ ਪੁਲਿਸ ਮੁਖੀ?) ੧੯ ਜੁਲਾਈ ਨੂੰ ਲਿਖਿਆ ਕਿ ਬ੍ਰਹਮਾ ਸਿੰਘ ਮੇਰੇ ਜ਼ਿਲ੍ਹੇ ਵਿਚ ਬਗਾਵਤੀ ਭਾਸ਼ਾ ਬੋਲਦਾ ਰਿਹਾ ਹੈ ਅਤੇ ਹੁਣ ਇਹ ਸਿਆਲਕੋਟ ਜ਼ਿਲ੍ਹੇ ਵਿਚ ਡਸਕੇ ਦੇ ਨੇੜੇ ਗਲੋਟੀਆਂ ਪਿੰਡ ਵਿਚ ਪੁੱਜ ਗਿਆ ਹੈ, ਸੋ ਮੈਂ ਸੋਚਿਆ ਕਿ ਇਸ ਬਾਰੇ ਕਰਨਲ ਸਟੇਪਲਜ਼ ਨੂੰ ਸੂਚਿਤ ਕਰ ਦਿਆਂ ਅਤੇ ਇਕ ਸੰਗਠਨ ਦੇ ਤੌਰ ਤੇ ਕੂਕਿਆਂ ਦਾ ਮਾਅਨਾ ਹੈ- ਸ਼ਰਾਰਤ (ਏਥੇ ਉੱਚ ਅਧਿਕਾਰੀ ਚਲਾਕੀ ਨਾਲ ਬਗਾਵਤ ਬਦਲੇ ਸ਼ਬਦ ਸ਼ਰਾਰਤ (ਮਿਸਚੀਫ) ਉਪਯੋਗ ਕਰ ਰਿਹਾ ਹੈ) ਇਸੇ ਸਮੇਂ ਮੈਂ ਕਰਨਲ ਸਟੇਪਲਜ਼ ਨੂੰ ਕਿਹਾ ਹੈ ਕਿ ਉਹ ਚੁੱਪ ਚਾਪ (ਸੂਬਾ) ਬ੍ਰਹਮਾ ਸਿੰਘ ਅਤੇ (ਸੂਬਾ) ਜੋਤਾ ਸਿੰਘ ਦੀਆਂ ਹਰਕਤਾਂ ਤੇ ਨਿਗਰਾਨੀ ਰੱਖੇ ਅਤੇ ਜਦੋਂ ਵੀ ਉਹਨਾਂ ਵਿਚੋਂ ਕੋਈ ਇਸ ਦਿਸ਼ਾ (ਭਾਵ ਇਲਾਕਾ ਗੁਜਰਾਂਵਾਲਾ-ਸ਼ੇਖੂਪੁਰਾ) ਵੱਲ ਆਵੇ ਤਾਂ ਮੈਨੂੰ ਤੁਰੰਤ ਸੂਚਿਤ ਕਰੇ।

"੨੬ ਅਗਸਤ ਦੀ ਰੀਪੋਰਟ ਵਿਚ ਇਹੋ ਅਧਿਕਾਰੀ ਲਿਖਦਾ ਹੈ ਕਿ (ਗੁਰੂ) ਰਾਮ ਸਿੰਘ ਅਤੇ ਉਸਦੇ ਸੂਬਿਆਂ ਵਲੋਂ ਨਵੇਂ ਕੂਕੇ ਬਣਾਉਣ ਲਈ ਪੂਰੇ ਤੇਜ਼ ਯਤਨ ਕਰਨ ਦਾ ਆਮ ਵਿਸ਼ਵਾਸ ਮਿਲਦਾ ਹੈ ਕਿ ਧਾਰਮਿਕ ਪੁਨਰ ਜਾਗਰਣ ਕੂਕਿਆਂ ਵਿਚ ਤੇਜ਼ ਹੋ ਰਿਹਾ ਹੈ। ਉਹਨਾਂ ਵਿਚੋਂ ਕਈ ਜਣੇ ਕੂਕਾ ਪਹਿਰਾਵਾ ਉਤਾਰ ਕੇ (ਭੇਸ ਬਦਲ ਕੇ), ਅੰਮ੍ਰਿਤਸਰ ਵੀ ਪੁੱਜ ਗਏ ਹਨ ਤਾਂਕਿ ਉਹ ਕੂਕਾ ਮੁਕਦਮੇ (ਅੰਮ੍ਰਿਤਸਰ ਬੁੱਚੜ ਬੱਧ) ਦਾ ਨਤੀਜਾ ਅੱਖੀਂ ਵੇਖ ਸੱਕਣ।"

"੨ ਸਿਤੰਬਰ ਦੀ ਰੀਪੋਰਟ ਵਿਚ ਮੈਂ ਕੂਕਿਆਂ ਦੇ, ਇਸ ਜ਼ਿਲ੍ਹੇ ਦੇ ਥਾਣਾ ਕਾਮੋਕੇ ਦੀ ਹਦੂਦ ਵਿਚ ਗਦਾਂਵਾਲਾ ਪਿੰਡ ਵਿਖੇ ਹੋਣ ਵਾਲੇ ਇਕੱਠ ਦਾ ਜ਼ਿਕਰ ਕੀਤਾ ਜਿਥੇ (ਸੂਬਾ) ਬ੍ਰਹਮਾ ਸਿੰਘ ਤਾਂ ਹਾਜ਼ਿਰ ਸੀ, (ਦੋਵੇਂ ਸੂਬਾ) ਜੋਤਾ ਸਿੰਘ ਅਤੇ ਜਮੀਅਤ ਸਿੰਘ ਪਹੁੰਚਣ ਵਾਲੇ ਸਨ। ਇਸ ਇਕੱਠ ਦਾ ਮਕਸਦ ਇਕ ਅਨੰਦ ਕਾਰਜ ਕਰਵਾਉਣਾ ਸੀ ਜਿਸ ਤੋਂ ਬਾਅਦ ਸੂਬਿਆਂ ਨੇ ਇਸੇ ਕਾਰਜ ਹਿੱਤ ਚੂਹੜਕਾਣੇ ਪੁੱਜਣਾ ਸੀ। ਇਹ ਨੋਟ ਕੀਤਾ ਗਿਆ ਕਿ ਕੂਕੇ ਬਹੁਤ ਜੋਸ਼-ਉਤਸ਼ਾਹ ਵਿਚ ਅਤੇ ਉਤੇਜਿਤ ਸਨ। ਇਸੇ ਕਾਰਨ ਇਕ ਦੂਤ (ਗੁਰੂ) ਰਾਮ ਸਿੰਘ ਵੱਲ ਭੇਜਿਆ ਗਿਆ ਹੈ ਭੈਣੀ ਸਾਹਿਬ ਨੂੰ ਕਿ ਬ੍ਰਹਮਾ ਸਿੰਘ ਅਤੇ ਜੋਤਾ ਸਿੰਘ ਦਾ ਇਉਂ ਘੁੰਮਣਾ, ਕੂਕਿਆਂ ਦੇ ਦਿਲੋ ਦਿਮਾਗ ਨੂੰ ਚੁਆਤੀਆਂ ਲਾ ਕੇ ਉਹਨਾਂ ਦੀ ਬੁੱਧ ਭ੍ਰਿਸ਼ਟ ਕਰ ਸਕਦਾ ਹੈ। ਮੈਂ ਨਹੀਂ ਸਮਝਦਾ ਕਿ ਬ੍ਰਹਮਾ ਸਿੰਘ ਦੇ ਸਰਕਾਰ ਬਾਰੇ ਕੋਈ ਨੇਕ ਇਰਾਦੇ ਹਨ।

"੧੯ ਸਿਤੰਬਰ ਦੀ ਰੀਪੋਰਟ ਵਿਚ ਵੀ, ਸਿਆਲਕੋਟ ਦੇ ਦੋਹਾਂ ਉਪਰ ਵਰਣਿਤ ਸੂਬਿਆਂ ਅਤੇ ਬ੍ਰਹਮਾ ਸਿੰਘ ਦੇ ਕੂਕਿਆਂ ਨੂੰ ਆਪਣੀਆਂ ਧਾਰਮਿਕ ਰਹੁ ਰੀਤਾਂ ਕਰੜਾਈ ਨਾਲ ਪਾਲਣ ਤੇ ਸਿਦਕ ਭਰੋਸਾ ਕਾਇਮ ਰੱਖਣ ਦੀਆਂ ਹਦਾਇਤਾਂ ਮਿਲਦੀਆਂ ਹਨ। ੨੩ ਸਿਤੰਬਰ ਦੀ ਰੀਪੋਰਟ ਵਿਚ ਸੂਬਾ ਰਾਜਾ ਸਿੰਘ, ਤਰਾਂਡੀ ਜ਼ਿਲ੍ਹਾ ਸਿਆਲਕੋਟ ਤੋਂ ਝੱਬਰ (ਥਾਣਾ ਸ਼ੇਖੂਪੁਰਾ) ਪਿੰਡ ਵਿਖੇ ਪੁੱਜ ਗਿਆ ਹੈ ਜਿਥੋਂ ਉਹ ਗਦਾਂਵਾਲੇ ਵੱਲ ਜਾਏਗਾ। ਇਉਂ ਕੂਕਾ ਸੂਬਿਆਂ ਦੀ (ਸਮੇਤ ਜੋਤਾ ਸਿੰਘ ਦੇ) ਇਸ ਖਿਤੇ ਵਿਚ ਵਧੀ ਕਾਰਵਾਈ ਤੋਂ ਸਰਕਾਰ ਦਾ ਚਿੰਤਤ ਹੋਣਾ ਕੁਦਰਤੀ ਸੀ।

ਇਸੇ ਪੱਤਰ ਦੇ ਪਹਿਰਾ ੯ ਵਿਚ ਦਰਜ ਹੈ ਕਿ "(ਸੂਬਾ) ਜੋਤਾ ਸਿੰਘ ਕਦੇ ਕਦੇ (ਸੂਬਾ) ਬ੍ਰਹਮਾ ਸਿੰਘ ਦੇ ਸਹਾਇਕ ਦੇ ਤੌਰ ਤੇ ਵੀ ਕੰਮ ਕਰਦਾ ਹੈ। ਪ੍ਰੰਤੂ ਜੋਤਾ ਸਿੰਘ ਦੀ ਸੂਬਾ ਪਦਵੀ ਤੇ ਨਿਯੁਕਤੀ ਬ੍ਰਹਮਾ ਸਿੰਘ ਦੀ ਨਿਯੁਕਤੀ ਤੋਂ ਕਿਤੇ ਪਹਿਲਾਂ ਹੋਈ ਹੈ।"[੧੧]

ਬ੍ਰਹਮਾ ਸਿੰਘ ਹੋਰਾਂਵਾਲੀ ਮਿਸਲ ਦੀਆਂ ਹੋਰ ਗਵਾਹੀਆਂ



Namdhari Elibrary NamdhariElibrary@gmail.com

ਹਾਂ ਪੁਲਿਸ ਕਪਤਾਨ ਨੇ ਦਰਜ ਕੀਤੀਆਂ ਵਿਚੋਂ ਦੇਆ ਸਿੰਘ ਪੁੱਤਰ ਦਲ ਸਿੰਘ ਜਾਤੀ ਜੱਟ, ਹੈੱਡ ਲੰਬੜਦਾਰ ਪਿੰਡ ਵਰਨ ਸ਼ੇਖੂਪੁਰਾ, ਦਿਆਲ ਸਿੰਘ ਪੁੱਤਰ ਪਰਧਾਨ ਸਿੰਘ ਜਾਤੀ ਮੱਟੂ ਜੱਟ, ਲੰਬੜਦਾਰ ਭਾਈ ਕੇ ਮੱਟੂ, ਹਵੇਲਾ ਸਿੰਘ ਪੁੱਤਰ ਅਤਰ ਸਿੰਘ ਜਾਤੀ ਢਿੱਲੋਂ ਜੱਟ, ਲੰਬੜਦਾਰ ਪਿੰਡ ਖਾਰਾ, ਆਪੋ ਆਪਣੇ ਪਿੰਡਾਂ ਵਿਚ ਬ੍ਰਹਮਾ ਸਿੰਘ ਦੇ ਨਾਲ ਅਤੇ ਇਕੱਲਿਆਂ ਵੀ ਸੂਬਾ ਜੋਤਾ ਸਿੰਘ ਦੇ ਪਹੁੰਚਣ ਅਤੇ ਕੂਕਾ ਮੱਤ ਦਾ ਪਰਚਾਰ ਕਰਨ ਦੀ ਚਰਚਾ ਕਰਦੇ ਹਨ। ਪਿੰਡ ਕੜਿਆਲ (ਸ਼ੇਖੂਪੁਰਾ) ਦਾ ਨਿਹਾਲ ਸਿੰਘ ਪੁੱਤਰ ਟੇਕ ਸਿੰਘ ਜਾਤ ਵਿਰਕ ਜੱਟ, ਲੰਬੜਦਾਰ ਕੜਿਆਲ, ਬਿਆਨ ਦਿੰਦਾ ਹੋਇਆ ਲਿਖਾਉਂਦਾ ਹੈ ਕਿ ਦੋ ਵਰ੍ਹੇ ਪਹਿਲਾਂ ਗੁਜਰਾਂਵਾਲੇ ਸ਼ਹਿਰ ਵਿਚ (ਪ੍ਰਸਿੱਧ ਸਿੱਖ ਜਰਨੈਲ) ਸ. ਹਰੀ ਸਿੰਘ ਨਲਵੇ ਦੀ ਹਵੇਲੀ ਵਿਚ (ਸੂਬਾ) ਜੋਤਾ ਸਿੰਘ ਨੂੰ ਵੇਖਿਆ ਸੀ, ਜਿਥੇ ਉਹ ਭਾਈ ਲਹਿਣਾ ਸਿੰਘ ਘਰਜਾਖੀਏ ਦੀ ਪੁੱਤਰੀ ਦੇ ਅਨੰਦ ਕਾਰਜ ਦੀ ਰਸਮ ਸਮੇਂ ਪੁੱਜਾ ਸੀ। ਇਹ ਵਿਅਕਤੀ (ਲਹਿਣਾ ਸਿੰਘ) ਸਰਗਵਾਸੀ ਸ. ਹਰੀ ਸਿੰਘ (ਨਲਵੇ) ਦਾ ਜੁਆਈ ਹੈ ਅਤੇ ਇਸ ਨੂੰ ਬੇਪ੍ਰਵਾਹੀ ਨਾਲ ਸਰਦਾਰ ਕਿਹਾ ਜਾਂਦਾ ਹੈ ਕਿਉਂਕਿ ਉਹ ਨਲਵਾ ਪਰਿਵਾਰ ਦਾ ਸਬੰਧੀ ਹੈ (ਉਂਜ ਬਾਬਾ ਲਹਿਣਾ ਸਿੰਘ ਬਸਤਰਾਂ ਦੇ ਤੌਰ ਤੇ ਇਕ ਲੰਗੋਟੀ ਅਤੇ ਚਾਦਰ ਧਾਰਨ ਕਰਕੇ, ਫਕੀਰੀ ਵੇਸ ਰੱਖਦੇ ਸਨ...ਸ.ਸ. ਵਿਰਕ) ਤੇ ਲਹਿਣਾ ਸਿੰਘ ਨੂੰ ਭਾਈ ਇਸ ਲਈ ਕਹਿੰਦੇ ਸਨ ਕਿਉਂ ਜੁ ਇਹ (ਇਸੇ ਸ਼ਹਿਰ ਸਥਿਤ) ਧਰਮਸਾਲਾ ਠਠਿਆਰਾਂ ਵਿਚ ਜਾਇਆ ਕਰਦਾ ਸੀ। ਲਹਿਣਾ ਸਿੰਘ ਦੇ ਨਾਲ ਹੀ ਉਹ (ਜੋਤਾ ਸਿੰਘ) ਇਸ ਹਵੇਲੀ ਵਿਚ ਠਹਿਰਿਆ ਸੀ।

ਪਿੰਡ ਕਾਲੋਕੇ (ਜਿੱਥੋਂ ਦਾ ਪ੍ਰਸਿੱਧ ਸਿੱਖ ਜਰਨੈਲ ਅਤੇ ਦਸਮ ਪਾਤਸ਼ਾਹ ਤੋਂ ਬਾਅਦ ਖਾਲਸੇ ਦਾ ਜਥੇਦਾਰ ਨਵਾਬ ਕਪੂਰ ਸਿੰਘ ਹੋਇਆ ਹੈ... ਸ.ਸ. ਵਿਰਕ) ਦਾ ਤਿਲੋਕ ਸਿੰਘ ਪੁੱਤਰ ਅਤਰ ਸਿੰਘ ਜਾਤੀ ਵਿਰਕ ਜੱਟ, ਜੋ ਜ਼ੈਲਦਾਰ ਹੈ, ਕਹਿੰਦਾ ਹੈ ਕਿ ਉਸਦੇ ਪਿੰਡ ਤੋਂ ਦੋ ਕੋਹਾਂ ਤੇ ਵੱਸੇ ਪਿੰਡ ਵਰਨ ਵਿਚ ਸੂਬਾ ਬ੍ਰਹਮਾ ਸਿੰਘ ਆਇਆ ਕਰਦਾ ਸੀ ਤੇ ਲੋਕਾਂ ਨੂੰ ਕਹਿੰਦਾ ਸੀ ਕਿਉਂਕਿ ਗੁਰੂ ਖਾਲਸੇ ਦਾ ਰਾਜ ਬੱਸ ਕਾਇਮ ਹੋਣ ਹੀ ਵਾਲਾ ਹੈ, ਇਸ ਲਈ ਜਿਹੜੇ ਕੂਕੇ ਨਹੀਂ ਬਣਨਗੇ, ਉਹਨਾਂ ਨੂੰ ਬਾਅਦ ਵਿਚ ਅਫਸੋਸ ਹੋਏਗਾ। ਜਦੋਂ ਵੀ ਉਹ ਆਉਂਦਾ ੫-੬ ਜਣੇ ਕੂਕੇ ਬਣ ਜਾਂਦੇ ਅਤੇ ਜੋਤਾ ਸਿੰਘ ਵੀ ਉਸਦੇ ਨਾਲ ਹੀ ਆਉਂਦਾ।

ਮੱਟੂ ਪਿੰਡ ਦੇ ਜਾਤੀ ਦੇ ਜ਼ਰਗਰ, ਮਨਸਾ ਸਿੰਘ ਕੂਕਾ ਪੁੱਤਰ ਦੀਵਾਨ ਸਿੰਘ ਦਾ ਬਿਆਨ ਜੋ ਗੁਜਰਾਂਵਾਲਾ ਵਾਲੀ ਲਿਸਟ ਦੀਆਂ ਗਵਾਹੀਆਂ ਵਿਚ ੧੯ ਨੰਬਰ ਤੇ ਦਰਜ ਹੈ, ਬਹੁਤ ਮਹੱਤਵਪੂਰਨ ਹੈ, ਕਿਉਂ ਜੁ ਇਹ ਸੂਬਾ ਜੋਤਾ ਸਿੰਘ ਹੋਰਾਂ ਦੇ ਟਿਕਾਣਿਆਂ ਅਤੇ ਮੇਜ਼ਬਾਨਾਂ ਤੇ ਭਰਪੂਰ ਰੋਸ਼ਨੀ ਪਾਉਂਦਾ ਹੈ। ਉਹ ਦੱਸਦਾ ਹੈ ਕਿ ੬ ਸਾਲ ਪਹਿਲਾਂ (ਭਾਵ ੧੮੬੬ ਈ. ਵਿਚ) ਸੈਂਸਰਾ ਪਿੰਡ ਵਿਚ ਜੋ ਗੁਜਰਾਂਵਾਲੇ ਦੇ ਲਾਗੇ ਹੀ ਹੈ, ਸੂਬਾ ਜੋਤਾ ਸਿੰਘ ਨੇ ਉਹਨੂੰ ਕੂਕਾ ਬਣਾਇਆ। ਉਸ ਤੋਂ ਬਾਅਦ ਉਹ ਲਗਾਤਾਰ ਢਾਈ ਵਰ੍ਹੇ ਉਹਨਾਂ ਦਾ ਨਿਜੀ ਸੇਵਕ ਰਿਹਾ। ਜੋਤਾ ਸਿੰਘ ਜਾਤੀ ਦਾ ਕੁਮਹਾਰ ਅਤੇ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਢਪਈ ਦਾ ਨਿਵਾਸੀ ਹੈ। ਜ਼ਿਆਦਾ ਤਰ ਉਹ ਸਿਆਲਕੋਟ ਵਿਚ ਹੀ ਰਹਿੰਦਾ ਹੈ, ਪ੍ਰੰਤੂ ਇਸ ਜ਼ਿਲ੍ਹੇ ਦਾ ਦੌਰਾ ਵੀ ਕਰਦਾ ਹੈ। ਉਹ ਅਨੰਦ ਕਾਰਜਾਂ ਤੇ ਆਉਂਦਾ ਹੈ ਅਤੇ ਲੋਕਾਂ ਨੂੰ ਕੂਕੇ ਬਨਣ ਲਈ ਪਰੇਰਦਾ ਹੈ। ਉਹ ਪੰਥ ਦੀ ਗਿਣਤੀ ਵਧਾਉਣ ਤੇ ਤੁੱਲਿਆ ਹੋਇਆ ਸੀ। ਇਸ ਤੋਂ ਬਾਦ ੧ ੧/੨ ਸਾਲ ਮੈਂ ਸੂਬਾ ਬ੍ਰਹਮਾ ਸਿੰਘ ਦਾ ਖਿਦਮਤਗਾਰ ਰਿਹਾ ਹਾਂ।... ਜੋਤਾ ਸਿੰਘ ਅਤੇ ਬ੍ਰਹਮਾ ਸਿੰਘ, ਜਦੋਂ ਗੁਜਰਾਂਵਾਲਾ ਜ਼ਿਲ੍ਹੇ ਦੇ ਦੌਰੇ ਤੇ ਆਉਂਦੇ ਤਾਂ ਉਹ ਹੇਠ ਲਿਖੇ ਵਿਅਕਤੀਆਂ ਪਾਸ ਰੁਕਦੇ ਸਨ-

੧. ਮੱਟੂ ਵਿਖੇ ਮੇਰੇ ਅਤੇ ਸ਼ਰਮ ਸਿੰਘ ਪਾਸ
੨. ਓਗੰਦ-ਮੇਜ਼ਬਾਨ ਦਾ ਨਾ ਭੁੱਲ ਗਿਆ
੩. ਖਾਰਾ-ਗੰਡਾ ਸਿੰਘ ਜ਼ਿਮੀਦਾਰ ਪਾਸ
੪. ਗਦਾਂਵਾਲਾ-ਜੀਵਨ ਸਿੰਘ ਮੱਲੀ ਜੱਟ
੫. ਈਸਰਕੇ-ਜੱਟ ਜ਼ਿਮੀਦਾਰਾਂ ਦੇ ਘਰਾਂ ਵਿਚ
੬. ਮੁਦਾਰ-ਸਾਵਨ ਸਿੰਘ ਪਾਸ
੭. ਚੂਹੜਕਾਣਾ- ਅਮਰੀਕ ਸਿੰਘ, ਵਿਰਕ ਜੱਟ ਕੋਲ
੮. ਬੱਬਰ-ਗੁਲਾਬ ਸਿੰਘ ਤਰਖਾਣ ਪਾਸ
੯. ਡੱਬਰ- ਗੰਡਾ ਸਿੰਘ ਪਾਸ
੧੦. ਚੱਕ ਹਿੰਦੂ-ਅਤਰ ਸਿੰਘ ਲੰਬੜਦਾਰ ਕੋਲ (ਪ੍ਰਸਿੱਧ ਨਾਮਧਾਰੀ ਸਾਹਿਤਕਾਰ/ਇਤਿਹਾਸਕਾਰ ਸੰਤ ਤਰਨ ਸਿੰਘ ਵਹਿਮੀ ਦੇ ਪੜਦਾਦਾ ਜੀ... ਸ. ਸ. ਵਿਰਕ)
੧੧. ਸੈਂਸਰਾ-ਸ਼ੇਰ ਸਿੰਘ ਅਰੋੜੇ ਕੋਲ
੧੨. ਬੈਂਕਾ ਚੀਮਾ-ਨਾ ਯਾਦ ਨਹੀਂ ਆ ਰਿਹਾ
੧੩. ਸਹਾਰਨ ਚੱਠਾ-ਅਤਰ ਸਿੰਘ ਅਤੇ ਗੁਲਾਬ ਸਿੰਘ ਦੋਹਾਂ ਲੰਬੜਦਾਰਾਂ ਪਾਸ
੧੪. ਧੂਮੇ ਸਰਾਇ-ਸੁੱਧਾ ਸਿੰਘ ਤੇ ਸਾਧੂ ਸਿੰਘ ਪਾਸ
੧੫. ਗੁਜਰਾਂਵਾਲਾ-ਭਾਈ/ਸਿਰਦਾਰ ਲਹਿਣਾ ਸਿੰਘ ਘਰਜਾਖੀਏ ਪਾਸ



Namdhari Elibrary NamdhariElibrary@gmail.com

੧੬. ਕਿਲਾ ਦੀਦਾਰ ਸਿੰਘ-ਕਾਹਨ ਸਿੰਘ ਅਤੇ ਮੋਹਰ ਸਿੰਘ ਲੰਬੜਦਾਰਾਂ ਪਾਸ
੧੭. ਝਾਮਕੇ-ਯਾਦ ਨਹੀਂ
੧੮. ਸਮਸਾ-ਟੇਕ ਸਿੰਘ ਪਟਵਾਰੀ ਪਾਸ
੧੯. ਕਾਮੋਕੇ-ਜੋਧ ਸਿੰਘ ਕਾਰੀਗਰ ਪਾਸ
੨੦. ਵਰਨ-ਬੁਲਾਕਾ ਸਿੰਘ ਜੱਟ ਪਾਸ (ਇਹ ਮਹੰਤ ਸੀ)
੨੧. ਰੱਤਾਲੀ-ਹੇਮ ਸਿੰਘ ਜ਼ਰਗਰ ਕੋਲ
੨੨. ਮਨੇਸ-ਗੁਰਮੁਖ ਸਿੰਘ ਅਰੋੜਾ ਪਾਸ
੨੨. (ਏ) ਰਾਜਾ-ਭੋਲਾ ਸਿੰਘ ਕੁਮਹਾਰ ਪਾਸ
੨੨. (ਬੀ) ਠੱਟਾ ਮਾਣਕ-ਬੁਲਾਕਾ ਸਿੰਘ ਤਰਖਾਣ ਪਾਸ
੨੩. ਮੜੀ ਭਿੰਡਰਾਂ-ਇਕ ਬੀਬੀ ਨਾਮ ਯਾਦ ਨਹੀਂ
੨੪. ਬੋਰੇ-ਵੀ ਨਾਮ ਯਾਦ ਨਹੀਂ
੨੫. ਖੁੜਕ-ਚੇਤ ਸਿੰਘ ਜੱਟ ਪਾਸ
੨੬. ਮਲਕੇ-ਬਾਬਾ ਵੈਦ ਕੋਲ
੨੭. ਲੰਡੇ-ਭੈ ਸਿੰਘ ਮਹਿਰਾ
੨੮. ਓਡੇ-ਭਗਵਾਨ ਸਿੰਘ ਪਟਵਾਰੀ ਪਾਸ
੨੯. ਮਾਨਾਂਵਾਲਾ-ਸ. ਹੀਰਾ ਸਿੰਘ ਮਾਨ ਅਤੇ ਰਾਇ ਮਾਨ ਸਿੰਘ ਮਾਨ ਪਾਸ
੩੦. ਮੁਗਲ ਚੱਕ-ਮਾਨ ਸਰਦਾਰਾਂ ਪਾਸ
੩੧. ਚੂਹਲ-ਇਕ ਮਿਸਤਰੀ ਸਿੰਘ ਪਾਸ ਨਾਮ ਯਾਦ ਨਹੀਂ ਰਿਹਾ
੩੨. ਕੋਟ ਪਾਰੋਸ਼ਾਹ-ਇਕ ਖੱਤਰੀ ਨਾਲ ਨਾਮ ਯਾਦ ਨਹੀਂ
੩੩. ਬਾਬਲ-ਸ਼ਰਮ ਸਿੰਘ ਜੱਟ ਪਾਸ
੩੪. ਢਿੱਲੋਕੇ-ਮਾਨ ਸਿੰਘ ਨਿਹੰਗ ਅਰੋੜੇ ਪਾਸ
੩੫. ਵਣੀਏ ਕੇ-ਫਤੇਹ ਸਿੰਘ ਜ਼ਰਗਰ

ਹੇਠਲੇ ਪਿੰਡਾਂ ਵਿਚ ਜਿਹਨਾਂ ਪਾਸ, ਇਸ ਸੂਬਾ ਜੋੜੀ ਨਾਲ ਠਹਿਰਦੇ ਰਹੇ, ਸਿੰਘਾਂ ਦੇ ਨਾਮ ਯਾਦ ਨਹੀਂ ਰਹੇ-

੧ ਲਾਲੇਪੁਰ, ੨ ਬੱਦੋ ਰੱਤਾ, ੩ ਸਾਲੇਹਪੁਰ, ੪ ਹਰਪੱਕੇ, ੫ ਨੂਰਪੁਰ, ੬ ਨੌਖਰ, ੭ ਕੋਟ ਭਵਾਨੀ ਦਾਸ।

ਇਹਨਾਂ ਸਾਰੇ ਪਿੰਡਾਂ, ਜਿਹਨਾਂ ਦੀ ਗਿਣਤੀ ੩੯ ਹੈ, ਵਿਚ ਧਾਰਮਿਕ ਦੀਵਾਨ ਸਜਦੇ। ਦੋਵੇਂ ਸੂਬਾ ਸਾਹਿਬਾਨ ਕੂਕਾ ਪੰਥ ਦਾ ਉਸਦੀਆਂ ਸਿਖਿਆਵਾਂ ਦਾ ਪਰਚਾਰ ਕਰਦੇ ਅਤੇ ਲੋਕਾਂ ਨੂੰ ਛੇਤੀ ਤੋਂ ਛੇਤੀ ਕੂਕੇ ਸਿੰਘ ਸਜਣ ਲਈ ਜ਼ੋਰ ਪਾਉਂਦੇ। ਇਸ ਤੋਂ ਬਾਦ (ਭਾਵ ੧੮੭੧ ਈ. ਦੇ ਮੁੱਢ ਵਿਚ) ਮੈਂ ਬ੍ਰਹਮਾ ਸਿੰਘ ਨਾਲੋਂ ਨਿਖੜ ਗਿਆ ਅਤੇ ਫਕੀਰ ਬਣ ਕੇ ਘੁੰਮਦਾ ਰਿਹਾ। ਭੈਣੀ (ਸਾਹਿਬ) ਵਿਚਲੇ ਸੱਜਰੇ ਭਾਣੇ ਦੇ ਸਮੇਂ ਮੈਂ ਵੀ ਗੁਰੂ ਰਾਮ ਸਿੰਘ ਜੀ ਦੇ ਲੰਗਰ ਵਿਚ ਇਕ ਲਾਂਗਰੀ ਵਜੋਂ ਸੇਵਾ ਨਿਭਾ ਰਿਹਾ ਸਾਂ। ਗੁਰੂ ਰਾਮ ਸਿੰਘ ਅਤੇ ਸੂਬੇ ਸਾਹਿਬਾਨ (ਪਹਿਲਾਂ ਬਾਰਾਂ ਸਨ-ਗੋਪਾਲ ਸਿੰਘ ਖਜ਼ਾਨ ਸਿੰਘ ਸੂਬੇ ਦੋ ਦਿਨਾਂ ਬਾਦ ਲੁਧਿਆਣਿਓਂ ਮੋੜ ਦਿੱਤੇ ਸਨ) ਪਰਾਗ (ਅਲਾਹਬਾਦ) ਭੇਜ ਦਿੱਤੇ। ਅਸੀਂ ਜਦੋਂ, ਮੈਂ ਤੇ ਕੁਝ ਹੋਰ ਕੂਕੇ, ਫਲੌਰ ਬੇੜੀ ਤੋਂ ਦਰਿਆ ਲੰਘ ਰਹੇ ਸਾਂ, ਪੁਲੀਸ ਨੇ ਗਿਰਫਤਾਰ ਕਰਕੇ ਗਿਆਰਾਂ ਦਿਨ ਫਲੌਰ ਦੇ ਕਿਲੇ ਵਿਚ ਰੱਖੇ। ਫਿਰ ਸਾਨੂੰ ਛੱਡ ਦਿੱਤਾ ਅਤੇ ਘਰੋ ਘਰੀ ਆ ਗਏ।

ਟੇਕ ਸਿੰਘ ਕੂਕਾ ਪੁੱਤਰ ਫਤੇਹ ਸਿੰਘ ਜਾਤੀ ਅਰੋੜਾ, ਜੋ ਸਮਸੇ ਦਾ ਪਟਵਾਰੀ ਹੈ ਆਪਣੇ ਬਿਆਨ ਵਿਚ ਦੱਸਦਾ ਹੈ ਕਿ ੪ ਸਾਲ ਪਹਿਲਾਂ ਸਮਸੇ ਦੇ ਨੇੜੇ ਸੰਤਪੁਰੇ ਵਿਚ ਉਹਨੂੰ ਸੂਬਾ ਜੋਤਾ ਸਿੰਘ ਨੇ ਹੀ ਕੂਕਾ ਬਣਾਇਆ ਸੀ। ਬਰਹਮਾ ਸਿੰਘ ਸੂਬਾ ਵੀ ਉਥੇ ਹਾਜ਼ਰ ਸੀ ਅਤੇ ਮੇਰੇ ਕੂਕਾ ਬਣਨ ਦੀ ਉਸ ਪਰਵਾਨਗੀ ਦੇ ਦਿੱਤੀ ਸੀ। ਸੱਚਾ ਗੁਰੂ ਬਿਲਾ ਸ਼ੱਕ ਭੈਣੀ (ਸਾਹਿਬ) ਦਾ ਬਾਬਾ ਰਾਮ ਸਿੰਘ ਹੀ ਹੈ। ਬ੍ਰਹਮਾ ਸਿੰਘ ਆਪਣੇ ਪਿੰਡ ਪੀਹੜ ਬਾਰੇ ਕੁਝ ਨਹੀਂ ਦੱਸਦਾ ਪਰ ਜੋਤਾ ਸਿੰਘ ਢਪਈ (ਸਿਆਲਕੋਟ) ਪਿੰਡ ਦਾ ਕੁਮਹਾਰ ਜਾਤੀ ਨਾਲ ਸਬੰਧਿਤ ਹੈ। ਬ੍ਰਹਮਾ ਸਿੰਘ ਜੋਤਾ ਸਿੰਘ ਦੋਵੇਂ ਰਹਿੰਦੇ ਸਿਆਲਕੋਟ ਜ਼ਿਲ੍ਹੇ ਵਿਚ ਹਨ ਪਰ ਗਾਹੇ ਬਗਾਹੇ ਗੁਜਰਾਂਵਾਲੇ ਦੇ ਇਲਾਕੇ ਵਿਚ ਵੀ ਆਉਂਦੇ ਹਨ ਕਿਉਂਕਿ ਉਹ ਦੋਹਾਂ ਜ਼ਿਲਿਆਂ ਦੇ ਸੂਬੇ ਹਨ। ਦੋ ਸੂਬੇ ਸਿਆਲਕੋਟ ਵਿਚ ਹੋਰ ਹਨ-ਜਮੀਅਤ ਸਿੰਘ ਗਿਲ ਅਤੇ ਰਾਜਾ ਸਿੰਘ ਤਰਾਂਛੀ, ਜਮੀਅਤ ਸਿੰਘ ਤੋਂ ਬਿਨਾਂ ਇਹ ਸਾਰੇ ਕੂਕਾ ਮੱਤ ਦੇ ਤਕੜੇ ਪਰਚਾਰਕ ਹਨ।

ਭਾਈ ਮੱਟੂ ਦਾ ਸ਼ਰਮ ਸਿੰਘ ਕੂਕਾ ਪੁੱਤਰ ਅਤਰ ਸਿੰਘ ਜਾਤੀ ਜ਼ਰਗਰ ਵੀ ਆਪਣੇ ਬਿਆਨ ਵਿਚ ਦੱਸਦਾ ਹੈ ਕਿ ਦੋ ਵਰ੍ਹੇ ਪਹਿਲਾਂ ਉਹਨੂੰ ਸੂਬਾ ਜੋਤਾ ਸਿੰਘ ਨੇ ਕੂਕਾ ਬਣਾਇਆ ਸੀ ਤੇ ਕਿਉਂਕਿ ਮੈਂ ਗੁਰੂ ਰਾਮ ਸਿੰਘ ਦੇ ਦਰਸ਼ਨ ਕਦੇ ਨਹੀਂ ਸਨ ਕੀਤੇ ਸੋ ਰੌਲੇ ਗੌਲੇ ਤੋਂ ੪-੫ ਦਿਨ ਪਹਿਲਾਂ ਹੀ ਭੈਣੀ ਸਾਹਿਬ ਗਿਆ ਸਾਂ ਤੇ ਫਿਰ ਮੈਂ ਵੀ ਫਲੌਰ ਪੱਤਣ ਲੰਘਦਾ ਫੜਿਆ ਗਿਆ ਤੇ ੧੧ ਦਿਨ ਫਲੌਰ ਕਿਲੇ ਵਿਚ ਬੰਦ ਰਿਹਾ।... ਮੈਂ ਤਾਂ ਨਵਾਂ ਹੀ ਕੂਕਾ ਬਣਿਆ ਸਾਂ ਬ੍ਰਹਮਾ ਸਿੰਘ ਤੋਂ ਬਿਨਾਂ ਜਲਾਵਤਨ ਸੂਬਿਆਂ 'ਚੋਂ ਕਿਸੇ ਨੂੰ ਨਹੀਂ ਜਾਣਦਾ ਪਰ ਬ੍ਰਹਮਾ ਸਿੰਘ ਤੇ ਜੋਤਾ ਸਿੰਘ ਬੜੇ ਜੋਸ਼ੀਲੇ ਪਰਚਾਰਕ ਸਨ।

ਇਸਪੈਕਟਰ ਫਜ਼ਲ ਕਾਦਿਰ ਖਾਨ ਪੁੱਤਰ ਮਹਿਮੂਦ ਖਾਨ ਜਾਤੀ ਪਠਾਣ ਨਿਵਾਸੀ ਹੋਤੀ ਮਰਦਾਨ ਪਰਗਨਾ ਯੂਸਫ



Namdhari Elibrary NamdhariElibrary@gmail.com

ਜ਼ਾਤੀ ਜ਼ਿਲ੍ਹਾ ਪਿਸ਼ਾਵਰ, ਬਿਆਨ ਦਿੰਦਾ ਹੈ ਕਿ ਜੂਨ ੧੮੭੧ ਵਿਚ ਉਹ ਮੁਆਇਨਾ ਕਰਨ ਸ਼ੇਖੂਪੁਰੇ ਆਇਆ ਸੀ। ਆਪਣੇ ਲੰਮੇ ਬਿਆਨ ਵਿਚ ਉਸ ਅੰਮ੍ਰਿਤਸਰ ਬੁੱਚੜ ਬੱਧ ਕੇਸ ਤੋਂ ਬਾਅਦ ਕੂਕਿਆਂ ਦੀ ਰਾਜਨੀਤਕ ਮਨੋਦਸ਼ਾ ਤੇ ਢੁੱਕਵਾਂ ਚਾਨਣਾ ਪਾਇਆ ਹੈ। ਉਸ ਦਾ ਕਹਿਣਾ ਹੈ ਕਿ ੧੮੬੫ ਈ. ਵਿਚ ਬਾਬਾ ਰਾਮ ਸਿੰਘ ਨੇ ਗੁਜਰਾਂਵਾਲਾ ਤੇ ਸਿਆਲਕੋਟ ਜ਼ਿਲ੍ਹਿਆਂ ਵਾਸਤੇ ਬ੍ਰਹਮਾ ਸਿੰਘ ਅਤੇ ਜੋਤਾ ਸਿੰਘ ਨੂੰ ਸੂਬੇ ਥਾਪਿਆ, ਜਦੋਂ ਕਿ ਮਗਰਲੇ ਨੂੰ ਪਹਿਲੇ ਦੇ ਮਾਤਹਿਤ ਕੀਤਾ ਗਿਆ ਸੀ। ਉਹ ਕਹਿੰਦਾ ਹੈ ਕਿ ਮੈਂ ੧੮੬੩ ਈ. ਤੋਂ ਹੀ ਜਾਣਦਾ ਸਾਂ ਕਿ ਕੂਕਿਆਂ ਦੇ (ਸਰਕਾਰ ਬਾਰੇ) ਇਰਾਦੇ ਮਾੜੇ ਹਨ।

'ਬੁਤਾਲਾ ਸ਼ਾਮ ਸਿੰਘ' ਦਾ ਲੰਬੜਦਾਰ ਗੁਲਾਬ ਪੁੱਤਰ ਮੁਹੰਮਦ ਖਾਨ ਦੇ ਬਿਆਨ ਹਨ ਕਿ ਸਿਆਲਕੋਟ ਵਲੋਂ ਆਉਂਦਿਆਂ, ਦੋਵੇਂ ਸੂਬੇ ਬ੍ਰਹਮਾ ਸਿੰਘ ਤੇ ਜੋਤਾ ਸਿੰਘ, ਉਹਦੇ ਪਿੰਡ ਵਿਚੋਂ, ਜਿਥੇ ਤਿੰਨ ਕੂਕੇ ਹਨ, ਲੰਘਦੇ ਰਹੇ ਹਨ। ਉਹਨਾਂ ਨਾਲ ੪੦-੫੦ ਸਾਥੀ ਹੁੰਦੇ ਸਨ। ਇਕ ਵੇਰ ਗੁਰੂ ਰਾਮ ਸਿੰਘ ਵੀ ਬਹੁਤ ਭਾਰੀ ਹਜੂਮ ਨਾਲ ਇਥੋਂ ਗੁਜਰੇ ਸਨ। ਬ੍ਰਹਮਾ ਸਿੰਘ ਤੇ ਜੋਤਾ ਸਿੰਘ ਨੂੰ ਇਹ ਆਦਤ ਸੀ ਕਿ ਹਿੰਦੂ ਹੋਣ ਜਾਂ ਮੁਸਲਮਾਨ ਉਹ ਸਭ ਨੂੰ ਕੂਕੇ ਬਨਣ ਲਈ ਜ਼ੋਰ ਪਾਉਂਦੇ ਸਨ। ਚੱਕ ਹਿੰਦੂ ਦਾ ਲੰਬੜਦਾਰ ਹਵੇਲੀ ਪੁੱਤਰ ਹੁਕਮ ਚੰਦ ਜਾਤੀ ਗੋਰਾਇਆ ਜੱਟ ਲਿਖਾਉਂਦਾ ਹੈ ਕਿ ਉਸ ਦੇ ਪਿੰਡ ਵਿਚ ੬-੭ ਕੂਕੇ ਹਨ। ਉਸਦੇ ਭਰਾ, ਲੰਬੜਦਾਰ ਅਤਰ ਸਿੰਘ ਨੂੰ ਜੋਤਾ ਸਿੰਘ ਨੇ ਕੂਕਾ ਬਣਾਇਆ ਹੈ। ਬ੍ਰਹਮਾ ਸਿੰਘ ਵੀ ਅਕਸਰ ਆਉਂਦਾ ਰਹਿੰਦਾ ਹੈ। ਇਕ ਵੇਰ ਗੁਰੂ ਰਾਮ ਸਿੰਘ ਵੀ ਸਾਡੇ ਪਿੰਡ ਆਏ ਹਨ। ਇਸੇ ਤਰ੍ਹਾਂ ਸੈਂਸਰਾ ਪਿੰਡ ਦਾ ਲੰਬੜਦਾਰ ਨਿਹਾਲ ਸਿੰਘ ਪੁੱਤਰ ਚੰਦ ਸਿੰਘ, ਗੋਰਾਇਆ ਜੱਟ, ਦੱਸਦਾ ਹੈ ਕਿ ਜੋਤਾ ਸਿੰਘ ਨੇ ਹੀ ਸਭ ਤੋਂ ਪਹਿਲਾਂ ਉਸ ਦੇ ਪਿੰਡ ਵਿਚ ਕੂਕੇ ਬਣਾਏ ਹਨ ਜਿਥੇ ਹੁਣ ੫-੬ ਕੂਕੇ ਹਨ।[੧੩]

ਉਪਰੋਕਤ ਸਰਕਾਰੀ ਦਸਤਾਵੇਜ਼ਾਂ ਵਿਚਲੀਆਂ ਗਵਾਹੀਆਂ ਸੂਬਾ ਜੋਤਾ ਸਿੰਘ ਹੋਰਾਂ ਦੇ ਕੰਮ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਇਸ ਤਰ੍ਹਾਂ ਦੜਪ ਦੇ ਇਸ ਖਿੱਤੇ ਵਿਚ ਸਿੱਖੀ ਦਾ ਬੂਟਾ ਪੁਨਰ ਸੁਰਜੀਤ ਕਰਨ ਅਤੇ ਲੋਕਾਂ ਨੂੰ ਵਿਦੇਸ਼ੀ ਸਰਕਾਰ ਦੇ ਖਿਲਾਫ ਵਿਦਰੋਹੀ ਸੁਰ ਪ੍ਰਦਾਨ ਕਰਨ ਵਿਚ, ਸੂਬਾ ਜੀ ਦੀ ਬੜੀ ਅਹਿਮ ਭੂਮਿਕਾ ਹੈ। ਕੂਕਾ ਅੰਦੋਲਨ ਦੇ ਖਾਸੇ ਨੂੰ ਸਮਝਣ ਲਈ ਵੀ ਮਿਹਨਤਕਸ਼ ਪਰਿਵਾਰ ਨਾਲ ਸਬੰਧਿਤ, ਕਿਰਤ ਕਰ ਕੇ ਉਪਜੀਵਕਾ ਕਮਾਉਣ ਵਾਲੇ ਸੂਬਾ ਜੀ, ਇਕ ਮਿਸਾਲੀ ਜੀਵਨ ਵਾਲੇ ਵਿਅਕਤੀ ਸਨ, ਜਿਹਨਾਂ ਸਾਰੀ ਉਮਰ ਗੁਰੂ ਬਾਲਕ ਸਿੰਘ ਦੀ ਸਿਖਿਆ ਮੁਤਾਬਿਕ, ਕਿਰਤ ਕਰਕੇ ਪ੍ਰਸ਼ਾਦਾ ਛਕਣ ਦਾ ਉਪਦੇਸ਼ ਦਿੰਦਿਆ ਬਿਤਾਈ। ਜੇ ਵੱਡੇ ਵੱਡੇ ਭੂਸੁਆਮੀ ਤੇ ਸ਼ਾਹੂਕਾਰ, ਕੂਕੇ ਬਣੇ ਤਾਂ ਭੂਮੀਹੀਨਾਂ ਦੀ ਵੀ ਅੰਦੋਲਨ ਅਤੇ ਇਸਦੇ ਆਗੂਆਂ ਵਿਚ ਪ੍ਰਮੁੱਖ ਭੂਮਿਕਾ ਸੀ।

ਫੁੱਟ ਨੋਟ

੧. ਗੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸਫਾ ੬੦
੨. ਉਹੀ- ਸਫਾ ੮੨
੩. ਸਤਿਜੁਗ ਦਾ ਸੰਤ ਅੰਕ-ਸ੍ਰੀ ਭੈਣੀ ਸਾਹਿਬ-੯ ਚੇਤਰ ੧੯੯੬ ਬਿ. ਸਫਾ ੭੫
੪. ਗੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸਫਾ ੧੬੨-੬੩
੫. ਉਹੀ-ਸਫਾ ੭੬
੬. ਉਹੀ-ਸਫਾ ੭੪
੭. ਉਹੀ- ਸਫਾ ੩੮
੮. ਸ੍ਰੀ ਨਾਨਕ ਰਾਜ-ਆਤਮਾ ਸਿੰਘ ਸਨਖਤ੍ਰਵੀ-੧੯੯੭ ਈ. -ਸ੍ਰੀ ਭੈਣੀ ਸਾਹਿਬ ਸਫਾ ੨੦੯-੧੦
੯. ਸਤਿਜੁਗ ਦਾ ਸੰਤ ਅੰਕ ੧੯੯੬ ਬਿ. ਸਫਾ ੭੫-੭੬
੧੦. ਉਹੀ- ਸਫਾ ੭੭
੧੧. ਉਹੀ- ਸਫਾ ੮੦
੧੨. ਗੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸਫਾ ੪੫੫-੬੦
੧੩. ਉਹੀ-ਸਫਾ ੪੬੦-੭੩

*ਕਰੀਵਾਲਾ (ਸਿਰਸਾ)-੧੨੫੦੭੫*
*ਫੋਨ-੦੧੬੯੮-੨੭੪੫੬੨*
*੫-੧-੨੦੧੦*

## ਭੁੱਲ ਦੀ ਸੋਧ

ਵਰਿਆਮ, ਜਨਵਰੀ ੨੦੧੦, ਸੂਬਾ ਸਮੁੰਦ ਸਿੰਘ ਖੋਟੇ ਵਾਲੇ ਲੇਖ ਵਿਚ ਲਿਖਿਆ ਗਿਆ ਹੈ, ਸਫਾ ੧੬ ਤੇ "ਮਾਲੂਮ ਹੁੰਦਾ ਹੈ ਕਿ ਸਮੁੰਦ ਸਿੰਘ ਹੋਰੀਂ ਵੀ ਜੋਗਾ ਸਿੰਘ ਹੋਰਾਂ ਦੇ ਪ੍ਰਭਾਵ ਹੇਠ ਹੀ ਕੂਕੇ ਬਣੇ ਸਨ" ਇਸ ਦੀ ਥਾਂ ਤੇ ਇਹ ਪੜ੍ਹਿਆ ਜਾਵੇ "ਜੋਗਾ ਸਿੰਘ ਹੋਰੀਂ ਵੀ ਸਮੁੰਦ ਸਿੰਘ ਹੋਰਾਂ ਦੇ ਪ੍ਰਭਾਵ ਹੇਠ ਹੀ ਕੂਕੇ ਬਣੇ ਸਨ", ਕਿਉਂਕਿ ਬਾਹੋਵਾਲ ਜੀ, ਸਤਿਗੁਰੂ ਬਿਲਾਸ ਭਾਗ ਪਹਿਲਾ ਵਿਚ, ੧੮੬੧ ਈ. ਵਾਲੀ ਹਰਦੁਆਰ ਦੀ ਅਰਧ ਕੁੰਭੀ ਤੇ ਸਤਿਗੁਰੂ ਜੀ ਦੇ ਨਾਲ ਘੋੜੇ ਵੇਚਣ ਜਾਣ ਦਾ ਸਮੁੰਦ ਸਿੰਘ ਹੋਰਾਂ ਦਾ ਜ਼ਿਕਰ ਕਰਦੇ ਹਨ।"



Namdhari Elibrary NamdhariElibrary@gmail.com

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਕ੍ਰਿਤ “ਸ੍ਰੀ ਦਸਮ ਗ੍ਰੰਥ” ਵਿਚੋਂ

*—ਮਾਸਟਰ ਦਰਸ਼ਨ ਸਿੰਘ*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਰ ਰਚਨਾਵਾਂ ਤੋਂ ਇਲਾਵਾ “ਸ੍ਰੀ ਦਸਮ ਗ੍ਰੰਥ” ਦੀ ਰਚਨਾ ਕਰਕੇ ਸਿੱਖ ਜਗਤ ਨੂੰ ਵੱਡਮੁੱਲੀ ਦਾਤ ਦਿੱਤੀ ਹੈ। ਇਸ ਵਿਚ ਆਈਆਂ ਰਚਨਾਵਾਂ ਵਿਚੋਂ ਮੈਂ ਕੁਝ ਕੁ ਰਚਨਾਵਾਂ ਦੀ ਗਲ ਕਰਾਂ।



ਸ੍ਰੀ ਗੁਰੂ ਜੀ ਨੇ ਵਿਸ਼ਨੂੰ ਜੀ ਦੇ ਚੌਵ੍ਹੀ ਅਵਤਾਰ, ਬ੍ਰਹਮਾ ਜੀ ਦੇ ਸਤੇ ਅਵਤਾਰ ਅਤੇ ਰੁਦ੍ਰ (ਸ਼ਿਵ ਜੀ) ਦੇ ਦੋ ਅਵਤਾਰਾਂ ਬਾਰੇ ਲਿਖਿਆ ਹੈ।

ਏਥੇ ਕੇਵਲ ਮੈਂ ਸ਼ਿਵ ਜੀ ਦੇ ਦੋ ਅਵਤਾਰਾਂ ਦੀ ਗਲ ਕਰਾਂਗਾ। ਪਹਿਲਾ ਅਵਤਾਰ “ਦੱਤਾ ਤ੍ਰੈ ਅਤੇ ਦੂਸਰਾ “ਪਾਰਸ ਨਾਥ।”

ਅਵਤਾਰ ਧਾਰਨ ਦੇ ਕੁਝ ਕਾਰਨ ਹੁੰਦੇ ਹਨ। ਜਿਵੇਂ ਸ਼ਿਵ ਜੀ ਦੇ ਅਵਤਾਰ ਧਾਰਨ ਦੇ ਕਾਰਨ ਬਾਰੇ ਲਿਖਦੇ ਹਨ ਕਿ ਸ਼ਿਵਜੀ ਦੁਆਰਾ ਅਧਿਕ ਯੋਗ ਸਾਧਨਾ ਕਰਨ ਕਰ ਕੇ ਹੰਕਾਰ ਹੋ ਜਾਣਾ। ਉਹ ਆਪਣੇ ਆਪ ਨੂੰ ਸਰਵ-ਸ੍ਰੇਸ਼ਟ ਮੰਨਣ ਲੱਗਾ, ਪਰ ਗੁਰਬਾਣੀ ਅਨੁਸਾਰ “ਹਰਿ ਜੀਉ ਅਹੰਕਾਰ ਨ ਭਾਵਈ ਵੇਦ ਕੂਕ ਸੁਣਾਵਹਿ”॥ ਉਸ ਦੇ ਹੰਕਾਰ ਕਾਰਨ ਅਕਾਲ ਪੁਰਖ ਕ੍ਰੋਧਵਾਨ ਹੋ ਗਿਆ ਅਤੇ ਸ਼ਿਵ ਨੂੰ ਕਿਹਾ—

“ਮ੍ਰਰ ਨਾਮਾ ਗਰਬ ਪ੍ਰਹਾਰ॥ ਸੁਨ ਲੇਹੁ ਰੁਦ੍ਰ ਬਿਚਾਰ॥”

ਹੇ ਰੁਦ੍ਰ। ਤੂੰ ਵਿਚਾਰ ਪੂਰਵਰਕ ਸੁਣ। ਮੇਰਾ ਨਾਮ ਗਰਬ ਪ੍ਰਹਾਰੀ ਹੈ ਭਾਵ ਅਹੰਕਾਰ ਨੂੰ ਦੂਰ ਕਰਨ ਵਾਲਾ ਹੈ। ਤੇਰੇ ਤੋਂ ਪਹਿਲਾਂ ਤੇਰੀ ਤਰ੍ਹਾਂ “ਕੀਆ ਗਰਬ ਕੋ ਮੁਖ ਚਾਰ” ਕਛੂ ਚਿਤ ਮੋ ਅਬਿਚਾਰ”॥ ਬ੍ਰਮਾ ਨੇ ਵੀ ਹੰਕਾਰ ਕੀਤਾ ਅਤੇ ਚਿੱਤ ਵਿਚ ਅਨੁਚਿਤ ਵਿਚਾਰ ਬਣਾਇਆ ਸੀ। ਉਸਨੂੰ ਹੰਕਾਰ ਦੂਰ ਕਰਨ ਲਈ ਸੱਤ ਅਵਤਾਰ ਧਾਰਣ ਕਰਨੇ ਪੈਣਗੇ ਤਾਂ ਤੇਰਾ ਉਧਾਰ ਹੋਵੇਗਾ। ਇਸ ਕਾਰਣ ਸ਼ਿਵ ਜੀ ਨੂੰ ਦੋ ਅਵਤਾਰ ਧਾਰਣੇ ਪਏ। ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਲਿਖੇ ਅਨੁਸਾਰ ਉਹਨਾਂ ਦਾ ਵਰਨਣ ਕਰਦਾ ਹਾਂ।

ਸ਼ਿਵ ਨੇ ਪਹਿਲਾ ਅਵਤਾਰ “ਦੱਤਾ ਤ੍ਰੈ” ਦੇ ਰੂਪ ਵਿਚ ਧਾਰਿਆ ਜਿਸ ਦਾ ਹਾਲ ਕਲਗੀਧਰ ਪਾਤਸ਼ਾਹ ਇਸ ਤਰ੍ਹਾਂ ਲਿਖਦੇ ਹਨ। ਅਠਾਰਾਂ ਵਿਦਿਆਵਾਂ ਦਾ ਖਜ਼ਾਨਾ ਮਹਾਨ ਮੁਨੀ ਅਤ੍ਰ ਰਿਖੀ ਹੋਇਆ ਜਿਸ ਨੇ ਸ਼ਿਵ ਜੀ ਦੀ ਕਠਿਨ ਅਰਾਧਨਾ ਕੀਤੀ ਜਿਸ ਤੋਂ ਪ੍ਰਸੰਨ ਹੋ ਕੇ ਸ਼ਿਵ ਨੇ ਕਿਹਾ ਹੇ ਪੁਤ੍ਰ “ਬਰ ਮਾਂਗ ਪੁਤ੍ਰ ਜੋ ਰੁਚੈ ਤੋਹਿ॥ ਬਰ ਦਾਨ ਤਉਨ ਮੈਂ ਦੇਊਂ ਤੋਹਿ।” ਤਾਂ ਅਤ੍ਰ ਰਿਖੀ ਨੇ ਕਿਹਾ ਮਹਾਰਾਜ ਜੇ ਤੁੱਠੇ ਹੋ ਤਾਂ ਕ੍ਰਿਪਾ ਕਰੋ “ਗ੍ਰਿਹ ਹੋਇ ਪੁਤ੍ਰ ਸਮ ਤੁਲ ਤੋਹਿ।” ਮੇਰੇ ਘਰ ਤੁਹਾਡੇ ਵਰਗਾ ਪੁੱਤਰ ਹੋਵੇ। ਤਾਂ ਸ਼ਿਵ ਜੀ ਨੇ ਕਿਹਾ “ਤਥਾਸਤੂ” (ਇਸੇ ਤਰ੍ਹਾਂ ਹੀ ਹੋਵੇਗਾ) ਕੁਝ ਸਮਾਂ ਬੀਤ ਜਾਣ ਤੇ ਅਤ੍ਰ ਰਿਖੀ ਨੇ ‘ਅਨਸੂਆ” ਨਾਮਕ ਇਸਤ੍ਰੀ ਨਾਲ ਵਿਆਹ ਕਰ ਲਿਆ ਜੋ ਬਹੁਤ ਸੁੰਦਰ ਸੀ। ਪਰ ਵਿਆਹ ਤੋਂ ਪਹਿਲਾਂ ਅਨਸੂਆ” ਨੇ ਇਹ ਪ੍ਰਤਿਗਿਆ ਕੀਤੀ : ਕੀਨੀ ਪ੍ਰਤੱਗਿ ਤਿਹ ਸਮੇ ਨਾਰਿ॥ ਬਯਾਹੈ ਨ ਭੋਗ ਭੋਗੈ ਭਤਾਰ”॥ ਭਾਵ ਮੈਂ ਉਸ ਪੁਰਸ਼ ਨੂੰ ਵਰਾਂਗੀ ਜੋ ਮੇਰੇ ਨਾਲ ਵਿਆਹ ਕਰ ਕੇ ਮੇਰੇ ਨਾਲ ਭੋਗ ਨਹੀਂ ਕਰੇਗਾ। ਅਤ੍ਰ ਰਿਖੀ ਨੇ ਉਸ ਦੀ ਇਹ ਸ਼ਰਤ ਮੰਨ ਕੇ ਅਨਸੂਅ ਨਾਲ ਵਿਆਹ ਕਰ ਲਿਆ।

ਕੁਝ ਸਮਾਂ ਬੀਤ ਜਾਣ ਤੇ ਇਕ ਦਿਨ ਅਤ੍ਰ ਰਿਖੀ ਦੇ ਘਰ ਬ੍ਰਹਮਾ ਆਦਿ ਦੇਵਤੇ ਗਏ। ਦੋਹਾਂ ਨੇ ਬਹੁਤ ਸ਼ਰਧਾ ਨਾਲ ਸੇਵਾ ਕੀਤੀ ਜਿਸ ਤੇ ਪ੍ਰਸੰਨ ਹੋ ਕੇ “ਕਿਨੋ ਸੁ ਐਸ ਬ੍ਰਹਮਾ ਉਚਾਰ”॥ ਤੈ ਪੁਤ੍ਰਵੰਤ ਹੂ ਜੋ ਕੁਮਾਰਿ’॥ ਬ੍ਰਹਮਾ ਦੇ ਇਹ ਬੋਲ ਸੁਣ ਕੇ ਅਨਸੂਆ ਅਪਨੇ ਸਿਰ ਦੇ ਵਾਲ ਖੋਹਣ ਲੱਗੀ। ਬੜੀ ਵਿਆਕੁਲ ਹੋਈ ਕਿਉਂਕਿ ਉਸ ਨੇ ਪ੍ਰਤੱਗਿਆ ਕੀਤੀ ਸੀ ਕਿ ਉਹ ਭੋਗ ਨਹੀਂ ਕਰੇਗੀ ਅਤੇ ਨਾ ਹੀ ਸੰਤਾਨ ਪੈਦਾ ਕਰੇਗੀ।

ਇਸ ਤਰ੍ਹਾਂ ਅਨਸੂਆ ਨੂੰ ਕ੍ਰੋਧਵਾਨ ਹੋਈ ਵੇਖ ਕੇ ਬ੍ਰਹਮਾ, ਸ਼ਿਵ ਆਦਿ ਦੇਵਤੇ ਭੱਜ ਗਏ। ਜਦ ਅਨਸੂਆ ਨੇ ਕ੍ਰੋਧਵਾਨ ਹੋ ਕੇ ਆਪਣੇ ਸਿਰ ਤੋਂ ਵਾਲਾਂ ਦੀ ਜਟਾ ਪੁੱਟੀ ਆਪਨੇ ਹੱਥ ਉਤੇ ਹੱਥ ਮਾਰਿਆ ਤਾਂ ਦੱਤ ਦਾ ਅਵਤਾਰ ਹੋਇਆ। ਕਲਗੀਧਰ ਪਾਤਸ਼ਾਹ ਲਿਖਦੇ ਹਨ “ਕਰ ਸੋਂ ਜਬੈ ਕਰ ਮਾਰ॥ ਤਬਲੀਨ ਦੱਤ ਅਵਤਾਰ॥ ਕਰ ਬਾਮਾ ਮਾਤ੍ਰ ਸਮਾਨ॥ ਕਰ ਦਛਨਤ੍ਰਿ ਪ੍ਰਮਾਨ॥ ਕੀਆ ਪਾਨ ਭੋਗ ਬਿਚਾਰ॥ ਤਬ ਭਏ ਦੱਤ ਕੁਮਾਰ॥ ਇਸ ਤਰ੍ਹਾਂ ਸ਼ਿਵ ਜੀ ਦੇ ਪਹਿਲੇ ਅਵਤਾਰ “ਦੱਤਾ ਤ੍ਰੈ” ਦਾ ਅਵਤਾਰ ਹੋਇਆ। ਭਾਵ ਖੱਬਾ ਹੱਥ ਮਾਤਾ ਦੇ ਸਮਾਨ ਅਤੇ ਸੱਜਾ ਹੱਥ ਪਿਤਾ ਦੇ ਸਮਾਨ ਹੈ। ਅਨਸੂਆ ਨੇ ਆਪਣਾ ਸੱਜਾ ਹੱਥ ਆਪਣੇ ਖੱਬੇ ਹੱਥ ਤੇ ਮਾਰਿਆ ਤਾਂ ਦੱਤ ਦਾ ਜਨਮ ਹੋਇਆ ਇਹ ਅਠਾਰਾਂ ਵਿਦਿਆਵਾਂ ਦਾ



Namdhari Elibrary NamdhariElibrary@gmail.com

ਗਿਆਤਾ ਅਤੇ ਇਸ ਵਿਚ ਸ਼ਿਵ ਜੀ ਸਮਾਨ ਸਾਰੇ ਗੁਣ ਸਨ।

ਇਸਨੇ ਘਰ-ਬਾਰ ਛੱਡ ਦਿੱਤਾ। ਯੋਗ ਸਾਧਨਾ ਕੀਤੀ ਕਈ ਚੇਲੇ ਬਣ ਗਏ ਕੁਝ ਸਮਾਂ ਬੀਤ ਜਾਣ ਤੇ ਇਸ ਨੂੰ ਅਕਾਸ਼ ਬਾਣੀ ਹੋਈ ਹੇ ਦੱਤ ਸੁਣ! "ਗੁਰ ਹੀਣ ਮੁਕਤਿ ਨਹੀਂ ਹੋਤ ਦੱਤ॥ ਤੁਹਿ ਕਹੋ ਬਾਤ ਸੁਨ ਬਿਮਲ ਮਤਿ॥ ਗੁਰ ਕਰਹਿ ਪ੍ਰਿਥਮ ਤਬ ਹੋਗਿ ਮੁਕਤਿ॥ ਕਹਿ ਦੀਨ ਕਾਲ ਤਿਹ ਜੋਗ ਜੁਗਤਿ॥

ਅਕਾਸ਼ ਬਾਣੀ ਸੁਣ ਕੇ ਦੱਤਾ ਤ੍ਰੇ ਨੇ ਨਮਸਕਾਰ ਕੀਤੀ ਅਤੇ ਕਿਹਾ ਮਹਾਰਾਜ। ਮੈਨੂੰ ਇਹ ਦੱਸਣ ਦੀ ਕਿਰਪਾ ਕਰੋ। ਕਉਨ ਸੋ ਗੁਰ ਕੀਜੀਐ ਕਹਿ ਮੋਹ ਤਤ ਬਿਚਾਰ॥ ਭਾਵ ਮੈਂ ਕਿਸ ਨੂੰ ਗੁਰੂ ਧਾਰਣ ਕਰਾਂ। ਤਾਂ ਅਵਾਜ ਆਈ "ਜਉਨ ਚਿੱਤ ਬਿਖੈ ਰੁਚੈ ਸੋਈ ਕੀਜੀਐ ਗੁਰ ਦੇਵ॥" ਤਿਆਗ ਕਰਿ ਕੈ ਕਪਟਕਉ ਚਿਤ ਲਾਇ ਕੀਜੇ ਸੇਵ।" ਜਦੋਂ ਤੇਰੀ ਸੇਵਾ ਤੇ ਤੇਰਾ ਗੁਰੂ ਪ੍ਰਸੰਨ ਹੋ ਜਾਵੇਗਾ ਤਾਂ ਤੇਰਾ ਉਧਾਰ ਹੋਵੇਗਾ। ਇਸ ਤਰ੍ਹਾਂ ਗੁਰੂ ਤੋਂ ਬਿਨਾਂ ਤੇਰਾ ਉਦਾਰ ਨਹੀਂ ਹੋਵੇਗਾ। ਤਾਂ ਦੱਤ ਨੇ ਪਹਿਲਾ ਗੁਰੂ ਅਕਾਲ ਪੁਰਖ ਨੂੰ ਧਾਰਣ ਕੀਤਾ "ਪ੍ਰਿਥਮ ਅਕਾਲ ਗੁਰੂ ਕੀਅ ਜਿਹ ਕੋ ਕਬੈ ਨਹੀ ਨਾਸ"॥ ਕਿਉਂਕਿ ਉਸ ਦਾ ਕਦੀ ਵੀ ਨਾਸ ਨਹੀਂ ਹੋਇਆ।

ਫੇਰ "ਦੂਸਰੇ ਗੁਰ ਕਉ ਕਰਾ ਮਨ ਈ ਮਨੈ ਮੁਨਿ ਮਾਨਿ"॥ ਭਾਵ ਮਨ ਹੀ ਮਨ ਵਿਚ ਦੂਸਰਾ "ਮਨ" ਨੂੰ ਧਾਰਿਆ।

ਕਿਉਂਕਿ "ਨਾਥ ਤਉ ਹੀ ਪਛਾਨ ਜੋ ਮਨ ਮਾਨਈ ਜਿਹ ਕਾਲ"॥ ਭਾਵ ਜਿਸ ਸਮੇਂ "ਮਨ" ਮੰਨ ਜਾਂਦਾ ਹੈ ਤਾਂ ਮਾਲਕ ਦੀ ਪਛਾਣ ਹੋ ਜਾਂਦੀ ਹੈ॥

ਜਦ ਦੱਤਾ ਤ੍ਰੇ ਨੇ ਦੋ ਗੁਰੂ ਧਾਰਣ ਕਰ ਲਏ। ਘਰ ਛੱਡ ਦਿੱਤਾ ਤਾਂ ਇਕ ਚਿੱਤ ਹੋ ਕੇ ਲੱਗਾ ਸਾਧਨਾ ਕਰਨ। ਸ਼ਿਵ ਜੀ ਅਵਤਾਰ ਹੋਣਾ ਕਠਿਨ ਤਪੱਸਿਆ ਦੇ ਪ੍ਰਭਾਵ ਕਾਰਨ ਜਿਹੜਾ ਵੀ ਵੇਖਦਾ ਹੈ ਮੋਹਿਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਦਤਾ ਤ੍ਰੇ ਦੇ ਸਰੀਰ ਤੇ ਉੱਜਲ ਵਿਭੂਤੀ ਸੋਭਦੀ ਹੈ। ਭਗਵੇਂ ਵਸਤ੍ਰ ਧਾਰਣ ਕੀਤੇ ਹਨ ਲੰਗੋਟ ਬੰਨਿਆ ਹੈ। ਸੰਨਿਆਸੀਆਂ ਦੇ ਪੰਥ ਦਾ ਆਰੰਭ ਏਥੋਂ ਹੀ ਹੋਇਆ ਹੈ। ਬਹੁਤ ਚੇਲੇ ਬਣ ਗਏ। ਸਾਰੀਆਂ ਆਸਾਂ ਛੱਡ ਕੇ ਚੁੱਪ ਸਾਧੀ ਹੋਈ ਹੈ ਅਤੇ ਕੇਵਲ ਮੰਤ੍ਰ ਹੀ ਰਟਦੇ ਹਨ। ਕਲਗੀਧਰ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਦੱਤਾ ਤ੍ਰੇ ਨੇ "ਚਉਬੀਸ ਗੁਰੂ ਕੀਨ ਜਿਹ ਭਾਤਾ॥ ਅਬ ਸੁਨ ਲੇਹੁ ਕਹੁ ਏਹ ਬਾਤਾ॥"

ਦੱਤਾ ਤ੍ਰੇ ਜੀ ਦੇਸ ਦੇਸਾਂਤਰਾਂ ਦੇ ਰਟਨ ਕਰਦੇ ਆਪਣੇ ਚੇਲਿਆਂ ਸਮੇਤ ਤੁਰੇ ਜਾਂਦੇ ਹਨ ਤਾਂ ਮੱਕੜੀ ਦੇਖੀ ਜੋ ਆਪਣੇ ਦੁਆਲੇ ਜਾਲ ਬੁਣ ਰਹੀ ਹੈ ਤਾਂ ਉਸ ਨੂੰ ਮਨ ਹੀ ਮਨ ਵਿਚ ਗੁਰੂ ਮੰਨਿਆ ਕਿਉਂ ਜੋ "ਪ੍ਰੇਮ ਸੂਤ ਕੀ ਡੋਰਿ ਬਢਾਵੈ॥ ਤਬ ਹੀ ਨਾਥ ਨਿਰੰਜਨ ਪਾਵੈ॥ ਭਾਵ ਮਨੁੱਖ ਇਸ ਮਕੜੀ ਵਾਂਗ ਪ੍ਰੇਮ ਰੂਪੀ ਸੂਤਰ ਦੀ ਡੋਰ ਵਧਾਵੇ ਤਾਂ ਹੀ ਉਸ ਪ੍ਰਮੇਸ਼ਰ ਦੀ ਪ੍ਰਾਪਤੀ ਕਰ ਸਕਦਾ ਹੈ। ਜਿਵੇਂ ਮਕੜੀ ਆਪਣੇ ਆਪ ਜਾਲ ਵਿਚ ਵੇਖਦੀ ਹੈ ਉਸ ਤਰ੍ਹਾਂ ਜਦ ਜਿਗਿਆਸੂ ਆਪਣੇ ਅੰਦਰ ਆਪਣੇ ਆਪ ਨੂੰ ਵੇਖਦਾ ਹੈ ਤਾਂ ਇਸ ਨੂੰ ਗੁਰੂ ਰੂਪ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ।

ਇਸ ਤਰ੍ਹਾਂ ਆਪਣੇ ਚੇਲਿਆਂ ਦੇ ਭਾਰੀ ਸਮੂੰਹ ਨੂੰ ਨਾਲ ਲੈ ਕੇ ਦੱਤਾ ਤ੍ਰੇ ਜੀ ਜਾ ਰਹੇ ਹਨ ਤਾਂ ਇਕ 'ਬਗੁਲੇ' ਨੂੰ ਦੇਖਿਆ ਜੋ ਮੱਛੀ ਫੜਣ ਵਾਸਤੇ ਬੈਠਾ ਹੈ। ਉਸਦਾ ਧਿਆਨ ਕੇਵਲ ਤੇ ਕੇਵਲ ਮੱਛੀ ਨੂੰ ਫੜਣ ਵਾਸਤੇ ਲੱਗਾ ਹੈ ਤਾਂ ਮੁਨੀ ਨੇ ਮਨ ਵਿਚ ਵਿਚਾਰਿਆ ਕਿ "ਐਸੋ ਧਿਆਨ ਨਾਥ ਹਿਤ ਲਈਐ॥ ਤਬ ਹੀ ਪਰਮ ਪੁਰਖ ਕਹੁ ਪਈਐ॥" ਇਸ ਤਰ੍ਹਾਂ ਬਗੁਲੇ ਦੇ ਧਿਆਨ ਦੀ ਮਹਾਨਤਾ ਦਾ ਗੁਣ ਲੈ ਕੇ "ਚਤੁਰਥ ਗੁਰੂ ਤਾਸ ਅਨੁਮਾਨਾ॥"

ਕਥਾ ਨੂੰ ਬਹੁਤਾ ਵਿਸਤਾਰ ਨਾ ਦੇਂਦਾ ਹੋਇਆ ਬੇਨਤੀ ਕਰਾਂ ਕਿ ਦੱਤ ਮੁਨੀ ਨੇ ਹਰੇਕ ਜੀਵ ਤੋਂ ਉਸ ਦਾ ਆਪਣੇ ਕੰਮਾਂ ਵਿਚ ਲੀਨਤਾ ਦਾ ਗੁਣ ਲੈ ਕੇ ਗੁਰੂ ਧਾਰਣ ਕੀਤਾ ਤੇ ਵਿਚਾਰਿਆ ਕਿ ਮਨੁੱਖ ਇਸ ਤਰ੍ਹਾਂ ਪ੍ਰਮੇਸ਼ਰ ਦੇ ਧਿਆਨ ਵਿਚ ਇਕ ਮਿੱਕ ਹੋ ਜਾਵੇ ਤਾਂ ਹੀ ਉਸ ਦੀ ਪ੍ਰਾਪਤੀ ਕਰ ਸਕਦਾ ਹੈ।

ਦੱਤ ਮੁਨੀ ਨੇ ਚਲਦੇ ਚਲਦੇ ਇਕ ਬਿੱਲਾ ਵੇਖਿਆ "ਮੂਸ ਕਾਜ ਜਸ ਲਾਵਤ ਧਿਆਨੂੰ॥ ਲਾਜਤ ਦੇਖਿ ਮਹੰਤ ਮਹਾਨੂੰ॥" ਭਾਵ ਚੂਹੇ ਦੇ ਫੜਣ ਲਈ ਇਸ ਤਰ੍ਹਾਂ ਧਿਆਨ-ਮਗਨ ਹੈ ਕਿ ਵੱਡੇ ਵੱਡੇ ਤਪੱਸਵੀ ਵੀ ਲੱਜਾਵਾਨ ਹੁੰਦੇ ਹਨ ਤਾਂ ਇਹ ਭਾਵ ਲੈ ਕੇ ਬਿੱਲੇ ਨੂੰ ਗੁਰੂ ਮੰਨਿਆ ਤੇ ਕਿਹਾ "ਐਸੀ ਭਾਂਤਿ ਧਿਆਨ ਜੋ ਲਾਵੈ॥ ਸੋ ਨਿਹਚੈ ਸਾਹਿਬ ਕੋ ਪਾਵੈ॥"

ਆਪਣੇ ਚੇਲਿਆਂ ਦੀ ਭਾਰੀ ਭੀੜ ਨਾਲ "ਦੱਤਾ ਤ੍ਰੇ" ਜੀ ਅੱਗੇ ਗਏ ਤਾਂ ਇਕ ਰੂੰ ਪਿੰਜਣ ਵਾਲਾ ਪੇਂਜਾ ਵੇਖਿਆ ਜੋ ਰੂੰ ਪਿੰਜ ਰਿਹਾ ਹੈ ਅਤੇ ਕੋਲੋਂ ਏਨਾਂ ਵੱਡਾ ਇਕੱਠ ਮਨੁੱਖਾਂ ਦਾ ਲੰਘ ਰਿਹਾ ਪਰ "ਰੂਈ ਧੁਨਖਤੋ ਫਿਰਿਨ ਨਿਹਾਰਾ॥ ਨੀਚ ਹੋਣਾ ਗ੍ਰੀਵਾ ਰਹਾ ਬਿਚਾਰਾ॥" ਭਾਵ ਉਸ ਨੇ ਆਪਣੀ ਗਰਦਨ ਥੋੜ੍ਹੀ ਜਿੰਨੀ ਵੀ ਉਤਾਹਾਂ ਕਰਕੇ ਨਹੀਂ ਵੇਖਿਆ ਤਾਂ ਇਹ ਵੇਖ ਕੇ ਹੱਸੇ ਅਤੇ ਮਨ ਹੀ ਮਨ ਵਿਚ ਕਿਹਾ "ਤੈਸੀਏ ਪ੍ਰਭ ਸਿਉ ਪ੍ਰੀਤ ਲਗਈਐ॥ ਤਬ ਹੀ ਪੁਰਖ ਪੁਰਾਤਨ ਪਈਐ॥" ਇਹ ਸਮਝ ਕੇ ਪੇਂਜੇ ਨੂੰ ਗੁਰੂ ਤਸਲੀਮ ਕੀਤਾ।

ਅੱਗੇ ਜਾਂਦੇ ਜਾਂਦੇ ਇਕ ਮੱਛੀਆਂ ਫੜਣ ਵਾਲਾ ਮਾਛੀ



Namdhari Elibrary NamdhariElibrary@gmail.com

ਨੂੰ ਵੇਖਿਆ ਜਿਸ ਨੇ ਜਾਲ ਕੰਧੇ ਤੇ ਧਰਿਆ ਹੋਇਆ ਹੈ ਅਤੇ ਹੱਥ ਵਿਚ ਕੁੰਡੀ ਵਾਲੀ ਸੋਟੀ (ਬਿਨਛੀ) ਫੜੀ ਹੋਈ ਹੈ। ਉਹ ਮੱਛੀਆਂ ਫੜਣ ਦੀ ਆਸ ਵਿਚ ਜਾ ਰਿਹਾ ਇੰਜ ਪ੍ਰਤੀਤ ਹੁੰਦਾ ਹੈ ਮਾਨੋ ਉਸ ਵਿਚ ਸਾਹ ਹੀ ਨਹੀਂ ਹੈ। ਹੋਰ ਕੋਈ ਆਸਾ ਨਹੀਂ ਤਾਂ ਮੁਨੀ ਨੇ ਸੋਚਿਆ "ਇਹ ਬਿਧਿ ਨੇਹ ਨਾਥ ਸੋ ਲਈਐ॥ ਤਬ ਹੀ ਪੂਰਨ ਪੁਰਖ ਕਹ ਪਈਐ॥"

ਇਸ ਤਰ੍ਹਾਂ ਮੁਨੀ ਆਪਣੇ ਚੇਲਿਆਂ ਸਮੇਤ ਦਕਸ਼ ਪ੍ਰਜਾਪਤਿ ਦੇ ਘਰ ਆਇਆ ਤਾਂ ਉਥੇ ਇਕ ਦਾਸੀ ਵੇਖੀ ਜੋ ਚੰਦਨ ਘਸਾ ਰਹੀ ਹੈ ਉਹ ਆਪਣੇ ਕੰਮ ਵਿਚ ਇਕਾਗਰ ਚਿੱਤ ਸੀ। ਦੱਤ ਆਪਣੇ ਚੇਲਿਆਂ ਨਾਲ ਉਸ ਕੋਲੋਂ ਉਸ ਦਾ ਸਰੀਰ ਛੋਂਦੇ ਹੋਇਆ ਲੰਘ ਗਿਆ ਪਰ ਦਾਸੀ ਨੇ ਸਿਰ ਚੁੱਕ ਕੇ ਨਹੀਂ ਵੇਖਿਆ ਕਿ ਕੌਣ ਲੰਘਿਆ ਹੈ। ਤਾਂ ਦੱਤ ਨੇ ਕਿਹਾ "ਧੰਨਿ ਧੰਨਿ ਏਹ ਚੇਰਿਕਾ ਸਭਾਗੀ॥ ਜਾ ਕੀ ਪ੍ਰੀਤਿ ਨਾਥ ਸੰਗ ਲਾਗੀ॥" ਅਤੇ ਇਸਨੂੰ ਅਠਵਾਂ ਗੁਰੂ ਮੰਨਿਆ।

ਅਗੇ ਇਕ ਬਨਜਾਰਾ ਮਿਲਿਆ ਜੋ ਬਲਦਾਂ ਤੇ ਮਾਲ ਲੱਦ ਕੇ ਵੇਚਣ ਵਾਸਤੇ ਜਾ ਰਿਹਾ ਹੈ ਕੇਵਲ ਤੇ ਕੇਵਲ ਧਨ ਕਮਾਣ ਦੀ ਇੱਛਾ ਹੈ, ਰਾਤ ਦਿਨ ਚੱਲ ਰਿਹਾ ਹੈ ਜਿਸਨੂੰ ਧੁੱਪ, ਛਾਂ, ਗਰਮੀ, ਸਰਦੀ ਦੀ ਪ੍ਰਵਾਹ ਨਹੀਂ। ਤਾਂ ਦੱਤ ਨੇ ਵਿਚਾਰ ਕੀਤੀ "ਐਸ ਭਾਂਤਿ ਜੋ ਸਾਹਿਬ ਧਿਆਈਐ॥ ਤਬ ਹੀ ਪੁਰਖ ਪੁਰਾਤਨ ਪਈਐ॥" ਤੇ ਇਸਨੂੰ ਗੁਰੂ ਮੰਨਿਆ।

ਅੱਗੇ ਚੱਲ ਕੇ ਮੁਨੀ ਏਕ "ਸੁਰੱਥ" ਨਾਮਾ ਰਾਜੇ ਨੂੰ ਵੇਖਿਆ ਜੋ ਸੁੰਦਰ, ਸਰਬ ਗੁਣ ਸਪੰਨ ਹੈ ਜੋ ਰਾਤ ਦਿਨ ਨਿਰੰਤਰ ਚੰਡੀ ਨੂੰ ਪੂਜਦਾ ਸੀ ਰਾਜ ਸਾਜ ਹੁੰਦਿਆਂ ਰਾਤ ਦਿਨ ਉਦਾਸ ਵਿਰਕਤ ਵੇਖਿਆ। ਇਸ ਨੂੰ ਗੁਰੂ ਸਮਝਿਆ ਅਤੇ ਅੱਗੇ ਚੱਲ ਪਿਆ।

ਜਾਂਦੇ ਜਾਂਦੇ ਇਕ ਛੋਟੀ ਲੜਕੀ ਨੂੰ ਵੇਖਿਆ ਜੋ ਇਕ ਗੁੱਡੀ ਨਾਲ ਖੇਡ ਰਹੀ ਹੈ, ਆਪਣੀ ਖੇਡ ਵਿਚ ਏਨੀ ਮਗਨ ਹੈ "ਨ ਬਾਲਾ ਨਿਹਾਰਯੋ॥ ਨਖੇਲੰ ਬਿਸਾਰਯੋ॥" ਭਾਵ ਮੋਨੀ ਉਸ ਲੜਕੀ ਕੋਲ ਗਿਆ ਪਰ ਉਸ ਲੜਕੀ ਨੇ ਮੁਨੀ ਵੱਲ ਤੱਕਿਆ ਵੀ ਨਹੀਂ ਨਾ ਹੀ ਆਪਣੀ ਖੇਡ ਨੂੰ ਛੱਡਿਆ। ਇਹ ਵੇਖ ਕੇ "ਗੁਰੂ ਤਾਸ ਕੀਨਾ॥ ਮਹਾਂ ਮੰਤ੍ਰ ਭੀਨਾ॥" ਉਸਨੂੰ ਗੁਰੂ ਮੰਨ ਲਿਆ।

ਦਤਾ ਤ੍ਰੇ ਜਾ ਰਿਹਾ ਹੈ ਅਧੀ ਰਾਤ ਦਾ ਵੇਲਾ ਹੈ ਮੋਹਲੇਧਾਰ ਵਰਖਾ ਹੋ ਰਹੀ ਹੈ ਸਭ ਜੀਵ ਜੰਤ ਪਸ਼ੂ ਪੰਛੀ ਮੀਂਹ ਤੋਂ ਡਰਦੇ ਆਪਣੇ ਬਚਾਅ ਵਾਸਤੇ ਆਪਣੇ ਆਪਣੇ ਘਰਾਂ ਵਿਚ ਚਲੇ ਗਏ ਹਨ ਪਰ ਇਸ ਨੇ ਇਕ ਨੌਕਰ ਨੂੰ ਵੇਖਿਆ ਜੋ ਆਪਣੇ ਮਾਲਕ ਦੇ ਦਰਵੱਜੇ ਤੇ ਪਹਿਰਾ ਦੇ ਰਿਹਾ ਹੈ ਮੁਨੀ ਨੇ ਉਸ ਪਹਿਰੇਦਾਰ ਦੇ ਨੇੜੇ ਜਾ ਕੇ ਵੇਖਿਆ ਕਿ ਇਸ ਤਰ੍ਹਾਂ ਦੇ ਮੌਸਮਾਂ ਵਿਚ ਆਪਣੀ ਥਾਂ ਤੇ ਖਲੋਤਾ ਹੈ ਇਕ ਪੈਰ ਵੀ ਨਹੀਂ ਚੁੱਕ ਰਿਹਾ ਮਾਨੋ ਇਸ ਤਰ੍ਹਾਂ ਖੜੋਤਾ ਹੈ ਜਿਵੇਂ ਰਣ ਭੂਮੀ ਵਿਚ ਖੰਭਾ ਗੱਡਿਆ ਹੋਵੇ। ਜਿਸ ਥਾਂ ਤੇ ਖਲੋਤਾ ਹੈ ਉਸ ਦੇ ਪੈਰਾਂ ਵਾਲੀ ਜ਼ਮੀਨ ਸੁੱਕੀ ਹੈ। ਤਾਂ ਮੁਨੀ ਇਹ ਵੇਖ ਕੇ ਹੈਰਾਨ ਹੋਇਆ ਤੇ ਉਸਨੂੰ ਗੁਰੂ ਜਾਣ ਕੇ ਉਸ ਦੇ ਪੈਰੀਂ ਪੈ ਗਿਆ। ਮੁਨੀ ਦੱਤ ਜੀ ਚੇਲਿਆਂ ਦੀ ਭੀੜ ਨਾਲ ਤੁਰੇ ਜਾ ਰਹੇ ਹਨ ਜਿਹੜਾ ਵੀ ਸਰੀਰ ਉਨ੍ਹਾਂ ਨੂੰ ਦੇਖਦਾ ਹੈ ਉਹਨਾਂ ਦੇ ਤੇਜ ਪ੍ਰਤਾਪ ਨੂੰ ਵੇਖ ਕੇ ਗੁਰੂ ਸਮਾਨ ਜਾਣਦੇ ਹਨ ਅਤੇ ਸਮਝਦੇ ਹਨ ਕਿ ਮੁਨੀ ਜੀ ਦੇ ਦਰਸ਼ਨ ਕੀਤਿਆਂ ਉਹਨਾਂ ਦੇ ਪਾਪ ਭੱਜ ਗਏ ਹਨ। ਇਸਤਰੀਆਂ ਹਨ ਘਰ ਛੱਡ ਛੱਡ ਕੇ ਬਾਹਰ ਆ ਆ ਕੇ ਦੇਖਦੀਆਂ ਤਾਂ ਮੋਹੀਆਂ ਜਾਂਦੀਆਂ ਹਨ ਭਾਵੇਂ ਬਿਰਧ, ਜਵਾਨ ਜਾਂ ਬਾਲਿਕਾਵਾਂ ਹਨ। ਦਰਸ਼ਨ ਕਰ ਕੇ ਸੁੱਧ ਬੁੱਧ ਭੁੱਲ ਜਾਂਦੀਆਂ ਹਨ। ਉਹਨਾਂ ਵਿਚ ਇਕ ਇਸਤਰੀ ਵੇਖੀ ਜੋ ਪਾਰਬਤੀ, ਲਛਮੀ, ਇੰਦਰਾਣੀ ਨਾਲੋਂ ਵੀ ਰੂਪਵਾਨ ਅਤੇ ਗੁਣਵਾਨ ਹੈ। ਉਹ ਆਪਣੇ ਪਤੀਬ੍ਰਤ ਧਰਮ ਨੂੰ ਨਿਬਾਹੁਣ ਵਾਲੀ ਹੈ ਤਾਂ ਮੁਨੀ ਜੀ ਉਸ ਦੇ ਬ੍ਰਤ ਅਤੇ ਆਚਾਰ ਨੂੰ ਵੇਖ ਕੇ, ਹੋਰ ਨਾਲ ਦਿਆਂ ਸਹਿਤ ਜਟ-ਧਾਰੀ ਸਭ ਪੈਰੀਂ ਲੱਗੇ ਕਿਉਂਕਿ ਉਸ ਦਾ ਤਨ, ਮਨ ਆਪਦੇ ਪ੍ਰਤੀ ਪ੍ਰੇਮ-ਰਸ ਵਿਚ ਭਿੱਜਾ ਹੋਇਆ ਸੀ ਅਤੇ ਸਮਝਿਆ ਕਿ ਪ੍ਰਮਾਤਮਾ ਨਾਲ ਜੀਵ ਦਾ ਭਰਤਾ-ਇਸਤ੍ਰੀ ਦਾ ਇਸ ਤਰ੍ਹਾਂ ਦਾ ਸਬੰਧ ਹੋਵੇ ਤਾਂ ਆਪਣੇ ਪਤੀ ਪ੍ਰਮਾਤਮਾ ਨੂੰ ਪ੍ਰਾਪਤ ਕਰ ਸਕਦੀ ਹੈ ਇਸ ਪ੍ਰਕਾਰ ਇਸ ਨੂੰ ਮਨ ਹੀ ਮਨ ਵਿਚ ਗੁਰੂ ਮੰਨਿਆ।

ਹੁਣ ਮੁਨੀ ਪੱਛਮ, ਪੂਰਬ ਅਤੇ ਉਤਰ ਦਿਸ਼ਾਵਾਂ ਦੇ ਦੇਸ਼ਾਂ ਦੀ ਯਾਤਰਾ ਕਰਕੇ ਚੌਥੀ ਦਿਸ਼ਾ ਦੱਖਣ ਨੂੰ ਜਾ ਰਿਹਾ ਹੈ। ਏਧਰ "ਚਿਤ੍ਰ" ਨਾਂ ਦਾ ਨਗਰ ਵੇਖਿਆ। ਉਸ ਨਗਰ ਦੇ ਰਾਜੇ ਨੇ ਹਰ ਤਰ੍ਹਾਂ ਦੇ ਜਾਨਵਰਾਂ ਦਾ ਸ਼ਿਕਾਰ ਕੀਤਾ ਹੋਇਆ ਹੈ। ਆਪਣੀ ਚਤੁਰੰਗਨੀ (ਚਾਰ ਤਰ੍ਹਾਂ ਦੀ ਫੌਜ) ਸੈਨਾ ਨਾਲ ਲੈ ਜਾ ਰਿਹਾ ਹੈ। ਉਥੇ ਰਾਹ ਵਿਚ ਕੀ ਦੇਖਿਆ ਇਕ ਤੀਰ ਬਨਾਉਣ ਵਾਲਾ (ਬਾਨਗਰ) ਆਪਣੇ ਕੰਮਾਂ ਵਿਚ ਲੱਗਾ ਹੋਇਆ ਹੈ। ਕੋਲ ਦੀ ਵੱਡੀ ਗਿਣਤੀ ਵਿਚ ਫੌਜ ਲੰਘ ਰਹੀ ਹੈ। ਘੋੜੇ ਹਿਣਕਦੇ ਹਨ ਹਾਥੀ ਚਿੰਘਾੜਦੇ ਹਨ ਢੋਲ ਢਮੱਕਾ ਹੋ ਰਿਹਾ ਹੈ ਪਰ ਮੁਨੀ ਨੇ ਕੀ ਵੇਖਿਆ ਕਿ ਬਾਨਗਰ ਨੇ ਇਕ ਵੇਰ ਵੀ ਆਪਣਾ ਸਿਰ ਚੁੱਕ ਕੇ ਉਤਾਂਹ ਨਹੀਂ ਤਕਿਆ ਮਨੋ ਕਿਸੇ ਨੇ ਚਿੱਤਰ ਬਣਾ ਕੇ ਰਖਿਆ ਹੋਵੇ ਇਹ ਵੇਖ ਕੇ ਮੁਨੀ ਹੈਰਾਨ ਹੋਇਆ ਤੇ ਸੋਚਿਆ "ਇਸ ਨਾਹ ਸੌ ਜੋ ਨਰ ਨੇਹ ਕਰੈ॥ ਭਵ ਧਾਰ ਅਪਾਰਹਿ ਪਾਰ ਪਰੈ"॥ ਇਸ ਤਰ੍ਹਾਂ ਦੀ ਇਕਾਗਰਤਾ ਦਾ ਗੁਣ ਲੈ ਬਾਨਗਰ ਨੂੰ ਗੁਰੂ ਮੰਨਿਆ।

ਅੱਗੇ ਚੱਲ ਕੇ ਮੁਨੀ ਨੇ ਇਕ ਚੀਲ ਨੂੰ (ਇੱਲ) ਨੂੰ ਵੇਖਿਆ,



Namdhari Elibrary NamdhariElibrary@gmail.com

ਜਿਸ ਦੇ ਮੂੰਹ ਵਿਚ ਇਕ ਮਾਸ ਦਾ ਟੁਕੜਾ ਹੈ ਅਤੇ ਆਪਣੇ ਘਰ ਨੂੰ ਉੱਡਦੀ ਜਾ ਰਹੀ ਹੈ। ਇਕ ਹੋਰ ਇੱਲ ਨੇ ਇਸ ਇੱਲ ਨੂੰ ਮੂੰਹ ਵਿਚ ਮਾਸ ਦਾ ਟੁਕੜਾ ਲੈ ਜਾ ਰਹੀ ਨੂੰ ਵੇਖਿਆ ਜੋ ਇਸ ਨਾਲੋਂ ਬਲਵਾਨ ਸੀ। ਮਾਸ ਦਾ ਟੁਕੜਾ ਖੋਹਣ ਲਈ ਅਕਾਸ਼ ਵਿਚ ਹੀ ਯੁੱਧ ਮਚਾ ਦਿੱਤਾ ਤਾਂ ਪਹਿਲੀ ਇੱਲ ਮਾਸ ਦਾ ਟੁਕੜਾ ਛੱਡ ਕੇ ਅਕਾਸ਼ ਵਿਚ ਉੱਡ ਗਈ। ਫੇਰ ਧਰਤੀ ਤੇ ਆ ਕੇ ਬੇਫਿਕਰ ਹੋ ਕੇ ਬੈਠ ਗਈ ਤਾਂ ਮੁਨੀ ਨੇ ਇਸਨੂੰ ਗੁਰੂ ਧਾਰਣ ਕੀਤਾ ਏਸ ਸਮਝ ਕੇ ਕਿ ਜਦ ਕੋਈ ਜਗਿਆਸੂ ਧਨ ਨੂੰ ਦੁਖ ਦਾ ਕਾਰਣ ਸਮਝ ਕੇ ਤਿਆਗ ਦੇਵੇ ਅਤੇ ਮਨ ਨੂੰ ਆਸ ਤੋਂ ਬਿਨਾਂ ਵਿਰਕਤ ਹੋ ਜਾਵੇ ਤਾਂ ਪੰਜੇ ਇੰਦਰੀਆਂ ਵਿਸ਼ਿਆਂ ਨੂੰ ਤਿਆਗ ਕੇ ਅਚਲ ਹੋ ਜਾਂਦੀਆਂ ਹਨ।

ਜਾਂਦੇ ਜਾਂਦੇ ਇਕ ਨਦੀ ਦੇ ਕਿਨਾਰੇ ਦੱਤਾ ਤ੍ਰੈ ਨੇ ਇਕ "ਦੁਧੀਰਾ" ਪੰਛੀ ਉਡਦਾ ਵੇਖਿਆ ਜਿਥੇ ਪਾਣੀ ਵਿਚ ਮਛੀਆਂ ਉਛਲ ਰਹੀਆਂ ਹਨ ਉਹ ਪੰਛੀ ਇਕ ਚਿੱਤ ਹੋ ਕੇ ਅਕਾਸ਼ ਵਿਚ ਥਰ-ਥਰਰਾ (ਥਿਰਕ) ਰਿਹਾ ਹੈ। ਉਹ ਆਪਣੀਆਂ ਅੱਖਾਂ ਨਾਲ ਹੋਰ ਕਿਸੇ ਨੂੰ ਵੇਖਦਾ ਹੀ ਨਹੀਂ ਕੇਵਲ ਉਸ ਦਾ ਮਨ ਅਤੇ ਅੱਖਾਂ ਮੱਛੀਆਂ ਵੱਲ ਗੱਡੀਆਂ ਹਨ। ਉਥੇ ਮੁਨੀ ਨੇ ਇਸ਼ਨਾਨ ਕੀਤਾ ਹਰੀ ਦੇ ਧਿਆਨ ਲਾਇਆ। ਸੂਰਜ ਡੁੱਬ ਗਿਆ ਪਰ ਮਛੀਆਂ ਦਾ ਵੈਰੀ (ਦੁਧੀਰਾ) ਉਥੋਂ ਨਹੀਂ ਹਟਿਆ। ਉਸ ਦਾ ਧਿਆਨ ਨਹੀਂ ਛੁੱਟਿਆ। ਇਹ ਵੇਖ ਕੇ ਮਹਾ ਮੁਨੀ ਦਾ ਮਨ ਮੋਹਿਆ ਗਿਆ ਅਤੇ ਇਸ ਨੂੰ ਸਤਾਰ੍ਹਵਾਂ ਗੁਰੂ ਮੰਨਿਆ।

ਏਥੋਂ ਇਸ਼ਨਾਨ ਕਰ ਕੇ ਪ੍ਰਮੇਸ਼ਰ ਦਾ ਜਾਪ ਜਪਦਾ ਦੱਤਾ ਮੁਨੀ ਜੰਗਲ ਵਿਚ ਚਲਾ ਗਿਆ। ਇਕ ਤਲਾਬ ਵੇਖਿਆ ਓਥੇ ਦਰਖਤਾਂ ਦੇ ਪੱਤਿਆਂ ਦੇ ਓਹਲੇ ਇਕ ਸ਼ਿਕਾਰੀ ਨਜ਼ਰੀਂ ਪਿਆ ਜਿਸ ਦੇ ਹੱਥ ਵਿਚਲੀ ਕਮਾਨ ਵਿਚ ਲਿਸ਼ਕਦਾ ਹੋਇਆ ਤੀਰ ਕੱਸਿਆ ਹੋਇਆ ਹੈ ਉਹ ਹਿਰਨਾਂ ਨੂੰ ਮਾਰਣ ਦੀਆਂ ਕਈ ਜੁਗਤਾਂ ਕਰ ਰਿਹਾ ਹੈ। ਦੱਤ ਸੇਵਕਾਂ ਦੇ ਜਥੇ ਨਾਲ ਲੈ ਕੇ ਨੇੜੇ ਗਿਆ ਉਚੀ ਉਚੀ ਇਸ ਭੀੜ ਦਾ ਰੌਲਾ ਪੈ ਰਿਹਾ ਹੈ। ਏਧਰ ਸ਼ਿਕਾਰੀ ਸ਼ਿਕਾਰ ਦੀ ਉਡੀਕ ਵਿਚ ਬੈਠਾ ਹੈ। ਜਦ ਉਸ ਨੇ ਮੁਨੀ ਨੂੰ ਵੇਖਿਆ ਤਾਂ ਸ਼ਿਕਾਰ ਜਾਣ ਕੇ ਅਪਨਾ ਸਾਹ ਘੁੱਟ ਲਿਆ ਅਤੇ ਤੀਰ ਕੱਸ ਕੇ ਮੁਨੀ ਨੂੰ ਮਾਰਨ ਲਈ ਤਿਆਰ ਹੋ ਗਿਆ। ਇਹ ਵੇਖ ਕੇ ਮੁਨੀ ਦੇ ਨਾਲਦਿਆਂ ਸਾਧਾਂ ਨੇ ਕੱਸੇ ਹੋਏ ਤੀਰ ਨੂੰ ਵੇਖ ਕੇ ਉਸ ਨੂੰ ਕਿਹਾ ਇਹ ਹਿਰਨ ਨਹੀਂ ਇਹ ਤਾਂ ਮੁਨੀ ਰਾਜ ਹੈ। ਇਹ ਸੁਣ ਕੇ ਸ਼ਿਕਾਰੀ ਨੇ ਹੱਥੋਂ ਧਨੁਸ਼ ਬਾਣ ਨਹੀਂ ਛੱਡਿਆ। ਬਹੁਤ ਚਿਰ ਪਿਛੋਂ ਜਦ ਸ਼ਿਕਾਰ ਦਾ ਧਿਆਨ ਹਟਿਆ ਤਾਂ ਉਸ ਨੇ ਆਪਣੇ ਸਾਹਮਣੇ ਜਟਾਵਾਂ ਵਾਲਾ ਸਾਧੂ ਵੇਖਿਆ ਤਾਂ ਸ਼ਿਕਾਰੀ ਨੇ ਕਿਹਾ ਤੁਸੀਂ ਮੈਨੂੰ ਸਾਰੇ ਹਿਰਣ ਰੂਪ ਹੀ ਲੱਗਦੇ ਸੀ। ਮੁਨੀ ਉਸ ਦੀ ਦ੍ਰਿੜਤਾ ਨੂੰ ਵੇਖ ਕੇ ਸ਼ਰਮਸਾਰ ਹੋਇਆ ਉਸ ਨੂੰ ਗੁਰੂ ਮੰਨਿਆ ਤੇ ਕਿਹਾ "ਹਰਿ ਸੋਂ ਹਿਤ ਜੋ ਇਹ ਭਾਂਤਿ ਕਰੈ" ਭਵਭਾਰ ਅਪਾਰਹ ਪਾਰ ਪਰੈ॥ ਮਨ ਅੰਤਰਿ ਯਾਹੀ ਇਸਨਾਨ ਕਟੈ॥ ਜਗ ਤੇ ਫਿਰਿ ਆਵਨ ਜਾਣ ਮਿਟੈ॥"

ਮੁਨੀ ਜੀ ਆਪਣੇ ਜਥੇ ਸਮੇਤ ਤੁਰੇ ਜਾ ਰਹੇ ਹਨ। ਇਕ ਤੋਤੇ ਨੂੰ ਨਲਕੀ ਉਤੇ ਬੈਠਾ ਵੇਖਿਆ। ਉਸ ਤੋਤੇ ਨੂੰ ਪਿੰਜਰੇ ਵਿਚੋਂ ਕੱਢ ਦਿੱਤਾ ਤਾਂ ਤੋਤਾ ਝਟਪਟ ਉਡ ਗਿਆ। ਤਾਂ ਮੁਨੀ ਰਾਜ ਨੇ ਵਿਚਾਰ ਕੀਤੀ ਕਿ ਇਸ ਤਰ੍ਹਾਂ ਮਾਤਾ ਦੀ ਮਮਤਾ, ਪੁੱਤਰ ਇਸਤ੍ਰੀ ਦੇ ਮੋਹ ਕਰਕੇ ਮਨੁੱਖ ਦੀ ਬੁੱਧੀ ਜਕੜੀ ਹੋਈ ਹੈ, ਕਾਮਨਾਵਾਂ ਨੂੰ ਧਾਰਣ ਕਰਦਾ ਹੈ, ਮਾਇਆ ਵਿਚ ਫਸਿਆ ਹੋਇਆ ਹੈ ਪਰ ਜਦ ਇਹ ਜਗਿਆਸੂ ਤੋਤੇ ਵਾਂਗੂੰ ਧਨ ਦੌਲਤ ਮੋਹ ਆਦਿ ਨੂੰ ਛੱਡ ਦੇਂਦਾ ਹੈ ਤਾਂ ਸੁਖ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ ਤੋਤੇ ਨੂੰ ਗੁਰੂ ਮੰਨਿਆ।

ਇਸ ਤੋਂ ਬਾਅਦ ਚਲਦੇ ਚਲਦੇ ਇਕ ਸ਼ਾਹੂਕਾਰ ਨੂੰ ਦੇਖਿਆ ਜੋ ਅਪਨੇ ਵਪਾਰ ਵਿਚ ਬੜਾ ਸਾਵਧਾਨ ਹੈ। ਅਪਨਾ ਸੌਦਾ ਵੇਚਣ ਤੋਂ ਬਿਨਾਂ ਹੋਰ ਕੁਝ ਜਾਣਦਾ ਹੀ ਨਹੀਂ। ਦਤਾ ਤ੍ਰੈ ਜੀ ਆਪਨੇ ਸਾਥੀਆਂ ਨਾਲ ਜਾ ਕੇ ਉਸ ਦੇ ਦਰਵਾਜ਼ੇ ਤੇ ਬੈਠ ਗਏ ਪਰ ਉਹ ਸ਼ਾਹੂਕਾਰ ਦੀ ਬਿਰਤੀ ਧਨ ਕਮਾਉਣ ਵਿਚ ਇਸ ਤਰ੍ਹਾਂ ਲੱਗੀ ਸੀ ਅੱਖੀਆਂ ਮੀਟੀਆਂ ਹੋਈਆਂ ਸਨ ਇਵ ਲਗਦਾ ਸੀ ਜੋ ਬੜਾ ਵਿਰਕਤ ਹੋਵੇ। ਉਸਨੇ ਰਿਖੀਆਂ ਵੱਲ ਧਿਆਨ ਹੀ ਨਾ ਦਿੱਤਾ। ਉਸ ਦੇ ਪ੍ਰਭਾਵ ਨੂੰ ਵੇਖ ਕੇ ਮੁਨੀ ਰਾਜ ਨੇ ਕਿਹਾ।

"ਐਸ ਪ੍ਰੇਮ ਪ੍ਰਭ ਸੰਗ ਲਗਈਐ। ਤਬ ਹੀ ਪੁਰਖ ਪੁਰਾਤਨੁ ਪਈਐ।"

ਮੁਨੀ ਰਾਜ ਨੇ ਅੱਗੇ ਕੀ ਵੇਖਿਆ ਕਿ ਇਕ ਆਦਮੀ ਤੋਤੇ ਨੂੰ ਬੋਲੀ ਸਿਖਾ ਰਿਹਾ ਹੈ ਦਤਾ ਤ੍ਰੈ ਆਪਣੇ ਨਾਲ ਸੰਨਿਆਸੀਆਂ ਦੀ ਵੱਡੀ ਗਿਣਤੀ ਨਾਲ ਉਸ ਦੇ ਨੇੜੇ ਚਲੇ ਗਏ ਪਰ ਉਸ ਆਦਮੀ ਨੇ ਇਹਨਾਂ ਵੱਲ ਤੱਕਿਆ ਤੱਕ ਨਹੀਂ ਉਹ ਤੋਤੇ ਨੂੰ ਪੜ੍ਹਾਉਂਦਾ ਹੀ ਰਿਹਾ। ਉਸ ਦੀ ਮਗਨਤਾ ਨੂੰ ਵੇਖ ਕੇ ਮੁਨੀ ਰਾਜ ਨੇ ਕਿਹਾ ਇਹ ਮੇਰਾ ਗੁਰੂ ਹੈ ਕਿਉਂ 'ਐਸੋ ਨੇਹੁ ਨਾਥ ਸੋ ਲਾਵੈ॥ ਤਬ ਹੀ ਪਰਮ ਪੁਰਖ ਕਹੁ ਪਾਵੈ॥"

ਅੱਗੇ ਚੱਲ ਕੇ ਮੁਨੀ ਰਾਜ ਨੇ ਹਲ ਵਾਹੁੰਦਾ ਇਕ ਆਦਮੀ ਵੇਖਿਆ। ਉਸ ਦੀ ਪਤਨੀ ਜੋ ਬਹੁਤ ਸੁੰਦਰ ਸੀ, ਭੱਤਾ ਲੈ ਕੇ ਆਈ ਹੱਥ ਵਿਚ ਭਤਾ ਲੈ ਕੇ ਖੜ੍ਹੋਤੀ ਰਹੀ ਪਰ ਉਹ ਆਦਮੀ ਹਲ ਵਾਹੁੰਦਾ ਰਿਹਾ ਇਸਤਰੀ ਦਾ ਧਿਆਨ ਆਪਣੇ ਪਤੀ ਵਲ ਲੱਗਾ ਰਿਹਾ। ਸ਼ਿਰੋਮਣੀ ਮੁਨੀ, ਰਿਸ਼ੀਆਂ ਦੀ ਸੈਨਾ ਨੂੰ ਨਾਲ ਲੈ ਕੇ ਚੱਲ ਰਿਹਾ ਸੀ ਜਦੋਂ ਇਸ ਸਥਾਨ ਤੇ ਆਇਆ ਤਾਂ ਮੁਨੀ ਰਾਜ ਪਿੱਛੇ ਹੋ ਕੇ ਬੈਠ ਗਿਆ ਪਰ ਇਸਤਰੀ ਦਾ ਧਿਆਨ ਆਪਣੇ ਪਤੀ ਵਲ ਹੀ ਲੱਗਾ ਰਿਹਾ ਰਿਸ਼ੀ ਦੱਤ



Namdhari Elibrary NamdhariElibrary@gmail.com

ਉਸਦੀ ਇਕਾਗਰਤਾ ਨੂੰ ਵੇਖ ਕੇ ਪੈਰੀਂ ਪੈ ਗਿਆ ਅਤੇ ਬਾਈਵਾਂ ਗੁਰੂ ਤਸਲੀਮ ਕੀਤਾ।

ਬਾਈਵਾਂ ਗੁਰੂ ਤੋਂ ਬਾਅਦ ਜਾਂਦੇ ਜਾਂਦੇ ਮੁਨੀ ਰਾਜ ਨੇ ਇਕ ਅਨੂਪਮ ਯਕਸ਼-ਇਸਤਰੀ ਜੋ ਰਾਗਾਂ ਨਾਲ ਮਨਾਂ ਨੂੰ ਮੋਹਿਤ ਕਰਦੀ ਹੈ, ਵੇਖੀ। ਇਕ ਚਿੱਤ ਹੋ ਕੇ ਰਾਗ ਗਾ ਰਹੀ ਹੈ ਉਸਨੂੰ ਵੇਖ ਕੇ ਆਪਣੇ ਚਿੱਤ ਵਿਚ ਬੜਾ ਪ੍ਰਸੰਨ ਹੋਇਆ ਤੇ ਕਿਹਾ "ਇਹ ਭਾਂਤ ਜੋ ਹਰਿ ਸੰਗ॥ ਹਿਤ ਕੀਜੀਐ ਅਨਭੰਗ॥ ਤਬ ਪਾਈਐ ਹਰਿ ਲੋਕ॥ ਇਹ ਬਾਤ ਮੈ ਨਹੀ ਸੋਕ॥" ਭਾਵ ਇਸ ਤਰ੍ਹਾਂ ਜੋ ਪ੍ਰਮਾਤਮਾ ਨਾਲ ਅਟੁੱਟ ਪ੍ਰੇਮ ਕਰੇਗਾ ਉਹ ਜ਼ਰੂਰ ਹਰਿ ਲੋਕ ਨੂੰ ਪ੍ਰਾਪਤ ਕਰ ਲਵੇਗਾ ਇਸ ਗੱਲ ਵਿਚ ਜਰਾ ਜਿੰਨਾ ਵੀ ਸ਼ੱਕ ਨਹੀਂ ਹੈ। ਇਸਨੂੰ ਮਨ ਹੀ ਮਨ ਵਿਚ ਗੁਰੂ ਧਾਰਣ ਕੀਤਾ। ਤੇ ਇਸ ਤਰ੍ਹਾਂ "ਚਿਤ ਤਉਨ ਕੇ ਰਸ ਭੀਨ॥ ਗੁਰ ਤੇਈਸਵੇਂ ਤਿਹ ਕੀਨ"॥

ਇਸ ਤੋਂ ਪਿਛੋਂ ਆਪਣੇ ਚੇਲਿਆਂ ਨੂੰ ਨਾਲ ਲੈ ਕੇ ਸੁਮੇਰ ਪਰਬਤ ਦੀ ਚੋਟੀ ਤੇ ਜਾ ਕੇ ਘੋਰ ਤਪੱਸਿਆ ਕੀਤੀ ਤਾਂ ਪਰਮਾਤਮਾ ਕੁਝ ਪ੍ਰਸੰਨ ਹੋਏ। ਜਗਤ ਦਾ ਵਿਹਾਰ ਵੇਖ ਕੇ ਮੁਨੀ ਰਾਜ ਨੇ ਵਿਚਾਰ ਕੀਤੀ ਕਿ ਸੰਸਾਰ ਨੂੰ ਕੌਣ ਪੈਦਾ ਕਰਦਾ ਹੈ ਤੇ ਫਿਰ ਆਪਣੇ ਵਿਚ ਮਿਲਾ ਲੈਂਦਾ ਹੈ। ਉਸ ਨੂੰ ਗਿਆਨ ਪੂਰਵਕ ਸਮਝਣਾ ਚਾਹੀਦਾ ਹੈ। ਉਸ ਇਕ ਨੂੰ ਜਾਣੇ ਬਿਨਾਂ ਸ਼ਾਂਤੀ ਨਹੀਂ ਹੈ ਭਾਵੇਂ ਸਾਰੇ ਤੀਰਥਾਂ ਦਾ ਇਸ਼ਨਾਨ ਕਿਉਂ ਨ ਕਰ ਲਈਏ। ਜਦ ਇਕ ਨਾਮ ਨੂੰ ਸਿਮਰੋਗੇ ਤਦ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ ਇਸ ਤਰ੍ਹਾਂ ਗਿਆਨ ਨੂੰ ਗੁਰੂ ਧਾਰਣ ਕੀਤਾ।

ਉਸਨੂੰ ਸਮਝ ਆਗਈ ਕਿ ਇਕ ਦਾ ਗਿਆਨ ਹੋਣ ਤੋਂ ਬਿਨਾ ਗੁਰੂਆਂ ਦੀ ਸਿਖਿਆ ਫੋਕੀ ਹੈ। "ਜੋ ਏਕ ਕੇ ਰਸ ਭੀਨ॥ ਤਿਨ ਚਉਬਿਸੋ ਰਸ ਲੀਨ॥ ਜਿਨ ਏਕ ਕੋ ਨਹੀ ਬੂਝ॥ ਤਿਹ ਚਉਬਿਸੈ ਨਹੀ ਸੂਝ॥"

ਇਸ ਨੇ ਦਸ ਲੱਖ ਅਤੇ ਵੀਹ ਹਜ਼ਾਰ ਵਰ੍ਹੇ ਘੋਰ ਤਪੱਸਿਆ ਕੀਤਾ ਅਤੇ ਦੇਸ਼ ਦੇਸ਼ਾਂਤਰਾਂ ਵਿਚ ਆਪਣਾ ਮੱਤ ਚਲਾਇਆ ਜਦ ਰਿਸ਼ੀ ਰਾਜ ਦੀ ਅੰਤ ਦਸ਼ਾ ਆਈ ਤਾਂ ਯੋਗ ਬਲ ਕਰਕੇ ਇਸਨੂੰ ਆਪਣੇ ਅੰਤ ਸਮੇਂ ਦਾ ਪਤਾ ਚਲ ਗਿਆ। ਇਸਨੇ ਯੋਗ ਬਲ ਨਾਲ ਪੌਣ ਨੂੰ ਸਾਧ ਕੇ ਦਸਮ ਦੁਆਰ ਦੀ ਕਪਾਲ ਦੀ ਕਲੀ ਨੂੰ ਫੋੜ ਕੇ ਆਪਣੀ ਜੋਤਿ ਨੂੰ ਅਕਾਲ ਪੁਰਖ ਦੀ ਮਹਾਨ ਜੋਤਿ ਵਿਚ ਮਿਲਾ ਲਿਆ।

ਦਤਾ ਤ੍ਰੈ ਦੇ ਚਲੇ ਜਾਣ ਪਿਛੋਂ ਇਕ ਲੱਖ ਦਸ ਵਰ੍ਹੇ ਤੱਕ ਯੋਗ ਦਾ ਭੇਖ ਚਲਿਆ। ਜਦ ਬਾਰ੍ਹਵਾਂ ਵਰ੍ਹਾ ਬੀਤ ਰਿਹਾ ਸੀ ਤਾਂ ਸ਼ਿਵ ਜੀ ਦਾ ਦੂਜਾ ਅਵਤਾਰ ਪਾਰਸ ਨਾਥ ਨਾਂ ਦਾ ਪੁਰਖ ਧਰਤੀ ਤੇ ਪੈਦਾ ਹੋਇਆ।



# ਕੋਟਲੇ ਦੀ ਧਰਤ ਨੂੰ ਪ੍ਰਨਾਮ

*—ਜੁਗਿੰਦਰ ਸਿੰਘ ਮੁਕਤਾ*

ਕੋਟ ਵੇਰਾਂ ਕੋਟਲੇ ਦੀ ਧਰਤ ਨੂੰ ਪ੍ਰਨਾਮ ਹੈ
ਜਿਸ ਜਗ੍ਹਾ ਤੇ ਸੂਰਿਆਂ ਪੀਤਾ ਸ਼ਹੀਦੀ ਜਾਮ ਹੈ

ਅਜ਼ਾਦੀ ਦਾ ਛੋਹਿਆ ਗੀਤ ਸੀ, ਇਕ ਧੁਨ ਵਜਾਈ ਕੂਕਿਆਂ
ਮੰਜ਼ਲੇ ਮਕਸੂਦ ਲਈ, ਸ਼ਮ੍ਹਾ ਜਗਾਈ ਕੂਕਿਆਂ
ਜਜ਼ਬਾ ਸੀ ਦਿਲ ਵਿਚ ਦੇਸ਼ ਲਈ, ਰਸਨਾ ਤੇ ਵਸਦਾ ਰਾਮ ਹੈ
ਕੋਟ ਵੇਰਾਂ ਕੋਟਲੇ ਦੀ ..............

ਕਾੜ ਕਾੜ ਕਰਕੇ ਗੋਲੇ, ਤੋਪਾਂ ਦੇ ਜਦ ਕੜਕਦੇ
ਸੋਚੀਂ ਡੁੱਬੇ ਦਰਸ਼ਕਾਂ ਦੇ, ਦਿਲ ਸੀ ਸਹਿਮੇ ਧੜਕਦੇ
ਸਮਝਦੇ ਸੀ ਲੋਕ ਹੋ ਗਈ, ਕੂਕਿਆਂ ਦੀ ਸ਼ਾਮ ਹੈ।
ਕੋਟ ਵੇਰਾਂ ਕੋਟਲੇ ਦੀ .............

ਕਰਦੇ ਮੁਜ਼ਾਖਾਂ ਮੌਤ ਨੂੰ, ਚੜਿਆ ਅਨੋਖਾ ਰੰਗ ਸੀ
ਇਹ ਸ਼ਹਾਦਤ ਕੂਕਿਆਂ ਦੀ, ਤੋਂ ਜ਼ਮਾਨਾ ਦੰਗ ਸੀ
ਬਾਈਕਾਟ ਬਦੇਸ਼ੀਆਂ, ਸੰਗ ਛੇੜਿਆ ਸੰਗਰਾਮ ਹੈ
ਕੋਟ ਵੇਰਾਂ ਕੋਟਲੇ ਦੀ .............

ਜ਼ਾਲਮ ਨੂੰ ਫੜਕੇ ਦਾੜੀਓਂ, ਸੀ ਬਿਸ਼ਨ ਸਿੰਘ ਜਦ ਝੱਟਕਿਆ
ਖਾਂਦਾ ਉਹ ਘੁੰਮਣ ਘੇਰੀਆਂ ਜਦ ਧਰਤ ਤੇ ਸੀ ਪੱਟਕਿਆ
ਕਾਵ੍ਹਣ ਦੀ ਕੰਬ ਜ਼ਮੀਰ ਗਈ, ਅਰਾਮ ਹੁਣ ਹਰਾਮ ਹੈ
ਕੋਟ ਵੇਰਾਂ ਕੋਟਲੇ ਦੀ .............

ਪਕੜੇ ਗਏ ਸਾਥੀ ਆਪ ਕੇ, ਬਾਬਾ ਅਬ ਕਿਆ ਕਰੋਗੇ
ਬੰਦ ਜੇਹਲੋਂ ਮੇ ਉਮਰ ਭਰ, ਸਰਦ ਆਹੇਂ ਭਰੋਗੇ
ਮੈਂ ਘਰ ਘਰ ਕਰਦੂੰ ਰਾਮ ਸਿੰਘ ਪੈਗ਼ਾਮ ਸਿਖਾਂ ਨਾਮ ਹੈ
ਕੋਟ ਵੇਰਾਂ ਕੋਟਲੇ ਦੀ .............

ਅੰਗਰੇਜ਼ ਹਥੀਂ ਲਿਖ ਗਿਆ, ਤਰੀਖ ਵਾਲੇ ਪੇਜ ਤੇ
ਅਣਖਾਂ ਦੇ ਪਹਿਰੇ ਦਾਰ ਕੂਕੇ, ਬਾਗੀ ਹਨ ਅੰਗਰੇਜ਼ ਦੇ
ਬਣ ਗਿਆ ਮੁਰੀਦ 'ਮੁਕਤਾ' ਆਇਆ ਜੋ ਗੁਰ ਸਾਮ ਹੈ
ਕੋਟ ਵੇਰਾਂ ਕੋਟਲੇ ਦੀ .............



Namdhari Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Phone Office : 011-23516689, 011-23614784

Mobile Phone : S. Charanjit Singh 98105-56398
S. Satvinder Singh 9811655210





Namdhari Elibrary NamdhariElibrary@gmail.com



# ਪਾਕਿਸਤਾਨੀ ਸ਼ਇਰਾਂ ਦੇ ਚੋਣਵੇਂ ਪੰਜਾਬੀ ਸ਼ੇਅਰ

*ਇਨਾਮ ਅਦੀਬ*

✲ ਡੂੰਘੀਆਂ ਸੋਚਾਂ ਸ਼ਾਮ ਸਵੇਰੇ।
ਦਿਲ ਵਿਚ ਪਈਆਂ ਪਾਣ ਹਨੇਰੇ।

✲ ਧਰਤੀ ਉਤੇ ਕੀ ਲੱਭੇਂਗਾ?
ਖੁਸ਼ੀਆਂ ਘੱਟ ਨੇ ਦੁਖ ਵਧੇਰੇ।

✲ ਕਿੱਸਰਾਂ ਤੇਰੇ ਦਰ ਤੇ ਆਈਏ,
ਦੁਸ਼ਮਣ ਖੜੇ ਨੇ ਰਾਵ੍ਹਾਂ ਘੇਰੇ।

✲ ਗ਼ਮ ਦੇ ਸੁਅਲੇ ਵੇਖ ਅਦੀਬ,
ਇਕ ਇਕ ਕਰਕੇ ਹੋਣ ਵਧੇਰੇ।

*ਬਾਬਾ ਨਜਮੀ (ਕਰਾਚੀ)*

✲ ਅੱਖਰਾਂ ਵਿਚ ਸਮੁੰਦਰ ਰੱਖਾਂ ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।

✲ ਮਾਂ ਬੋਲੀ ਦੀ ਘਰ ਵਿਚ ਇੱਜ਼ਤ ਕੌਮੀ ਜਿੰਨੀ ਵੇਖ ਰਿਹਾਂ।
ਦੇਸ਼ ਪਰਾਏ ਕੀ ਹੋਵੇਗਾ ਖਵਰੇ ਹਾਲ ਪੰਜਾਬੀ ਦਾ।

*ਸਲੀਮ ਜਹਾਂਗੀਰ*

✲ ਅਜੇ ਨਾ ਮਾਰੀਂ ਫੂਕ ਦੀਵੇ ਨੂੰ, ਅਜੇ ਨਾ ਬੂਹੇ ਢੋਅ।
ਉਡੀਕ ਦੀਆਂ ਪੈੜਾਂ ਦੀ ਰੁੱਤੇ, ਰੁੱਖਾਂ ਵਾਂਗ ਖਲੋਅ।

✲ ਮੈਂ ਹਾਂ ਜਿਸਦੀ ਕੰਡ ਤੇ ਉੱਸਰੇ, ਸਾਰੇ ਤਾਜ-ਮਹੱਲ,
ਮੇਰਾ ਮੁੜ੍ਹਕਾ ਪੀ ਕੇ ਮਿੱਟੀ ਜੰਮਦੀ ਰਹੀ ਖੁਸ਼ਬੋਅ।

✲ ਹਿਸਾਬ ਕਿਤਾਬ ਦੇ ਵਰਕਿਆਂ ਉਤੇ ਓੜਕ ਲਿਖਣਾ ਪੈਣਾਂ ਏ,
ਬੰਦੇ ਦੇ ਸਾਹਵਾਂ ਤੋਂ ਵਧ ਗਏ, ਬੰਦੇ ਨਾਲ ਧਰੋਹ।

*ਸ਼ਹਿਜ਼ਾਦ ਅਹਿਮਦ*

✲ ਬੱਦਲ ਲੰਘ ਗਏ ਸੂਰਜ ਚੜ੍ਹਿਆ ਚਮਕ ਪਿਆ ਜੱਗ ਸਾਰਾ।
ਅੱਖਾਂ ਦੇ ਵਿਚ ਖੁੱਭਦਾ ਜਾਵੇ ਪਾਣੀ ਦਾ ਲਿਸ਼ਕਾਰਾ।

✲ ਅਜੇ ਵੀ ਕੋਈ ਕੋਈ ਅੱਥਰੂ, ਪਲਕਾਂ ਉਤੇ ਚਮਕੇ,
ਰਾਤ ਹਨੇਰੀ ਅਸਮਾਨਾਂ ਤੇ ਟਾਵਾਂ ਟਾਵਾਂ ਤਾਰਾ।

✲ ਉਹਦੇ ਨਾਲ ਦਾ ਜੇ ਕੋਈ ਹੋਵੇ ਤਾਂ ਤੇ ਮੈਂ ਸਮਝਾਵਾਂ,
ਸਿਫਤ ਉਸਦੀ ਮੈਂ ਕੀ ਦੱਸਾਂ, ਜਿਸਦਾ ਰੰਗ ਨਿਆਰਾ।

✲ ਖੌਰੇ ਲੋਕ ਅਸਮਾਨਾਂ ਉਤੇ ਕਿਸਰਾਂ ਡੇਰੇ ਲਾਉਂਦੇ,
ਸਾਨੂੰ ਪੈਰ ਨਾ ਪੁੱਟਣ ਦੇਵੇ, ਇਹ ਮਿੱਟੀ ਇਹ ਗਾਰਾ।

✲ ਤੇਰੀ ਅੱਖ ਦਾ ਚਾਨਣ ਹੁੰਦਾ, ਮੇਰੀ ਅੱਖ ਦਾ ਨੂਰ,
ਲੱਖਾਂ ਦੀਵੇ ਰੌਸ਼ਨ ਕਰਦਾ ਤੇਰੇ ਦਿਲ ਦਾ ਦੀਵਾ।

*ਹਕੀਮ ਨਾਸਰ*

✲ ਬਾਗਾਂ 'ਚੋਂ ਖੋਹ ਖੋਹ ਕੇ ਲੈ ਗਏ ਕਲੀਆਂ ਸਣੇ ਭੁਲੇਰੇ ਫੁੱਲ।
ਅਜੇ ਵੀ ਹੈਨ ਬਥੇਰੀਆਂ ਕਲੀਆਂ, ਅਜੇ ਵੀ ਹੈਨ ਬਥੇਰੇ ਫੁੱਲ।

✲ ਆਪੋ ਆਪਣੀ ਪਈ ਏ ਸਭ ਨੂੰ, ਕੋਈ ਕਿਸੇ ਦਾ ਹੱਥ ਨਾ ਵੰਡੇ,
ਕਦੀ ਭੁਲੇਰੇ ਸੱਪ ਨਹੀਂ ਫੜਦੇ, ਕਦੀ ਨਾ ਖੋਹਣ ਸਪੇਰੇ ਫੁੱਲ।

*ਹਬੀਬ ਜਾਲਬ*

✲ 'ਜਾਲਬ' ਸਾਈਂ ਕਦੀ ਕਦਾਈਂ ਚੰਗੀ ਗੱਲ ਕਹਿ ਜਾਂਦਾ ਏ।
ਲੱਖ ਪੂਜੋ ਚੜ੍ਹਦੇ ਸੂਰਜ ਨੂੰ, ਆਖਰ ਇਹ ਲਹਿ ਜਾਂਦਾ ਏ।

✲ ਸਾਂਦਲਬਾਰ ਵਸੇਂਦੀਏ ਹੀਰੇ ਵਸਦੇ ਰਹਿਣ ਤੇਰੇ ਹਾਸੇ,
ਦੋ ਪਲ ਤੇਰੇ ਗ਼ਮ ਦਾ ਪ੍ਰਾਹੁਣਾ ਅੱਖੀਆਂ ਵਿਚ ਰਹਿ ਜਾਂਦਾ ਏ।

✲ ਹਾਏ ਦੁਆਬੇ ਦੀ ਉਹ ਦੁਨੀਆ ਜਿਥੇ ਮੁਹੱਬਤ ਵਸਦੀ ਏ,
ਹੰਝੂ ਬਣਕੇ ਦੁੱਖ ਵਤਨਾਂ ਦਾ, ਅੱਖੀਆਂ 'ਚੋਂ ਵਹਿ ਜਾਂਦਾ ਏ।
ਫ਼ਜਰੇ ਚਮਕਾਉਂਦਾ ਡਿੱਠਾ ਏ ਜਾਲਬ ਸਾਰੀ ਦੁਨੀਆਂ ਨੂੰ,
ਰਾਤੀਂ ਜਿਹੜਾ ਸੇਕ ਦੁੱਖਾਂ ਦੇ ਹੱਸ ਹੱਸ ਕੇ ਸਹਿ ਜਾਂਦਾ ਏ।

*ਗੁਲਾਮ ਯਾਕੂਬ ਅਨਵਰ*

✲ ਰੰਗਪੁਰ ਖੇੜੀਂ ਲੰਘਦੇ ਜੋਗੀ ਇਹ ਨਹੀਂ ਸੋਚਾਂ ਕਰਦੇ,
ਉਭੜਵਾਹੇ ਗਾਲ੍ਹਾਂ ਪੈਣ ਕਿ ਵਿਹੰਦਿਆਂ ਸਾਰ ਸਲਾਮਾਂ।

✲ ਅਜ ਅੰਮ੍ਰਿਤ ਦੇ ਠੂਠੇ ਅੰਦਰ ਰਿੱਦੋ ਮਹੁਰਾ ਰਲਿਆ,
ਮੇਰੇ ਈ ਖਤ ਵਿਚ, ਗੈਰਾਂ ਤਾਈਂ ਲਿਖੀਆਂ ਯਾਰ ਸਲਾਮਾਂ।

✲ ਉਹਨਾਂ ਤਾਈਂ ਜਿਹੜੇ 'ਅਨਵਰ' ਅੱਖਾਂ ਚਾਰ ਨਾ ਕਰਦੇ,
ਗਲ ਲਾਵਣ ਤੋਂ ਪਹਿਲਾਂ ਈ ਕਰਲਾਂ ਮੈ ਦੋ ਚਾਰ ਸਲਾਮਾਂ।

✲ ਯਾ ਤੇ ਸਚਮੁਚ ਕਿਤੇ ਫੁੱਲ ਖੁਲ ਕੇ ਨਹੀਂ ਹਸਦੇ ਨੇ,
ਯਾ ਮੇਰੇ ਕੰਨਾਂ ਨੂੰ ਝੌਂਪੇ ਨੇ, ਖੁਦਾ ਖ਼ੈਰ ਕਰੇ।

*ਜ਼ਫ਼ਰ ਇਕਬਾਲ*

✲ ਰਾਤੀਂ ਰੌਲਾ ਸੌਣ ਨਾ ਦੇਵੇ, ਖ਼ਾਬਾਂ ਦੀਆਂ ਬਲਾਵਾਂ ਦਾ।
ਦਿਨ ਚੜ੍ਹਿਆ ਤੇ ਪਾਗਲ ਕਰਦਾ ਸ਼ੋਰ ਕਾਲਿਆਂ ਕਾਵਾਂ ਦਾ।

✲ ਅੰਦਰ ਬਾਹਰ ਸ਼ੂਕਦੀ ਗੁੱਝੀ ਪੀੜ ਇਕੱਲ ਦੀ,
ਲੱਭਾਂ ਆਪਣੇ ਆਪ ਨੂੰ ਅੰਨ੍ਹਾਂ ਕਮਲਾ ਹੋ ਕੇ।

✲ ਟੱਕਰ ਮਾਰਨ ਲਈ 'ਜ਼ਫ਼ਰ' ਪੈ ਗਈ ਕੰਧ ਉਸਾਰਨੀ,
ਸਾਵੇ ਪੀਲੇ ਲਹੂ ਵਿਚ ਕਾਲੀ ਮਿੱਟੀ ਗੋ ਕੇ।

✲ ਚੁੱਕੀ ਫਿਰੇ ਜ਼ਮੀਨ ਤੇ ਆਪੋ ਆਪਣੀ ਪੰਡ,
ਅਸਮਾਨਾ ਤੇ ਰਹਿ ਗਿਆ ਅਸਮਾਨਾ ਦਾ ਭਾਰ।

*ਪੇਸ਼ਕਾਰ—ਚਰਨ ਸੀਚੇਵਾਲਵੀ*
*੪੨੮, ਗੁਰੂ ਨਾਨਕਪੁਰਾ (ਵੈਸਟ)*
*ਡਾਕ. ਚੌਗਿਟੀ, ਜਲੰਧਰ ੧੪੪੦੦੯*
*ਫੋਨ-੦੧੮੧-੨੨੩੧੬੫੪*



Namdhari Elibrary NamdhariElibrary@gmail.com



# ਚਾਰ ਗ਼ਜ਼ਲਾਂ/ —ਡਾ. ਹਰਨੇਕ ਸਿੰਘ ਕੋਮਲ

(੧)

ਬਲਦੇ ਬੋਲ ਉਚਾਰਨ ਜੋਗੇ।
ਉਹ ਨਾ ਸੀਨਾ ਠਾਰਨ ਜੋਗੇ।
ਸੰਦਲੀ ਪੌਣਾਂ ਲੰਘਣ ਪਿੱਛੋਂ,
ਰਹਿ-'ਗੇ 'ਵਾਜਾਂ ਮਾਰਨ ਜੋਗੇ।
ਲੱਪ-ਕੁ ਤਾਰੇ ਤੋੜ ਲਿਆਓ,
ਚੰਨ ਦੇ ਉੱਤੋਂ ਵਾਰਨ ਜੋਗੇ।
ਢਾਈ ਅੱਖਰ ਲਿਖ ਨਾ ਹੋਏ,
ਰਹਿ-'ਗੇ ਲੀਕਾਂ ਮਾਰਨ ਜੋਗੇ।
ਚਾਰ-ਕੁ ਛਿੱਟੇ ਪਾ ਦੇ ਰੱਬਾ,
ਧਰਤੀ ਦੀ ਹਿੱਕ ਠਾਰਨ ਜੋਗੇ।
ਵੱਡੀ ਕੁਰਸੀ ਮਿਲ ਜਾਣੀ ਸੀ,
ਹੁੰਦੇ ਜੇ ਮੁੱਲ ਤਾਰਨ ਜੋਗੇ।
ਸੱਚੇ-ਸੁੱਚੇ ਸ਼ੇਅਰ ਤੇਰੇ,
ਕੋਮਲ ਨਹੀਂ ਵਿਸਾਰਨ ਜੋਗੇ।

(੨)

ਹਵਾ 'ਚ ਮਹਿਲ-ਉਸਾਰਨ ਜੋਗੇ।
ਉਹ ਨਾ ਮੱਲਾਂ ਮਾਰਨ ਜੋਗੇ।
ਸਾਡੇ ਪੁਰਖੇ ਪਰਉਪਕਾਰੀ,
ਅਸੀਂ ਨਾ ਕਰਜ਼ ਉਤਾਰਨ ਜੋਗੇ।
ਜ਼ਿੰਦਗੀ ਦੇ ਨਾ ਨਾਇਕ ਬਣਦੇ,
ਜੋ ਨਾ ਆਪਾ ਵਾਰਨ ਜੋਗੇ।
ਚਾਰ-ਚੁਫੇਰੇ ਕੂੜਾ-ਕਰਕਟ,
ਅਸੀਂ ਨਾ ਬਹੁਕਰ ਮਾਰਨ ਜੋਗੇ।
ਇਹ ਜੀਵਨ ਤਾਂ ਹਾਰ ਗਏ ਹਾਂ,
ਹੋਰ ਨਹੀਂ ਕੁਝ ਹਾਰਨ ਜੋਗੇ।
ਮਿਲਦੇ ਨਾ ਹੁਣ ਅਦਲੀ ਬੰਦੇ,
ਸੱਚੋ-ਸੱਚ ਨਿਤਾਰਨ ਜੋਗੇ।
ਧਰਤੀ ਦਾ ਨਾ ਰੂਪ ਵਿਗਾੜੋ,
ਜੇ ਨਾ ਧਰਤ ਸ਼ਿੰਗਾਰਨ ਜੋਗੇ।

(੩)

ਸੂਰਜ ਸਾਥੋਂ ਦੂਰ ਨਾ ਹੋਵੇ।
ਮਨ ਸਾਡਾ ਬੇ-ਨੂਰ ਨਾ ਹੋਵੇ।
ਸੱਚ ਚੌਰਾਹੇ ਸੂਲੀ ਲਟਕੇ,
ਨਗਰੀ ਦਾ ਦਸਤੂਰ ਨਾ ਹੋਵੇ।
ਕੈਸਾ ਗ਼ਮ ਹੈ ਜਿਹੜਾ ਦਿਲ ਤੋਂ,
ਪਲ-ਦੋ-ਪਲ ਵੀ ਦੂਰ ਨਾ ਹੋਵੇ।
ਸਾਵਣ ਦੇ ਵਿਚ ਰਸ ਨਾ ਭਰਦਾ,
ਅੰਬਾਂ 'ਤੇ ਜੇ ਬੂਰ ਨਾ ਹੋਵੇ।
ਰੋਟੀ ਖ਼ਾਤਿਰ ਬੰਦਾ ਘਰ ਤੋਂ,
ਸੱਤ ਸਮੁੰਦਰ ਦੂਰ ਨਾ ਹੋਵੇ।
ਦਿਲ ਦੇ ਅੰਦਰ 'ਉਸ' ਦਾ ਵਾਸਾ,
ਇਹ ਦਿਲ ਚਕਨਾਚੂਰ ਨਾ ਹੋਵੇ।
ਕਿਹੜੇ ਕੰਮ ਇਬਾਦਤ ਸਾਡੀ,
'ਉਸ' ਨੂੰ ਜੇ ਮਨਜ਼ੂਰ ਨਾ ਹੋਵੇ।

(੪)

ਹਰ ਇਕ ਇੱਛਾ ਪੂਰੀ ਹੋਵੇ।
ਇਹ ਤਾਂ ਨਹੀਂ ਜ਼ਰੂਰੀ ਹੋਵੇ।
ਕੌਣ ਕਿਸੇ ਦੀ ਧੌਂਸ ਹੈ ਸਹਿੰਦਾ,
ਜੇਕਰ ਨਾ ਮਜਬੂਰੀ ਹੋਵੇ।
ਬੰਦੇ ਨੂੰ ਨਾ ਬੰਦਾ ਸਮਝੇ,
ਐਨੀ ਨਾ ਮਗ਼ਰੂਰੀ ਹੋਵੇ।
ਖੱਟੇ ਅੰਬ ਨਾ ਚੰਗੇ ਲੱਗਣ,
ਭਾਵੇਂ ਰੰਗ ਸੰਧੂਰੀ ਹੋਵੇ।
ਖ਼ਾਬਾਂ ਦੇ ਵਿਚ ਵੀ ਨਾ ਆਵੇ,
ਐਨੀ ਵੀ ਨਾ ਦੂਰੀ ਹੋਵੇ।
ਪਿੰਜਰਾ ਆਖ਼ਿਰ ਪਿੰਜਰਾ ਹੀ ਹੈ,
ਬੇਸ਼ਕ ਉਸ ਵਿਚ ਚੂਰੀ ਹੋਵੇ।
ਮਾੜੀ ਵਸਤੂ ਵਿਕ ਜਾਂਦੀ ਹੈ,
ਚੰਗੀ ਜੇ ਮਸ਼ਹੂਰੀ ਹੋਵੇ।

*ਗਲੋ ਵਿਕਾਸ ਪਬਲਿਕ ਸਕੂਲ,*
*ਮਲੋਟ-੧੫੨੧੦੭ (ਪੰਜਾਬ)*
*ਫੋਨ-੦੧੬੩੭-੨੬੧੪੧੪*



Namdhari Elibrary NamdhariElibrary@gmail.com

# ਕਿੰਨਾ-ਕੁ-ਸ਼ਕਤੀਸ਼ਾਲੀ

*—ਪ੍ਰੀਤਮ ਪੰਧੇਰ*

ਕਿੰਨਾ-ਕੁ-ਸ਼ਕਤੀਸ਼ਾਲੀ ਹੈ ਮਨੁੱਖ ?
ਇਹ ਤਾਂ ਐਟਮ ਤੋਂ ਵੀ ਕਮਜ਼ੋਰ ਹੈ ?
ਡਰਦਾ ਹੈ, ਜੇ ਐਟਮ ਫ਼ਟ ਗਿਆ,
ਜੇ ਇਸਦਾ ਨਿਊਕਲਸ ਤੋੜਿਆ,
ਜੇ ਕੁਦਰਤ ਦਾ ਨੀਯਮ ਛੇੜਿਆ,
ਤਾਂ ਇਹ ਬ੍ਰਹਿਮੰਡ ਮੁੜਕੇ-
ਧੁੰਧੂਕਾਰ 'ਚ ਵਟ ਜਾਵੇਗਾ,
ਘੋਰ ਅੰਧੇਰ ਛਾ ਜਾਵੇਗਾ,
ਫਿਰ...ਜੇ ਕੁਝ ਬਾਕੀ ਬਚੇਗਾ?
ਉਹ 'ਮਾਦੇ' ਦਾ ਰੂਪ ਹੋਵੇਗਾ। ਪਰ...? ...?
ਸਭ ਜੂਨਾਂ, ਨਸਲਾਂ, ਖ਼ਤਮ ਹੋ ਜਾਣਗੀਆਂ
ਖ਼ਤਮ ਹੋ ਜਾਏਗਾ, ਗਿਆਨ, ਵਿਗਿਆਨ ਤੇ-
ਸੂਖਮ ਚੇਤਨਾ ਦਾ ਅਧਿਆਤਮ ਸੰਸਾਰ!
ਸਭਿਆਤਾਵਾਂ, ਸਭਿਆਚਾਰ...
ਸਭ ਕੁਝ ਤਬਾਹ ਹੋ ਜਾਵੇਗਾ!
ਦੁਬਾਰਾ ਵਿਗਸਣ ਲਈ,
ਅੱਜ ਤੱਕ ਪਹੁੰਚਣ ਲਈ,
ਅਨੰਤ ਸਮਾਂ ਦਰਕਾਰ ਹੋਵੇਗਾ!
ਪਤਾ ਨਹੀਂ, ਮਨੁੱਖਾ ਜੀਵਨ ਤੱਕ ਪਹੁੰਚ ਪਾਏਗਾ ਕਿ ਨਹੀਂ-

ਮਨੁੱਖੀ ਗਿਆਨ ਵਿਗਿਆਨ ਤਾਂ
ਕੁਦਰਤ ਅੱਗੇ ਇਕ ਕਿਣਕਾ ਹੈ?
ਇਸੇ ਲਈ ਮਨੁੱਖ ਨੇ ਨਿਯਮ 'ਚ ਰਹਿ ਕੇ,
"ਹੁਕਮ 'ਚ" ਰਹਿ ਕੇ ਜੀਣਾ ਹੈ।
ਸੱਚੇ ਸੁੱਚੇ ਕਰਮਾਂ ਲਈ ਮਨੁੱਖਾ ਦੇਹ ਮਿਲੀ ਹੈ।
ਇਸ ਸਦ-ਉਪਯੋਗ ਕਰਨਾ ਹੈ।
ਮਨੁੱਖੀ ਦਰਦ ਹਰਨਾ ਹੈ।
ਇਸ ਵਿਚ ਹੀ ਸਭ ਦਾ ਭਲਾ ਹੈ।
ਇਸ ਵਿਚ ਹੀ ਰੱਬ ਦਾ ਭਲਾ ਹੈ।
ਇਸ ਵਿਚ ਹੀ ਜੱਗ ਦਾ ਭਲਾ ਹੈ।

# ਗ਼ਜ਼ਲ

*—ਪ੍ਰੀਤਮ ਪੰਧੇਰ*

ਸ਼ਹੀਦਾਂ ਦੀ ਇਹ ਮਿੱਟੀ ਹੈ, ਜੋ ਬਣ ਤਲਵਾਰ ਬੋਲੇਗੀ!
ਰਚੀ ਜੋ ਏਸ 'ਰੱਕੜ' ਵਿਚ, ਲਹੂ ਦੀ ਧਾਰ ਬੋਲੇਗੀ!
ਇਹ ਰੱਕੜ ਕੋਟਲੇ ਦੀ ਮਿੱਟੀ ਹੈ ਮੱਥੇ ਨੂੰ ਲਾ ਪ੍ਰੀਤਮ
ਗਈ ਪਰਖੀ ਜੁ ਮਕਤਲ ਵਿਚ, ਉਹੀ ਕਿਰਦਾਰ ਬੋਲੇਗੀ!

ਸਿਤਮ ਏਦਾਂ, ਜ਼ਮਾਨਾ ਜੇ, ਗ਼ਰੀਬਾਂ ਤੇ, ਰਿਹਾ ਢੋਂਦਾ,
ਤਲੀ ਤੇ ਸੀਸ ਬੋਲੇਗਾ, ਨਹੀਂ ਫਿਰ ਦਾਰ ਬੋਲੇਗੀ!
ਬੜੀ ਸੌਖੀ ਹੈ ਕਹਿਣੀ ਪਰ, ਇਹ ਕਰਨੀ ਹੈ ਬੜੀ ਔਖੀ,
ਇਹ ਭਗਤੀ ਦੇਸ਼ ਦੀ, ਸਰਬੰਸ ਤੀਕਰ ਵਾਰ ਬੋਲੇਗੀ!

ਕਿਵੇਂ ਇਕ ਨਾਮ ਦੇ ਸਿਰ ਤੇ, ਅਜ਼ਾਦੀ ਜੰਗ ਛੇੜੀ ਸੀ?
ਕਿਵੇਂ ਖੇਡੀ ਲਹੂ-ਹੋਲੀ? ਇਹ ਦੁੱਧ ਦਸਤਾਰ ਬੋਲੇਗੀ!
ਨਹੀਂ ਮੁੜਦਾ, ਸ਼ਹੀਦਾਂ ਦਾ, ਇਹ ਕਰਜ਼ਾ ਯਾਦ ਕਰ ਕਰਕੇ,
ਉਨ੍ਹਾਂ ਦੇ ਰਾ, ਵੀ ਤੁਰਿਆ ਏਂ? ਅਮਲ ਦੀ ਧਾਰ ਬੋਲੇਗੀ!

ਅਸਾਂ ਕੱਖਾਂ ਨੂੰ ਕਰ 'ਕੱਠਾ, ਹੈ ਖ਼ਾਰਾਂ ਵਿਚ ਬਦਲ ਦੇਣਾ,
ਕਰੂ ਫਿਰ ਤਾਜ ਕੀ ਤੇਰਾ, ਇਹ ਬਣ ਯਲਗਾਰ ਬੋਲੇਗੀ!
ਸਿਤਮ ਜਦ ਬੇਜ਼ੁਬਾਨਾਂ ਤੇ, ਮਾਸੂਮਾਂ ਤੇ ਢਹੂ ਕਿਧਰੇ,
ਇਹ ਮਿੱਟੀ ਕੋਟਲੇ ਦੀ ਬਣ ਕੇ ਫਿਰ ਵੰਗਾਰ ਬੋਲੇਗੀ।

ਅਸੀਂ ਜ਼ਾਲਮ ਹਵਾ ਅੱਗੇ, ਜੋ ਉੱਡੇ ਤਿਣਕਿਆਂ ਵਾਂਗੂੰ?
ਉਹੀ ਸਰਹੰਦ ਦਾ ਇਤਿਹਾਸ ਫਿਰ ਦੀਵਾਰ ਬੋਲੇਗੀ।
ਅਧੂਰੀ ਇਹ ਅਜ਼ਾਦੀ ਹੈ, ਭਰਿਸ਼ਟਚਾਰ ਦੀ ਮਾਰੀ,
ਸਚਾਈ ਜੋਤ ਜੇ ਬਾਲੋ? ਇਹ ਜੈ ਜੈ ਕਾਰ ਬੋਲੇਗੀ।

ਸ਼ਹੀਦਾਂ ਦੀ, ਚਿਤਾਵਾਂ ਤੇ, ਨਹੀਂ ਮੇਲੇ, ਹੀ ਕਾਫ਼ੀ ਹੁਣ,
ਭਰੋ ਹੁਣ ਰੰਗ, ਖਿਆਲਾਂ ਵਿਚ, ਸਮੇਂ ਦੀ ਧਾਰ ਬੋਲੇਗੀ।
ਸ਼ਹਾਦਤ ਜੋ, ਸ਼ਹੀਦਾਂ ਦੀ, ਕਿਸੇ ਇਕ ਦੀ ਨਹੀਂ 'ਪ੍ਰੀਤਮ',
ਇਹ ਹੁੰਦੀ ਸ਼ਾਨ ਕੌਮਾਂ ਦੀ, ਜੁ ਬਣ "ਦਸਤਾਰ" ਬੋਲੇਗੀ।

*੧੮੪੩ ਗਲੀ-੬, ਮਹਾਰਾਜ ਨਗਰ*
*ਲੁਧਿਆਣਾ-੧੪੧੦੦੧*
*ਫੋਨ-੨੪੧੨੨੧੯-੯੮੧੪੮-੩੨੯੪੮*



Namdhari Elibrary NamdhariElibrary@gmail.com



## .ਗ਼ਜ਼ਲ

*—ਪ੍ਰੋ. ਜਸਵੰਤ ਸਿੰਘ ਕੈਲਵੀ*

ਸੋਚਦਾ ਹਾਂ ਯਾਰ ਮੇਰੇ, ਜ਼ਿੰਦਗੀ ਨੂੰ ਖ਼ਤ ਲਿਖਾਂ।
ਰੁੱਸ ਗਈ ਜੋ ਪਰਤ ਆਵੇ, ਦੋਸਤੀ ਨੂੰ ਖ਼ਤ ਲਿਖਾਂ।

ਨੇਰ੍ਹਿਆਂ ਨੇ ਖਾ ਲਈ ਹੈ, ਵਿਹੜਿਆਂ ਦੀ ਰੌਸ਼ਨੀ
ਤਾਰਿਆਂ ਨੂੰ ਖ਼ਤ ਲਿਖਾਂ ਮੈਂ, ਚਾਨਣੀ ਨੂੰ ਖ਼ਤ ਲਿਖਾਂ।

ਘੁਟ ਰਿਹਾ ਏ ਦਮ ਮਿਰਾ ਹੁਣ ਵਲਛਲਾਂ ਵਿਚ ਦੋਸਤੋ!
ਪਿਆਰ ਨੂੰ, ਪਾਕੀਜ਼ਗੀ ਨੂੰ, ਸਾਦਗੀ ਨੂੰ ਖ਼ਤ ਲਿਖਾਂ।

ਖੇਤ ਰੀਝਾਂ ਦਾ ਹੈ, ਸੁੱਕ ਬਣ ਗਿਆ ਹੈ ਥਲ ਨਿਰਾ
ਨੀਰ ਦੇ ਕੇ ਜਾਨ ਪਾਵੇ ਮੈਂ ਨਦੀ ਨੂੰ ਖ਼ਤ ਲਿਖਾਂ।

ਭੇਡ ਵਾਂਗਰ ਸਿਰ ਨਿਵਾ ਕੇ ਜੀ ਰਿਹਾ ਹੈ ਆਦਮੀ
ਓਸ ਅੰਦਰ ਅਣਖ ਜਾਗੇ ਮੈਂ ਖ਼ੁਦੀ ਨੂੰ ਖ਼ਤ ਲਿਖਾਂ।

ਖ਼ਤ ਲਿਖਾਂ ਮੈਂ ਆਦਮੀ ਨੂੰ, ਆਦਮੀ ਬਣ ਕੇ ਰਹੇ
ਆਤਮਾ ਵਿੱਚ ਫੇਰ ਮੌਲੇ ਤਾਜ਼ਗੀ ਨੂੰ ਖ਼ਤ ਲਿਖਾਂ।

ਮੌਤ ਕੋਲੋਂ ਨਾ ਡਰੇ ਹੁਣ ਭੇਤ ਸਿੱਖਿ ਜੀਣ ਦਾ
ਦੋਸਤੋ! ਹਰ ਆਦਮੀ ਦੀ ਮਰਦਾਨਗੀ ਨੂੰ ਖ਼ਤ ਲਿਖਾਂ।

o

ਹੁਣ ਨਿਆਂ ਦੀ ਕੂਕ ਨਿਕਲੀ ਵਧ ਗਿਆ ਜ਼ੁਲਮੋ ਸਿਤਮ
'ਕੈਲਵੀ' ਤਲਵਾਰ ਦੀ ਮੈਂ ਬੰਦਗੀ ਨੂੰ ਖ਼ਤ ਲਿਖਾਂ।

## ਦੋ .ਗ਼ਜ਼ਲਾਂ

*—ਚਰਨ ਸੀਚੇਵਾਲਵੀ*

(੨੪-੧੨-੨੦੦੯ ਨੂੰ ਇਕ ਸੜਕ ਦੁਰਘਟਨਾ ਰਾਹੀਂ ਮੇਰੀ ਧਰਮ ਪਤਨੀ ਚੜ੍ਹਾਈ ਕਰ ਗਈ। ਮੇਰੇ ਅੰਗ ਸੰਗ ਰਹਿੰਦਿਆਂ ਮੇਰੇ ਨਾਲ ਗੁਰਬਤ ਹੰਢਾਉਂਦਿਆਂ ਕਈ ਵਾਰੀ ਉਹ ਮੇਰੀ ਪ੍ਰੇਰਨਾ-ਸ੍ਰੋਤ ਵੀ ਬਣੀ। ਪੇਸ਼ ਹਨ ਆਪਣੇ ਤੇ ਉਸ ਬਾਰੇ ਕਹੀਆਂ ਆਪਣੀਆਂ ਦੋ ਗ਼ਜ਼ਲਾਂ)

(੧)

ਅਸਾਂ ਗੁਜ਼ਾਰੀ ਜ਼ਿੰਦਗੀ ਇਕੋ ਕਮਰੇ ਵਿਚ।
ਏਹੋ ਹੈ ਸ਼ਰਮਿੰਦਗੀ ਇਕੋ ਕਮਰੇ ਵਿਚ।
ਮੈਂ ਖਿਲਰਿਆ ਕਿਤੇ, ਖਿਲਰੀਆਂ ਕਿਤੇ ਕਿਤਾਬਾਂ,
ਸਿਰ ਨੂੰ ਚੜ੍ਹਦੀ ਗੰਦਗੀ ਇਕੋ ਕਮਰੇ ਵਿਚ।
ਉਹ ਸੀਂਦੀ ਹੈ ਕਪੜੇ, ਕਵਿਤਾ ਲਿਖਦਾ ਮੈਂ,
ਕੀਤੀ ਏਹੋ ਬੰਦਗੀ ਇਕੋ ਕਮਰੇ ਵਿਚ।
ਇਕ ਤੋਂ ਦੋ ਤੇ ਦੋ ਤੋਂ ਹੋਈਆਂ ਚਿੜੀਆਂ ਚਾਰ,
ਹੋਈ ਇਹ ਬਖਸ਼ਿੰਦਗੀ ਇਕੋ ਕਮਰੇ ਵਿਚ।
ਸੋਚਾਂ ਏਹੋ ਕਿਵੇਂ ਇਕੱਠੇ ਰਹਿੰਦੇ ਰਹੇ,
ਸ਼ਾਇਰ ਤੇ ਸ਼ਰਮਿੰਦਗੀ ਇਕੋ ਕਮਰੇ ਵਿਚ।

(੨)

ਸ਼ੀਸ਼ੇ 'ਚ ਜਿੰਦਾਂ ਫੜ ਫੜ ਆਪਣੇ ਉਹ ਵਾਲ ਰੱਖਦੀ।
ਮੇਰੇ ਲਈ ਉਹ ਏਦਾਂ ਫੜ ਫੜ ਖਿਆਲ ਰੱਖਦੀ।
ਰਾਹ ਤਾਂ ਰਹੇ ਇਕ ਪਾਸੇ ਪੌਣਾਂ ਵੀ ਮਹਿਕ ਉੱਠਣ,
ਦੋ ਚਾਰ ਕਦਮ ਮੇਰੇ ਜਦ ਵੀ ਉਹ ਨਾਲ ਰੱਖਦੀ।
ਮੈਂ ਉਸਦੀ ਖੁਸ਼ੀ 'ਚ ਹੱਸਦਾ ਉਹ ਮੇਰੀ ਖੁਸ਼ੀ 'ਚ ਹੱਸਦੀ,
ਮੈਂ ਉਸਦਾ ਖਿਆਲ ਰੱਖਦਾ ਉਹ ਮੇਰਾ ਖਿਆਲ ਰੱਖਦੀ।
ਆਈ ਕਜ਼ਾ ਜੇ ਮੇਰੀ ਮੇਰਾ ਪਤਾ ਵੀ ਪੁੱਛਣ,
ਖਬਰੇ ਕਿਵੇਂ ਉਹ ਹੱਸ ਕੇ ਉਸਨੂੰ ਵੀ ਟਾਲ ਰੱਖਦੀ।
ਜ਼ਿੰਦਗੀ ਦੇ ਗ਼ਮਲਿਆਂ 'ਚ ਕਿੱਥੋਂ ਸੀ ਫੁੱਲ ਖਿੜਨੇ,
ਵਿਹੜੇ 'ਚ ਆਪਣੇ ਜੇ ਉਹ ਧੁੱਪ ਨਾ ਬਿਠਾਲ ਰੱਖਦੀ।
ਜਦ ਵੀ ਕਦੇ ਮੈਂ ਹੋਵਾਂ ਅੱਖਰਾਂ ਦੇ ਮੋਰ ਫੜਦਾ,
ਚੌਂਕੇ 'ਚ ਆਪਣੇ ਚੁੱਲ੍ਹਾ ਗੀਤਾਂ ਦਾ ਬਾਲ ਰੱਖਦੀ।
ਮੇਰੀ ਕਲਮ ਦੇ ਲਿਖੇ ਕਿੱਥੋਂ ਸੀ ਗੀਤ ਪੜ੍ਹਨੇ,
ਮੇਰੇ ਲਈ ਉਹ ਜੇਕਰ ਅੱਖਰ ਨਾ ਭਾਲ ਰੱਖਦੀ।

*੪੨੮, ਗੁਰੂ ਨਾਨਕਪੁਰਾ (ਵੈਸਟ)*
*ਡਾਕਖਾਨਾ-ਚੌਗਿੱਟੀ,*
*ਜਲੰਧਰ-੧੪੪੦੦੯*
*ਫੋਨ-੦੧੮੧-੨੨੩੧੬੫੪*



Namdhari Elibrary NamdhariElibrary@gmail.com

# ਸਾਂਵੀਂ ਸੋਚ ਦੇ ਰਾਹੀ ਕਿਵੇਂ ਬਣੀਏ !

*—ਡਾ. ਸੁਰਿੰਦਰ ਮੰਡ*

ਬਹੁਤ ਸਾਰੇ ਸੱਜਣ ਇੰਜ ਵੀ ਸੋਚਦੇ ਹਨ ਕਿ ਹਾਏ ਰੱਬਾ! ਅਸੀਂ ਕੀ ਕਰ ਸਕਦੇ ਹਾਂ ? ਸਾਡੇ ਕੋਲ ਤਾਂ ਹੈ ਈ ਕੱਖ ਨੀ।"

ਪਰ ਸੋਹਣਿਓ, ਜੇ ਕਿਸੇ ਕੋਲ ਦੁਨਿਆਵੀ ਦੌਲਤ ਦੀ ਕਮੀ ਹੈ ਤਾਂ ਕੀ ਇਸਦਾ ਮਤਲਬ ਇਹ ਹੈ ਕਿ ਉਸ ਕੋਲ ਕੁਛ ਵੀ ਨਹੀਂ? ਉਹ ਨੰਗ ਹੈ ? ਪਰ ਨਹੀਂ, ਐਸਾ ਨਹੀਂ। ਜੇ ਉਸਦਾ ਨਜ਼ਰੀਆ ਜਾਨਦਾਰ ਹੈ, ਸੋਚ ਸਾਂਵੀਂ ਹੈ ਤਾਂ ਸਮਝੋ ਕਿ ਉਸ ਕੋਲ ਵੀ ਬੜਾ ਕੁਝ ਹੈ। ਸਮਾਜ ਦੇ ਵਿਕਾਸ ਵਿਚ ਆਉਂਦੀ ਖੜੋਤ ਨੂੰ ਇਹੀ ਲੋਕ ਤੋੜਦੇ ਆਏ ਹਨ। ਇਤਿਹਾਸ ਵਿਚ ਬੁਨਿਆਦੀ ਤਬਦੀਲੀਆਂ ਇਹਨਾਂ ਲੋਕਾਂ ਦੇ ਮੋਢਿਆਂ ਉਤੇ ਚੜ੍ਹਕੇ ਹੀ ਆਉਂਦੀਆਂ ਰਹੀਆਂ ਹਨ।

ਅਤੇ ਦੂਜੇ ਬੰਨੇ ਜੇ ਕੋਈ ਬੰਦਾ ਹੁੰਦਿਆਂ-ਸੁੰਦਿਆਂ ਮਰੂੰ ਮਰੂੰ ਕਰੀ ਜਾਂਦਾ ਹੈ, ਜਾਂ ਸਮਝੀ ਬੈਠਾ ਹੈ ਕਿ "ਮੇਰੇ ਕੋਲ ਹੈਨੀ ਕੱਖ। ਮੈਂ ਤਾਂ ਫਲਾਣੇ ਨਾਲੋਂ ਮਗਰ ਰਹਿ ਗਿਆ ਵਾਂ। ਬਹੁੜੀ ਓਏ ਮੁਲਖਾ! ਢੀਂਗੜਾ ਮੇਰੇ ਨਾਲੋਂ ਅੱਗੇ ਲੰਘਦਾ ਜਾਂਦਾ ਜੇ।" ਤਾਂ ਸਮਝੋ ਕਿ ਉਹ ਅਸਲੀ ਨੰਗ ਹੈ। ਇਹ ਗਏ-ਗੁਜਰੇ ਬੰਦਿਆਂ ਦੀ ਸਭ ਤੋਂ ਵਧੀਆ ਨਸਲ ਹੈ।

ਜੇ ਸਿਰਫ਼ ਪੈਸੇ ਧੇਲੇ ਅਤੇ ਚੀਜ਼ਾਂ ਵਸਤਾਂ ਨੂੰ ਹੀ ਅਮੀਰੀ ਮੰਨ ਲਿਆ ਜਾਵੇ, ਫਿਰ ਤਾਂ ਬੰਦੇ ਤੋਂ ਇਲਾਵਾ ਜਿੰਨੇ ਵੀ ਲੱਖਾਂ ਕਰੋੜਾਂ ਜੀਵ ਜੰਤੂ ਧਰਤੀ ਉੱਤੇ ਮੌਜੂਦ ਹਨ, ਉਹ ਸਭ ਕੰਗਾਲ ਹੀ ਮੰਨਣੇ ਪੈਣਗੇ। ਗਰੀਬੀ ਦੇ ਮਾਰੇ। ਪਰ ਉਹਨਾਂ ਸਾਰਿਆਂ ਵਿਚੋਂ ਤਾਂ ਕਿਸੇ ਨੂੰ ਵੀ ਅਜਿਹਾ ਅਹਿਸਾਸ ਨਹੀਂ ਜਾਪਦਾ। ਉਹ ਤਾਂ ਇਵੇਂ ਫਿਰਦੇ ਨੇ ਜਿਵੇਂ ਕਿਤੇ ਉਹਨਾਂ ਕੋਲ ਸਭ ਕੁਝ ਹੈ। ਦੌਲਤਮੰਦ ਹੋਣ ਦਾ ਅਹਿਸਾਸ ਇਹੀ ਤਾਂ ਹੁੰਦਾ। ਉਹਨਾਂ ਦੀ ਵੇਖਣੀ ਚਾਖਣੀ, ਚਾਲ-ਢਾਲ, ਬੋਲ-ਬਾਣੀ, ਸੌਣ-ਉੱਠਣ, ਮੇਲ-ਜੋਲ, ਖੇਡਣ-ਕੁੱਦਣ ਵਿਚ ਉਹ ਸਹਿਜ ਹੈ, ਜਿਹੜਾ ਕਿਸੇ ਬਹੁਤੇ ਚੰਗੇ ਗਿਆਨੀ ਅਮੀਰ ਵਿਚ ਹੋ ਸਕਦਾ।

ਧਨ ਹੋਣਾ ਕੋਈ ਬੁਰੀ ਗੱਲ ਨਹੀਂ, ਚੰਗੀ ਗੱਲ ਹੈ। ਪਰੰਤੂ ਗਿਆਨ ਅਤੇ ਚੰਗਿਆਈ ਦੀ ਢਾਲ ਨਾਲ ਹੀ ਬੰਦਾ ਇਸਦੇ ਮਾਰੂ ਵਾਰਾਂ ਤੋਂ ਬਚ ਸਕਦਾ। ਅਗਿਆਨੀ ਬੰਦੇ ਦਾ ਤਾਂ ਦੌਲਤ ਅਤੇ ਤਾਕਤ ਦਿਮਾਗ ਫੇਰ ਦਿੰਦੀ ਹੈ। ਦਿਮਾਗ ਤੋਂ ਕੀਮਤੀ ਚੀਜ਼ ਹੋਰ ਕੋਈ ਨਹੀਂ। ਬਾਕੀ ਦਾ ਤੇ ਫਿਰ ਮੀਟ ਹੀ ਰਹਿ ਜਾਂਦਾ; ਸੱਠ ਕਿਲੋ, ਅੱਸੀ ਕਿੱਲੋ, ਸੌ ਕਿਲੋ।

ਜੇ ਸੂਝ-ਬੂਝ ਹੈ ਤਾਂ ਫਿਰ ਦੌਲਤ/ਤਾਕਤ ਆਉਣ ਤੋਂ ਬਾਅਦ ਵੀ ਸਹਿਜ ਬਿਰਤੀ ਬਣੀ ਰਹਿੰਦੀ ਹੈ। ਤੇ ਧਨਵਾਨ ਹੋਣਾ ਵੱਡਾ ਗੁਣ ਬਣ ਜਾਂਦਾ ਹੈ। ਪਰ ਜੇ ਪੈਸਾ ਧੇਲਾ ਆਉਣ ਨਾਲ ਹਵਸ ਬਹੁਤ ਵਧ ਜਾਵੇ ਤਾਂ ਫਿਰ ਕਦੀ ਰੱਜ ਨਹੀਂ ਆਉਂਦਾ। ਰੱਜਣ ਦੇ ਅਹਿਸਾਸ ਦਾ ਸਬੰਧ ਨੀਤ ਨਾਲ ਹੈ, ਧਨ ਨਾਲ ਨਹੀਂ। ਬੰਦਾ ਭਾਵੇਂ ਰੱਜਿਆ ਹੋਵੇ ਤੇ ਭਾਵੇਂ ਭੁੱਖਾ ਪਰ ਨੀਤ ਦਾ ਭੁੱਖਾ ਨਹੀਂ ਹੋਣਾ ਚਾਹੀਦਾ। ਨੀਤ ਦਾ ਭੁੱਖਾ ਸਾਰੀ ਜ਼ਿੰਦਗੀ ਭੁੱਖਾ ਹੀ ਰਹਿੰਦਾ ਹੈ। ਉਸ ਕੋਲ ਕਿਸੇ ਨੂੰ ਦੇਣ ਲਈ ਕਦੀ ਵੀ ਕੁਝ ਨਹੀਂ ਹੁੰਦਾ ਤੇ ਬਲਊਂ ਬਲਊਂ ਕਰਦਾ ਇਵੇਂ ਹੀ ਸੰਸਾਰ ਤੋਂ ਚਲੇ ਜਾਂਦਾ ਹੈ। ਪੈਸਾ ਬੜਾ ਜੋਰਾਵਰ ਵੀ ਹੈ ਪਰ ਕੁਝ ਮੁਹੱਬਤੀ ਰਿਸ਼ਤਿਆਂ ਦੇ ਦਰਮਿਆਨ ਵਿਚ ਇਹ ਨਾ ਹੀ ਪੈਰ ਪਾਵੇ ਤਾਂ ਹੀ ਉਹ ਬਚਦੇ ਹਨ।

ਸਮਾਜ ਦਾ ਪ੍ਰਬੰਧ ਇਸ ਤਰ੍ਹਾਂ ਦਾ ਤਾਂ ਹੋਣਾ ਹੀ ਚਾਹੀਦਾ ਹੈ, ਜਿਸ ਵਿਚ ਹਰ ਇਨਸਾਨ ਦੀ ਲਿਆਕਤ ਦਾ ਮੁੱਲ ਪਵੇ। ਡਿੱਗਿਆਂ ਨੂੰ ਉਠਾਉਣ ਦੀ ਚਿੰਤਾ ਹੋਵੇ। ਕਿਸੇ ਦੇ ਮੂੰਹ 'ਚੋਂ ਬੁਰਕੀ ਕੋਈ ਨਾ ਖੋਹਵੇ। ਗੁਣ ਬੰਦੇ ਦੀ ਵਡਿਆਈ ਬਣਨ; ਉਸਦੀ ਜ਼ਾਤ, ਜਾਂ ਹੋਰ ਆਲਤੂ ਫਾਲਤੂ ਗੱਲਾਂ ਨਹੀਂ। ਮੁਹੱਬਤ ਤੇ ਨਿਆਂ ਦਾ ਬੋਲਬਾਲਾ, ਸਾਂਵੀਂ ਵੰਡ ਹੋਵੇ। ਭਾਵੇਂ ਲੰਮਾਂ ਸਮਾਂ ਲੱਗੂ ਅਜੇ ਉਨ੍ਹਾਂ ਗੱਲਾਂ ਨੂੰ, ਪਰ ਅਜਿਹੇ ਸਮਾਜ ਦੀ ਸਿਰਜਣਾ ਲਈ ਸੰਘਰਸ਼ ਵੀ ਵਕਤ ਦੀ ਲੋੜ ਹੈ।

ਇਹ ਆਦਰਸ਼ ਹਨ, ਆਦਰਸ਼ਵਾਦ ਨਹੀਂ। ਆਦਰਸ਼ਵਾਦੀ ਤਾਂ ਉਸਨੂੰ ਆਖ ਸਕਦੇ ਓ, ਜਿਹੜਾ ਜ਼ਮੀਨੀ ਹਕੀਕਤ ਨਹੀਂ ਸਮਝਦਾ ਤੇ ਭੋਲੇ ਭਾਲੇ ਲੋਕਾਂ ਨੂੰ ਓਦਾਂ ਈ ਹਵਾਈ ਗੱਲਾਂ ਦੇ ਸਬਜ਼ਬਾਗ ਵਖਾ ਵਖਾ ਕੇ ਉਹਨਾਂ ਦਾ ਦਿਮਾਗ ਘੁਮਾਈ ਰੱਖਦਾ ਹੈ।

ਓਦਾਂ ਕੋਈ ਸਮਾਜਕ ਰਾਜਸੀ ਪ੍ਰਬੰਧ ਓਦਣ ਆਪਣੇ ਆਦਰਸ਼ਕ ਹੋਣ ਨੂੰ ਸਾਬਤ ਕਰ ਸਕਦਾ, ਜਦ ਸਾਰਿਆਂ ਨੂੰ ਅੱਗੇ ਵਧਣ ਦੇ ਬਰਾਬਰ ਮੌਕੇ ਮਿਲਣ, ਦੇਣ ਵਾਲੇ ਤੰਤਰ ਵਿਚ ਫਰਕ, ਵਿਤਕਰਾ ਨਾ ਹੋਵੇ। ਲੈਣ ਵਾਲਿਆਂ ਨੇ ਤਾਂ ਫਿਰ ਵੀ ਆਪਣੀ ਸਮਰੱਥਾ ਮੁਜਬ ਹੀ ਲੈਣਾ। ਕਿਉਂਕਿ ਗਿਆਨ, ਲਗਨ, ਹਿੰਮਤ, ਕੋਸ਼ਿਸ਼, ਸੂਝ-ਬੂਝ, ਜੱਦੀ-ਪੁਸ਼ਤੀ ਸੰਸਕਾਰ ਤਾਂ ਆਪੋ ਆਪਣੇ ਹੁੰਦੇ। ਹਿਸਾਬ ਦੇ ਸਵਾਲ ਵਾਂਗ ਲੋਕ ਨਾ ਬਰਾਬਰ ਕੀਤੇ ਜਾ ਸਕਦੇ, ਨਾ ਕੀਤੇ ਕਾਇਮ ਰਹਿ ਸਕਦੇ।

ਨੇਕ ਰੂਹਾਂ ਇਨਸਾਨੀ ਸਮਾਜ ਦੀ ਭਲਾਈ ਲਈ ਯਤਨਸ਼ੀਲ ਤਾਂ ਰਹਿਣਗੀਆਂ ਹੀ, ਤਾਂ ਕਿ ਲੋਕ ਭੁੱਖ ਨੰਗ ਨੂੰ



Namdhari Elibrary NamdhariElibrary@gmail.com

ਹੀ ਆਪਣੀ ਕਿਸਮਤ/ਹੋਣੀ ਨਾ ਸਮਝ ਲੈਣ। ਦੁਨਿਆਵੀ ਗਰੀਬੀ ਅਮੀਰੀ ਰੱਬ ਨੇ ਨਹੀਂ ਬਣਾਈ, ਬੰਦੇ ਦੀ ਬਣਾਈ ਹੈ।

ਪਰ ਆਓ ਜ਼ਰਾ ਮਾਲ ਖ਼ਜ਼ਾਨਿਆਂ ਦੇ ਅਣਗੌਲੇ ਜਿਹੇ ਜ਼ਖ਼ੀਰਿਆਂ ਵੱਲ ਫੇਰਾ ਪਾਈਏ, ਜਿਨ੍ਹਾਂ ਉਤੇ ਕੋਈ ਕਬਜ਼ਾ ਕਰ ਹੀ ਨਹੀਂ ਸਕਦਾ। ਦੌਲਤ ਦੇ ਉਹ ਭੰਡਾਰ, ਜਿਨ੍ਹਾਂ ਦੇ ਆਪਣੇ ਹੋਣ ਦਾ ਅਹਿਸਾਸ ਹਰ ਕੋਈ ਕਰ ਸਕਦਾ।

ਸੋਹਣੇ ਰੰਗ ਬਦਲਦਾ ਅਕਾਸ਼ ਅਤੇ ਖਾਸ ਕਰਕੇ ਰਾਤ ਨੂੰ ਤਾਰਿਆਂ ਨਾਲ ਭਰਿਆ ਅਸਮਾਨ ਉਸੇ ਦਾ ਹੈ ਸਾਰੇ ਦਾ ਸਾਰਾ, ਜਿਹੜਾ ਉਸ ਨੂੰ ਮੁਹੱਬਤ ਨਾਲ ਵੇਖਦਾ ਹੈ। ਚਾਂਦਨੀ ਰਾਤ ਤੇ ਬੱਦਲਾਂ ਵਿਚੋਂ ਦੀ ਤੁਰਦਾ ਚੰਦ। ਇਹ ਸੋਹਣਾ ਦ੍ਰਿਸ਼ ਰੋਜ਼ ਹਾਜ਼ਰ ਹੈ। ਇਸ ਦ੍ਰਿਸ਼ ਦੀ ਦੌਲਤ ਉਸਨੂੰ ਨਸੀਬ ਹੈ, ਜੋ ਇਸਨੂੰ ਜਿੰਨਾ ਨਿਹਾਰ ਲਵੇ। ਨਿਹਾਰਨ ਵਾਲਾ ਅਕਾਸ਼ ਵਰਗੀ ਵਿਸ਼ਾਲਤਾ ਨੂੰ ਹਿਰਦੇ ਵਿਚ ਸਮੋ ਲੈਂਦਾ ਹੈ। ਸੌੜੇਪਨ ਦੀ ਕੈਦ ਵਿਚੋਂ ਮੁਕਤ ਹੋ ਜਾਂਦਾ ਹੈ। ਕੁਦਰਤ ਨਾਲ ਜੁੜ ਕੇ ਕੁਦਰਤ ਵਰਗਾ ਹੋ ਜਾਂਦਾ ਹੈ। ਇਹ ਦ੍ਰਿਸ਼ ਆਮ ਕਰਕੇ ਖੁੱਲ੍ਹੇ ਅੰਬਰ ਹੇਠ ਰਾਤ ਨੂੰ ਮੰਜਿਆਂ ਉਤੇ ਲੰਮੇ ਪੈਣ/ ਸੌਣ ਵਾਲਿਆਂ ਦੇ ਭਾਗਾਂ ਵਿਚ ਹੈ। ਛੱਤਾਂ ਹੇਠ ਸੌਣ ਵਾਲਿਆਂ ਦੇ ਹਿਸੇ ਇਸ ਸੁੰਦਰਤਾ ਦੇ ਖ਼ਜ਼ਾਨੇ ਵਿਚੋਂ ਦੁਆਨੀ ਵੀ ਨਹੀਂ ਆਈ। ਅਰਬਾਂ ਸੂਰਜ ਹਾਜ਼ਰ ਹਨ ਸਾਡੇ ਲਈ, ਪਰ ਵੇਖਣ ਵਾਲੀ ਅੱਖ ਵੀ ਤਾਂ ਹੋਵੇ।

ਵਾਰੇ ਵਾਰੇ ਜਾਈਏ, ਸਵੇਰੇ ਤੇ ਸ਼ਾਮ ਦੇ, ਜਦ ਸੂਰਜ ਚੜ੍ਹਦਾ ਲਹਿੰਦਾ ਹੈ। ਜਦ ਸਵੇਰ ਹੋਣ ਲੱਗਦੀ ਹੈ, ਉਸ ਅੱਧੇ ਘੰਟੇ 'ਚ ਕੁਦਰਤ ਅਨੇਕਾਂ ਰੰਗ ਬਦਲਦੀ ਹੈ। ਉਸ ਅਹਿਸਾਸ ਨਾਲ ਉਹ ਮਾਲਾਮਾਲ ਹੈ, ਜੋ ਉਸ ਵਕਤ ਬਿਸਤਰੇ 'ਚੋਂ ਬਾਹਰ ਹੈ। ਤੇ ਮਹਿਸੂਸ ਕਰਦਾ ਹੈ, ਕਿ ਸੂਰਜ ਦੀ ਲਾਲੀ ਤੇ ਲੋਅ ਪੂਰਬ ਵਲੋਂ ਨਹੀਂ, ਸਗੋਂ ਮੇਰੇ ਮੱਥੇ ਵਿਚੋਂ ਨਿਕਲ ਰਹੀ ਹੈ। ਸੂਰਜ ਚੜ੍ਹਨ ਤੋਂ ਘੰਟਾ ਪਹਿਲਾਂ ਉੱਠ ਕੇ ਕੁਦਰਤ ਨੂੰ ਗਲਵਕੜੀ ਵਿਚ ਲੈਣ ਵਾਲਿਆਂ ਨੇ ਜੋ ਸਵਾਦ ਚੱਖਿਆ ਹੈ, ਉਸਦਾ ਲੁਤਫ਼ ਸਿਰਫ਼ ਉਹੀ ਜਾਣਦੇ ਹਨ। ਉਂਜ ਵੀ ਜਦ ਰੋਜ਼ ਰਾਤ ਮੁੱਕਣ ਤੇ ਆਉਂਦੀ ਹੈ, ਪੰਛੀ ਤੇ ਰੁੱਖ ਬੂਟੇ ਵੇਲੇ ਸਿਰ ਖੁਦ ਜਾਗਦੇ ਹਨ ਤੇ ਸਾਨੂੰ ਦਿਨ ਚੜ੍ਹਨ ਦਾ ਪਤਾ ਈ ਨਹੀਂ ਲਗਦਾ।

ਤਾਜ਼ੀ ਹਵਾ ਰੁਮਕਦੀ ਹੈ। ਹਰ ਜੀਵ ਅਤੇ ਪੱਤੇ ਦੀਆਂ ਰਗਾਂ ਵਿਚ ਦੌੜਦੀ। ਸਿਰਫ਼ ਉੱਦਮੀ ਨੂੰ ਪਛਾਣਦੀ, ਹੋਰ ਕਿਸੇ ਪਛਾਣ ਨੂੰ ਨਹੀਂ ਜਾਣਦੀ। ਜਿਹੜਾ ਮਰਜ਼ੀ ਝੋਲੀਆਂ ਭਰ ਲਵੇ, ਜਿੰਨੀਆਂ ਭਰ ਸਕਦਾ, ਮੁਫਤੋ ਮੁਫ਼ਤ। ਇਸਤੋਂ ਵੱਡੀ ਨਾ ਕੋਈ ਖੁਰਾਕ, ਨਾ ਕੋਈ ਦਵਾਈ, ਨਾ ਕੋਈ ਕਮਾਈ। ਹਵਾ ਹੀ ਜ਼ਿੰਦਗੀ ਹੈ।

ਪਰ ਇਥੇ ਇਕ ਭੇਦ ਹੈ। ਕੁਦਰਤ ਹਰ ਇਕ ਦੇ ਰੋਮ ਰੋਮ ਵਿਚ ਹੈ, ਆਸ ਪਾਸ ਹੈ। ਇਸਨੂੰ ਅੰਦਰ ਮਹਿਸੂਸ ਕਰਨ ਜਾਂ ਆਪਣੇ ਕੋਲ ਹੋਣ ਦਾ ਅਹਿਸਾਸ ਹਰ ਕਿਸੇ ਨੂੰ ਨਹੀਂ ਹੁੰਦਾ। ਇਸ ਲਈ ਕੁਦਰਤ ਦੀ ਵਡਿਆਈ ਦਾ ਗਿਆਨ ਅਤੇ ਇਸ ਨਾਲ ਜੋੜਨ ਵਾਲਾ ਭਾਵਨਾਤਮਕ ਲਗਾਓ ਵੀ ਤਾਂ ਹੋਣਾ ਚਾਹੀਦਾ ਹੈ। ਏਹੋ ਤਾਂ ਇਕੋ ਇਕ ਗੱਲ ਹੈ ਖਾਸ, ਜਿਸ ਤਹਿਤ ਅਸੀਂ ਵੇਖਦੇ ਹਾਂ ਕਿ ਕੁਝ ਲੋਕ ਕੁਦਰਤੀ ਵਾਤਾਵਰਨ ਦੀ ਤਬਾਹੀ ਦਾ ਕਾਰਨ ਬਣ ਰਹੇ ਹਨ ਤੇ ਕਈ ਲੋਕ ਕੁਦਰਤ ਨਾਲ ਮੋਹ ਕਰਦੇ ਹੋਏ ਇਸਨੂੰ ਬੰਦੇ ਤੋਂ ਬਚਾਉਣ ਲਈ ਜ਼ਿੰਦਗੀਆਂ ਅਰਪਨ ਕਰੀ ਬੈਠੇ ਹਨ। ਪਰ ਫਿਰ ਵੀ ਕੁਦਰਤ ਆਪਣੀਆਂ ਰਹਿਮਤਾਂ ਦੀ ਬਖ਼ਸ਼ਿਸ਼ ਕਰਨ ਲੱਗਿਆਂ ਕਿਸੇ ਨਾਲ ਵਿਤਕਰਾ ਨਹੀਂ ਕਰਦੀ।

ਸਮਾਜ ਲਈ ਸੋਧ ਅਤੇ ਹੁਣ ਤੱਕ ਦੀ ਸਾਰੀ ਖੋਜ ਦੀਆਂ ਬਰਕਤਾਂ ਬੰਦੇ ਨੂੰ ਕੁਦਰਤ ਵੱਲ ਮੂੰਹ ਕਰਕੇ ਹੀ ਮਿਲੀਆਂ ਹਨ, ਪਿੱਠ ਕਰ ਕੇ ਨਹੀਂ।

ਕੀ ਰਾਜ-ਭਾਗ ਉਤੇ ਕਾਬਜ਼ ਲੋਕਾਂ ਦਾ, ਆਮ ਬੰਦਾ ਸਿਫਾਰਿਸ਼ ਦੇ ਖੇਤਰ ਵਿਚ ਮੁਕਾਬਲਾ ਕਰ ਲਊਗਾ ? ਕਦੀ ਵੀ ਨਹੀਂ। ਕੀ ਸਰੀਰੋਂ ਹੱਟੇ ਕੱਟੇ ਲੋਕਾਂ ਨੂੰ ਕਮਜ਼ੋਰ ਢਾਹ ਲੈਣਗੇ ? ਕਦੀ ਵੀ ਨਹੀਂ। ਪਰ ਇਕ ਖੇਤਰ ਹੈਗਾ ਜਿਸ ਵਿਚ ਹਰ ਕੋਈ ਬੰਦਾ ਸਭਨਾਂ ਦਾ ਮੁਕਾਬਲਾ ਵੀ ਕਰ ਸਕਦਾ ਹੈ ਤੇ ਉਹਨਾਂ ਤੋਂ ਅੱਗੇ ਵੀ ਲੰਘ ਸਕਦਾ ਹੈ। ਤੇ ਇਹ ਖੇਤਰ ਹੈ ਬੁੱਧੀ ਦਾ ਖੇਤਰ, ਦਿਮਾਗੀ ਰਿਆਜ਼, ਕਲਾ ਕੁਸ਼ਲਤਾ।

ਜੇ ਆਪਾਂ ਨੂੰ ਸਹੀ ਸਲਾਮਤ ਦਿਮਾਗ ਮਿਲਿਆ ਹੈ ਤਾਂ ਸਮਝੋ ਬੜਾ ਕੁਝ ਮਿਲਿਆ ਹੈ। ਇਹ ਸਾਰੀਆਂ ਦੌਲਤਾਂ, ਖੁਸ਼ੀਆਂ, ਅਨੰਦਾਂ, ਸਬੰਧਾਂ ਦਾ ਸੋਮਾ ਹੈ। ਗਿਆਨ ਅਤੇ ਕਲਾ ਉਤੇ ਕਿਸੇ ਦਾ ਕਬਜ਼ਾ ਸੰਭਵ ਨਹੀਂ। ਇਹ ਓਸੇ ਦੇ ਹੋ ਜਾਣਗੇ ਜੋ ਰਿਆਜ਼ ਅਤੇ ਅਮਲ ਨਾਲ ਇਹਨਾਂ ਨੂੰ ਸਿੱਧ ਕਰ ਲਏਗਾ।

ਤੰਦਰੁਸਤੀ ਵੀ ਬੜੀ ਦੁਰਲੱਭ ਸ਼ੈਅ ਹੈ। ਹਰ ਇਕ ਨੂੰ ਨਸੀਬ ਨਹੀਂ। ਇਸ ਸੰਸਾਰ ਨੂੰ ਜੀਵ ਨੇ ਸਿਹਤ ਦੇ ਜ਼ਰੀਏ ਹੀ ਭੋਗਣਾ ਹੈ। ਪੰਜੇ ਇੰਦਰੀਆਂ ਵੇਖਣਾ, ਚੱਖਣਾ, ਸੁੰਘਣਾ, ਸੁਣਨਾ, ਛੂਹਣਾ ਹੀ ਜੀਵਨ ਵਿਚ ਰੰਗ ਰਸ ਦਾ ਸਾਧਨ ਹੈ। ਇਹਨਾਂ ਨਾਲ ਜੁੜੇ ਅੰਗ ਲਿੰਗ ਸਹੀ ਹਨ ਤਾਂ ਹੀ ਸੰਸਾਰ ਦਾ ਭੋਗ ਹੈ। ਨਹੀਂ ਤਾਂ ਕਾਹਦੀ ਜੂਨ। ਆਤਮਕ ਸੁਹੱਪਣ ਤੇ ਚੇਤਨਾ ਪ੍ਰਵਾਹ ਦਾ ਜ਼ਰੀਆ ਵੀ ਇਹੀ ਹੈ। ਬੌਧਿਕ-ਮਾਨਸਿਕ ਇਕਸੁਰਤਾ ਹੀ ਆਤਮਕ ਸ਼ੁੱਧਤਾ ਨੂੰ ਸਹਿਲ ਬਣਾਉਂਦੀ ਹੈ।

ਜੋ ਸੁਹਿਰਦ ਹੈ, ਹਰ ਦਿਨ ਉਸਦੇ ਵਕਾਰ ਅਤੇ ਆਪਣਿਆਂ ਵਿਚ ਵਾਧਾ ਕਰਦਾ ਹੈ। ਚੰਗਿਆਈ ਦੀ ਮਹਿਕ



Namdhari Elibrary NamdhariElibrary@gmail.com

ਫੈਲਦੀ ਹੈ ਤੇ ਦੂਜੇ ਉਸਦੀ ਸਫਲਤਾ ਲਈ ਦੁਆਵਾਂ ਤੇ ਕੋਸ਼ਿਸ਼ਾਂ ਕਰਦੇ ਹਨ।

ਕੋਈ ਕਾਬਲੀਅਤ ਹੈ, ਨਿਰਸੰਕੋਚ ਵੰਡੋ। ਘਟੇਗੀ ਨਹੀਂ, ਸਗੋਂ ਵਧੇਗੀ ਆਪਣੇ ਤੇ ਦੂਜਿਆਂ ਅੰਦਰਲੀਆਂ ਬਰਕਤਾਂ ਵੱਲ ਧਿਆਨ ਕਰੀਏ। ਚੰਗਿਆਈਆਂ ਵੇਖਣ ਦੀ ਆਦਤ ਬਣੂੰ। ਦੂਜਿਆਂ ਲਈ ਆਪਣੀ ਸਾਰਥਕਤਾ ਬਣਾਈ ਰੱਖਣੀ ਚਾਹੀਦੀ ਹੈ।

ਕਈ ਲੋਕਾਂ ਦਾ ਖਿਆਲ ਹੈ ਕਿ ਪਹਿਲਾਂ ਸਮਾਜ ਪ੍ਰਬੰਧ ਬਦਲੇ ਤਦ ਹੀ ਇਨਸਾਨ ਬਦਲ ਸਕਦਾ ਹੈ। ਕੁਝ ਦਾ ਵਿਚਾਰ ਹੈ ਕਿ ਪਹਿਲਾਂ ਇਨਸਾਨ ਬਦਲਣ ਤੇ ਫਿਰ ਇਹ ਆਪੇ ਸਮਾਜਕ ਪ੍ਰਬੰਧ ਨੂੰ ਵਧੀਆ ਪਾਸੇ ਬਦਲਣਗੇ। ਬਹੁਤ ਸਾਰੇ ਲੋਕ ਇਹਨਾਂ ਦੋਵਾਂ ਸੋਚਾਂ ਨੂੰ ਇਕ ਦੂਜੇ ਦੀਆਂ ਵਿਰੋਧੀ ਸਮਝੀ ਬੈਠੇ ਹਨ। ਪਰ ਇਹ ਵਿਰੋਧੀ ਨਹੀਂ, ਪੂਰਕ ਹਨ। ਮੁੱਕਦੀ ਗੱਲ ਹੈ ਕਿ ਇਨਸਾਨ ਬਦਲੇ ਚੰਗੇ ਪਾਸੇ ਨੂੰ, ਪਹਿਲਾਂ ਮਗਰੋਂ ਦੇ ਝਗੜੇ 'ਚ ਕਾਹਨੂੰ ਪੈਣਾ। ਜਿਉਂਦੇ ਜਾਗਦੇ ਇਨਸਾਨਾਂ 'ਚ ਤਬਦੀਲੀ ਤਾਂ ਚਲਦੀ ਰਹਿਣੀ ਰਹਿੰਦੀ ਦੁਨੀਆਂ ਤੱਕ। ਪਰ ਆਪਾਂ ਮੂਲ ਫੜੀਏ ਜਿੰਦਗੀ ਦਾ ਮੂਲ, ਜਿਸ ਉਤੇ ਸਾਰਾ ਕੁਝ ਟਿਕਦਾ। ਮੂਲ ਦੀਆਂ ਤੰਦਾਂ 'ਚੋਂ ਇਕ ਤੰਦ ਹੈ ਨਜ਼ਰੀਆ, ਦ੍ਰਿਸ਼ਟੀਕੋਣ।

ਨਜ਼ਰੀਏ 'ਚੋਂ ਹੀ ਉਸ ਨਜ਼ਰ ਦੀ ਬਖ਼ਸ਼ਿਸ਼ ਹੁੰਦੀ ਹੈ, ਜਿਸ ਨਾਲ ਸਾਰੀ ਸ੍ਰਿਸ਼ਟੀ/ਕਾਇਨਾਤ ਹੀ ਆਪਣੀ ਲਗਦੀ ਹੈ। ਦ੍ਰਿਸ਼ਟੀ 'ਚੋਂ ਹੀ ਦ੍ਰਿਸ਼ਾਂ ਦਾ ਸੁਹੱਪਣ ਦਿੱਸਦਾ ਹੈ।

ਅੱਖਾਂ ਸਿਰਫ਼ ਵੇਖਦੀਆਂ ਹਨ ਦ੍ਰਿਸ਼, ਮਾਇਨੇ ਦ੍ਰਿਸ਼ਟੀ ਨਾਲ ਬਣਦੇ ਹਨ। ਅੱਖਾਂ ਨਾਲ ਸਿਰਫ਼ ਦਿੱਸਦਾ ਹੈ, ਦਿੱਸੇ ਦਾ ਪਤਾ ਨਹੀਂ ਲਗਦਾ। ਦਿਮਾਗ ਅੱਖਾਂ ਦੀਆਂ ਵੀ ਅੱਗੋਂ ਅੱਖਾਂ ਹਨ. ਵੇਖੇ ਦੀ ਸਮਝ ਆਉਂਦੀ।

ਨਜ਼ਰ ਵਿਚ ਨਹੀਂ, ਨਜ਼ਰੀਏ ਵਿਚ ਹੀ ਹੈ ਕੁਛ ਹੋਣ ਤੇ ਨਾ ਹੋਣ ਦਾ ਅਹਿਸਾਸ। ਸਮਾਜ ਬਦਲਣ ਦਾ ਵੀ ਮਤਲਬ ਹੈ, ਨਜ਼ਰੀਆ ਬਦਲਨਾ। ਨਜ਼ਰੀਆ ਬਦਲਨਾ ਹੀ ਸਮਾਜਕ ਪ੍ਰਬੰਧ ਨੂੰ ਬਦਲਣ ਦਾ ਸਾਧਨ ਹੈ।

ਨਜ਼ਰੀਏ ਦੀ ਤਾਕਤ ਹੀ ਇਨਸਾਨ ਦੀ ਅਡੋਲ ਤੇ ਅਜਿਤ ਸ਼ਕਤੀ ਹੈ।

ਇਹ ਹੈ, ਤਾਂ ਸਾਡੇ ਕੋਲ ਸਭ ਕੁਛ ਹੈ, ਜਾਂ ਰਹੇਗਾ। ਜੇ ਨਹੀਂ ਤਾਂ ਕੁਛ ਵੀ ਨਹੀਂ ਹੈ। ਜੋ ਹੈਗਾ, ਉਹ ਵੀ ਜਾਪੂ ਹੈ ਨੀ। ਸੋ ਕਿਉਂ ਨਾ ਕੁਛ ਹੋਣ ਦਾ ਅਹਿਸਾਸ ਕਰਿਆ ਕਰੀਏ। ਤਾਂ ਕਿ ਆਪਣਾ ਆਪ ਭਰਿਆ ਭਰਿਆ ਜਾਪੇ।

*—ਮੁਖੀ ਪੰਜਾਬੀ ਵਿਭਾਗ*
*ਸਰਕਾਰੀ ਕਾਲਜ ਤਲਵਾੜਾ*
*ਜ਼ਿਲ੍ਹਾ ਹੁਸ਼ਿਆਰਪੁਰ*

# ਰੁਤਾਂ ਦਾ ਲੇਖਾ-ਜੋਖਾ

*—ਸ਼ਿਵਨਾਥ*

ਫੱਗਣ-ਚੇਤਰ ਛੱਡ ਕੇ ਪਾਲਾ
ਆਏ ਘਰਾਂ 'ਚੋਂ ਬਾਹਰ
ਬੜੇ ਚਿਰਾਂ ਦੇ ਪਿਛੋਂ ਆਈ,
ਜਾਪੇ ਰੁੱਤ-ਬਹਾਰ!

ਵਿਸਾਖ-ਜੇਠ ਵਿਚ ਠੰਢੀ-ਮਿੱਠੀ
ਲੱਗੀ ਤਪਣ ਹਵਾ!
ਹੌਲੀ ਹੌਲੀ ਚਾਰੇ ਪਾਸਿਉਂ
ਲੱਗਿਆ ਚੜ੍ਹਨ ਕੜਾਹ!

ਹਾੜ੍ਹ-ਸੌਣ ਦੇ ਰੰਗ ਨੇ ਹੁੰਦੇ,
ਗਰਮੀ ਅਤੇ ਫੁਹਾਰਾਂ।
ਕਦੇ ਹੋਵੀਏ ਮੁੜ੍ਹਕੋ-ਮੁੜ੍ਹਕੀ,
ਕਦੇ ਸਵਾਦੀ 'ਠਾਰਾਂ'!

ਭਾਦਰੋਂ-ਅੱਸੂ 'ਚੋਂ ਇਕ ਗੰਦਾ,
ਇਕ ਹੈ ਜ਼ਰਾ ਸੁਖਾਵਾਂ,
ਜਿਵੇਂ ਘਰਾਂ ਦੇ ਬਾਰ ਖੋਲ੍ਹ ਕੇ,
ਖੜ੍ਹਨ ਦਰਾਂ ਵਿਚ ਮਾਵਾਂ!

ਕੱਤੇ-ਮੱਘਰ ਹੌਲੀ-ਹੌਲੀ,
ਨਿੱਘ ਦਾ ਚੇਤਾ ਆਵੇ
ਕੋਈ ਲੇਫ-ਤਲਾਈਆਂ ਛੰਡੇ
ਕੋਈ ਧੁੱਪ ਲੁਆਏ।

ਪੋਹ-ਮਾਘ ਵਿਚ ਠੁਰ ਠੁਰ ਕਰਦੇ
ਅੱਥਰੇ-ਬਾਲ-ਇਞਾਣੇ!
ਬਹੁਤ ਚਿਰਾਕੇ ਘਰਾਂ 'ਚੋਂ ਨਿਕਲਣ
ਸਾਡੇ ਜਿਹੇ 'ਸਿਆਣੇ'!

ਆਮ ਜਿਹਾ ਲੇਖਾ-ਜੋਖਾ ਹੈ
ਪਰ ਇਹ ਗੱਲ ਹੈ ਸ਼ੱਕੀ!
ਹੋ ਰਿਹਾ ਲਗਦੈ ਨਾਲ ਮੌਸਮਾਂ,
ਮਾਨਵ ਧਕਮ-ਧੱਕੀ!

ਕਿਤੇ ਕਰ ਰਿਹੈ ਬੰਬ-ਧਮਾਕੇ,
ਕਿਤੇ ਜ਼ਹਿਰੀਲਾ ਪਾਣੀ!
ਪਾਗਲ-ਪਨ ਤਕ ਪਹੁੰਚ ਗਈ ਏ,
ਇਹਦੀ ਅਕਲ ਸਿਆਣੀ!

*੧੨੫੭-ਐਲ.ਆਈ.ਜੀ.*
*ਫੇਜ਼-੧੦-ਮੋਹਾਲੀ*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

**OPP. : INDUSTRIAL ESTATE,**

**JAMMU CANTT.**



Namdhari Elibrary NamdhariElibrary@gmail.com

# ਹਰਿਮੰਦਰ ਸਾਹਿਬ 'ਤੇ ਹਮਲਾ ਅਤੇ ਬਾਬਰੀ ਮਸਜਿਦ ਦਾ ਗਿਰਾਣਾ

*—ਤਰਲੋਚਨ ਸਿੰਘ, ਮੈਂਬਰ ਪਾਰਲੀਮੈਂਟ*

ਪਿਛਲੇ ਮਹੀਨੇ ਪਾਰਲੀਮੈਂਟ ਵਿੱਚ ਸਭ ਤੋਂ ਵੱਧ ਚਰਚਾ ਲਿਬਰਾਹਨ ਕਮਿਸ਼ਨ ਦੀ ਬਾਬਰੀ ਮਸਜਦ ਦੇ ਗਿਰਾਣ ਬਾਰੇ ਰਿਪੋਰਟ ਤੇ ਹੋਈ। ਪਹਿਲਾਂ ਤਾਂ ਦੋ ਵਾਰੀ ਦੋਵੇਂ ਸਦਨਾਂ ਲੋਕ ਸਭਾ ਤੇ ਰਾਜ ਸਭਾ ਵਿੱਚ ਇਸ ਰਿਪੋਰਟ ਨੂੰ ਸਦਨ ਵਿੱਚ ਪੇਸ਼ ਕਰਨ ਦੀ ਮੰਗ ਬਾਰੇ ਰੌਲਾ ਪਿਆ ਤੇ ਸਦਨ ਦੀ ਕਾਰਵਾਈ ਠੱਪ ਰਹੀ। ਜਦ ਸਰਕਾਰ ਨੇ ਰਿਪੋਰਟ ਪੇਸ਼ ਕੀਤੀ ਤਾਂ ਇਸ ਤੇ ਪੂਰੀ ਚਰਚਾ ਕਰਨ ਲਈ ਪੂਰੇ ਦੋ ਦਿਨ, ਹਰ ਇੱਕ ਸਦਨ ਨੂੰ ਅਲਾਟ ਕੀਤੇ ਗਏ। ਬੜੀ ਭਖਵੀਂ ਚਰਚਾ ਤੇ ਸਾਰੀਆਂ ਰਾਜਸੀ ਪਾਰਟੀਆਂ ਨੇ ਆਪਣੀ ਪਾਲਸੀ ਅਨੁਸਾਰ ਵਿਚਾਰ ਰੱਖੇ। ਮੈਂ ਰਾਜ ਸਭਾ ਦਾ ਮੈਂਬਰ ਹਾਂ ਇਸ ਲਈ ੯ ਤੇ ੧੦ ਦਸੰਬਰ ਨੂੰ ਹੋਈ ਚਰਚਾ ਨੂੰ ਸੁਣਿਆ ਤੇ ਆਪ ਵੀ ਇਸ ਵਿੱਚ ਹਿੱਸਾ ਲਿਆ। ੧੯੯੨ ਵਿੱਚ ਅਯੁੱਧਿਆ ਵਿੱਚ ਸਥਾਪਤ ਬਾਬਰੀ ਮਸਜਿਦ ਹਿੰਦੂ ਧਰਮ ਦੇ ਕਾਰ ਸੇਵਕਾਂ ਰਾਹੀਂ ਢਾਹੀ ਗਈ ਸੀ। ਉਹਨਾਂ ਅਨੁਸਾਰ ਇਹ ਮਸਜਿਦ ਮੁਸਲਮਾਨ ਬਾਦਸ਼ਾਹਾਂ ਨੇ ਸ੍ਰੀ ਰਾਮ ਚੰਦਰ ਜੀ ਦੇ ਜਨਮ ਅਸਥਾਨ ਵਿਖੇ ਮੰਦਰ ਢਾਹ ਕੇ ਬਣਾਈ ਸੀ। ਦੇਸ ਦੀ ਅਜ਼ਾਦੀ ਤੋਂ ਪਹਿਲਾਂ ਹੀ ਇਥੇ ਮੁੜ ਮੰਦਰ ਬਣਾਉਣ ਦੀ ਅਵਾਜ਼ ਉਠੀ ਸੀ। ਇਸ ਬਾਰੇ ਕਚਿਹਰੀ ਵਿੱਚ ਮੁਕੱਦਮਾ ਵੀ ਚੱਲ ਰਿਹਾ ਸੀ। ਪੰਡਿਤ ਨਹਿਰੂ ਦੇ ਸਮੇਂ ਇਸ ਮਸਜਿਦ ਵਿੱਚ ਇੱਕ ਪਾਸੇ ਮੂਰਤੀਆਂ ਵੀ ਰੱਖ ਦਿੱਤੀਆਂ ਗਈਆਂ ਸਨ। ਮੁਸਲਮਾਨਾਂ ਨੇ ਬੜੇ ਚਿਰ ਤੋਂ ਇਸ ਮਸਜਿਦ ਵਿੱਚ ਨਮਾਜ਼ ਬੰਦ ਕਰ ਰੱਖੀ ਸੀ। ਸ੍ਰੀ ਰਾਜੀਵ ਗਾਂਧੀ ਨੇ ੧੯੮੯ ਵਿੱਚ ਇਥੇ ਹੀ ਮੰਦਰ ਬਣਾਉਣ ਦਾ ਸ਼ਿਲਾ-ਨਿਆਸ ਰੱਖਵਾ ਦਿੱਤਾ ਸੀ। ਸ੍ਰੀ ਲਾਲ ਕਿਸ਼ਨ ਅਡਵਾਨੀ ਨੇ ਸਾਰੇ ਭਾਰਤ ਵਿੱਚ ਮੰਦਰ ਅੰਦੋਲਨ ਲਈ ਰੱਥ ਯਾਤਰਾ ਕੀਤੀ। ਕਾਂਗਰਸ ਪਾਰਟੀ ਨੇ ਭਾਜਪਾ ਨੂੰ ਦੋਸ਼ੀ ਠਹਿਰਾਇਆ ਹੈ। ਸ੍ਰੀ ਚੰਦਬਰਮ ਹੋਮ ਮਨਿਸਟਰ ਭਾਰਤ ਸਰਕਾਰ ਨੇ ਕਿਹਾ ਕਿ ਬਾਬਰੀ ਮਸਜਿਦ ਢਾਹੁਣ ਨਾਲ ਭਾਰਤ ਦੀ ਸਦੀਆਂ ਪੁਰਾਣੀ ਸਰਵ ਧਰਮ ਸਤਿਕਾਰ ਦੀ ਪਰੰਪਰਾ ਖ਼ਤਮ ਹੋ ਗਈ ਹੈ। ਦੂਜਾ ਇਹ ਕਿਹਾ ਕਿ ਚਾਹੇ ਕੋਈ ਵੀ ਬਹਾਨਾ ਹੋਵੇ ਇਕ ਇਤਿਹਾਸਕ ਧਾਰਮਿਕ ਸਥਾਨ ਨੂੰ ਢਾਹੁਣਾ ਜੁਰਮ ਹੈ। ਉਹਨਾਂ ਇਹ ਵੀ ਕਿਹਾ ਕਿ ਜੋ ਲਿਬਰਾਹਨ ਕਮਿਸ਼ਨ ਬਣਾਇਆ ਸੀ ਉਸ ਨੇ ਇਹ ਸਾਬਤ ਕਰਨਾ ਸੀ ਕਿ ਇਸ ਸਾਰੀ ਕਾਰਵਾਈ ਪਿਛੇ ਕਿਸ ਦੀ ਸਾਜ਼ਿਸ਼ ਹੈ। ਉਹਨਾਂ ਕਿਹਾ ਕਿ ਦੇਸ਼ ਦੀ ਆਤਮਾ ਨੂੰ ਮਸਜਿਦ ਗਿਰਾਣ ਕਰਕੇ ਦੁੱਖ ਦਿੱਤਾ ਗਿਆ ਹੈ। ਇਹ ਕਾਂਗਰਸ ਵੱਲੋਂ ਮੰਗ ਰੱਖੀ ਗਈ ਸੀ ਕਿ ਭਾਜਪਾ ਤੇ ਹਿੰਦੂ ਰਾਸ਼ਟਰੀ ਪਾਰਟੀਆਂ ਆਰ.ਐਸ. ਐਸ. ਆਦਿ ਦੇ ਲੀਡਰਾਂ ਤੇ ਇਸ ਜੁਰਮ ਦਾ ਮੁਕੱਦਮਾ ਚਲਾਇਆ ਜਾਵੇ। ਚਾਰ ਦਿਨ ਪਾਰਲੀਮੈਂਟ ਵਿੱਚ ਇਹ ਅਵਾਜ਼ ਗੂੰਜੀ ਕਿ ਵਿਸ਼ਵ ਭਰ ਵਿੱਚ ਇਕ ਧਾਰਮਿਕ ਸਥਾਨ ਢਾਹੁਣ ਕਰਕੇ ਭਾਰਤ ਦੇਸ਼ ਕਲਕੰਤ ਹੋਇਆ ਹੈ।

ਜਦੋਂ ੧੦ ਦਸੰਬਰ ਨੂੰ ਮੈਨੂੰ ਇਸ ਚਰਚਾ ਵਿੱਚ ਬੋਲਣ ਦਾ ਸਮਾਂ ਮਿਲਿਆ ਤਾਂ ਮੈਂ ਪਹਿਲਾਂ ਕਿਹਾ ਕਿ ਸਾਨੂੰ ਵੀ ਇਸ ਘਟਨਾ ਦਾ ਦੁੱਖ ਹੈ। ਮੈਂ ਬਿਨਾਂ ਕਿਸੇ ਲਿਹਾਜ਼ ਦੇ ਸਿੱਧਾ ਸਵਾਲ ਹੋਮ ਮਨਿਸਟਰ ਨੂੰ ਕੀਤਾ ਕਿ ਉਹ ਦੱਸਣ ਬਾਬਰੀ ਮਸਜਿਦ ਢਾਹੁਣ ਤੋਂ ੮ ਸਾਲ ਪਹਿਲਾਂ ਕਿਹੜੇ ਇਤਿਹਾਸਕ ਧਾਰਮਿਕ ਸਥਾਨ ਨੂੰ ਢਾਹੁਣ ਦਾ ਵਾਕਿਆ ਹੋਇਆ ਸੀ। ਮੈਂ ਸਾਰੇ ਸਦਨ ਨੂੰ ਯਾਦ ਕਰਵਾਇਆ ਕਿ ਸਾਰੇ ਵਿਸ਼ਵ ਵਿੱਚ ਇੱਕ ਮਿਸਾਲ ਹੈ ਜਿੱਥੇ ਸੈਕੂਲਰਇਜ਼ਮ ਨੂੰ ਸਹੀ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਜਦ ਗੋਲਡਨ ਟੈਂਪਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੋ ਸਿੱਖਾਂ ਦਾ ਕੇਂਦਰ ਹੈ ਉਸਦਾ ਨੀਂਹ ਪੱਥਰ ਇਕ ਮੁਸਲਮਾਨ ਪੀਰ ਮੀਆਂ ਮੀਰ ਹੱਥੋਂ ਰੱਖਵਾਇਆ ਗਿਆ। ਮੈਂ ਸਾਰੇ ਮੈਂਬਰਾਂ ਨੂੰ ਖਾਸ ਕਰਕੇ ਮੁਸਲਮਾਨਾਂ ਨੂੰ ਕਿਹਾ ਕਿ ਅੱਲਾ ਦਾ ਨਾਂ ਜਿਤਨੀ ਵਾਰ ਗੁਰੂ ਗਰੰਥ ਵਿੱਚ ਆਉਂਦਾ ਹੈ ਉਹ ਕੀ ਸਾਬਤ ਕਰਦਾ ਹੈ ? ਅੰਮ੍ਰਿਤਸਰ ਦੇ ਹਰੀ ਮੰਦਰ ਵਿੱਚ ਰਾਮ ਤੇ ਅੱਲਾ ਦੇ ਨਾਂ ਦਾ ਜਾਪ ਹੁੰਦਾ ਹੈ ਕੋਈ ਹੋਰ ਐਸੀ ਥਾਂ ਮੰਦਰ, ਮਸਜਦ, ਚਰਚ ਦੱਸੋ ਜਿਥੇ ਸਾਰੇ ਧਰਮਾਂ ਦੇ ਬਾਰੇ ਇਕੋ ਜਿਹਾ ਸਨਮਾਨ ਹੁੰਦਾ ਹੋਵੇ। ਸਾਰਾ ਹਾਊਸ ਉਸ ਦਿਨ ਭਰਿਆ ਹੋਇਆ ਸੀ। ਮੈਂ ਅੱਗੇ ਚੱਲਕੇ ਕਿਹਾ ਕਿ ਬਾਬਰੀ ਮਸਜਿਦ ਤਾਂ ਕਾਰ ਸੇਵਕਾਂ ਨੇ ਢਾਹੀ ਸੀ ਤੇ ਉਸ ਬਾਰੇ ਝਗੜਾ ਚਿਰ ਤੋਂ ਚੱਲ ਰਿਹਾ ਸੀ। ਇਹ ਇੱਕ (Disputed Place) ਸੀ। ਪਰ ਗੋਲਡਨ ਟੈਂਪਲ ਕੰਪਲੈਕਸ ਤੇ ਹਮਲਾ ਭਾਰਤੀ ਫੌਜ ਨੇ ਕੀਤਾ ਜਿਸ ਲਈ ਆਦੇਸ਼ ਕਾਂਗਰਸ ਸਰਕਾਰ ਨੇ ਦਿੱਤੇ ਸਨ। ਸਾਰੇ ਹਾਊਸ ਵਿੱਚ ਮੈਂਬਰਾਂ ਨੇ Shame Shame ਦੇ ਨਾਹਰੇ ਲਾਏ। ਕੀ ਦੇਸ਼ ਦੀ ਸਰਬ ਧਰਮ ਪਰੰਪਰਾ ਉਸ ਵਕਤ ਖਤਮ ਨਹੀਂ ਹੋਈ ? ਇਕ ਕਾਂਗਰਸੀ ਮੈਂਬਰ ਨੇ ਟੋਕਿਆ ਕਿ ਗੋਲਡਨ ਟੈਂਪਲ ਨਹੀਂ ਗਿਰਾਇਆ ਗਿਆ, ਮੈ ਜਵਾਬ ਦਿੱਤਾ ਕਿ ਅਕਾਲ ਤਖਤ ਗਿਰਾਇਆ ਗਿਆ ਸੀ, ਜੋ ਸਾਡੇ ਲਈ ਉਤਨਾ ਹੀ ਮੁਤਬਰਕ ਹੈ। ਮੈਂ ਦੱਸਿਆ ਕਿ ਵਿਦੇਸ਼ੀ ਯਾਤਰੀ ਸੈਂਕੜੇ ਦੀ ਗਿਣਤੀ ਵਿਚ ਮਾਰੇ ਗਏ ਅਤੇ ਰੱਬ ਦੇ ਸਥਾਨ ਵਿੱਚ ਅੰਮ੍ਰਿਤ ਦੀ ਥਾਂ ਖ਼ੂਨ ਦੀ ਵਰਖਾ ਕੀਤੀ ਗਈ ਸੀ। ਬਾਬਰੀ ਮਸਜਿਦ ਵਕਤ ਕੋਈ ਮੁਸਲਮਾਨ ਨਹੀਂ ਮਰਿਆ, ਪਰ ੧੯੮੪ ਦੇ ਇਸ ਹਮਲੇ ਕਾਰਣ ੭੦੦ ਦੇ ਕਰੀਬ ਸਿੱਖ ਮਰਦ, ਔਰਤਾਂ ਤੇ ਬੱਚੇ ਸ਼ਹੀਦ ਹੋਏ। ਸਾਰੇ ਵਿਸ਼ਵ ਵਿੱਚ ਭਾਰਤ ਕਲਕੰਤ ਹੋਇਆ। ਜਦ ਭਾਰਤੀ ਫੌਜ ਆਪਣੇ ਦੇਸ ਵਿੱਚ ਇੱਕ ਘੱਟ ਗਿਣਤੀ ਕੌਮ ਦਾ ਪਵਿਤਰ ਸਥਾਨ ਢਾਹੁਣ ਗਈ ਤਾਂ ਕੀ ਭਾਰਤ ਦੀ ਆਤਮਾ ਉਦੋਂ ਦੁਖੀ ਨਹੀਂ ਹੋਈ।

ਮੈਨੂੰ ੧੦ ਮਿੰਟ ਬੋਲਣ ਦਾ ਅਵਸਰ ਮਿਲਿਆ ਮੈਂ ਸਾਬਤ ਕੀਤਾ ਕਿ ਭਾਰਤ ਵਿੱਚ ਜੇ ਕੋਈ ਧਰਮ ਵਿਰੁੱਧ ਕਾਰਵਾਈ ਹੋਈ



Namdhari Elibrary NamdhariElibrary@gmail.com

ਹੈ ਉਹ ਕਾਂਗਰਸ ਸਰਕਾਰ ਨੇ ੧੯੮੪ ਵਿੱਚ ਦਰਬਾਰ ਸਾਹਿਬ ਤੇ ਫੌਜ ਚਾੜ੍ਹਕੇ ਕੀਤੀ। ਪਰ ਸਾਡੀ ਸਰਕਾਰ ਸਿਆਸੀ ਲਾਭ ਲੈਣ ਲਈ ਕੇਵਲ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਹਰ ਸਮਾਂ ਬਾਬਰੀ ਮਸਜਦ ਦਾ ਅਲਾਪ ਕਰਦੀ ਹੈ। ਉਹਨਾਂ ਨੂੰ ਸਿੱਖਾਂ ਦੇ ਜਜ਼ਬਾਤ ਦੀ ਕੋਈ ਕਦਰ ਨਹੀਂ, ਕਿਉਂ ਜੋ ਸਾਡੀ ਗਿਣਤੀ ਘੱਟ ਹੈ। ਅਖੀਰ ਵਿੱਚ ਮੈਂ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਜੋ ਬਾਬਰ ਬਾਰੇ ਹਨ ਸੁਣਾਏ ਕਿ "ਪਾਪ ਕੀ ਜੰਜ ਲੈ ਕਾਬਲੋਂ ਧਾਇਆ" "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ"। ਮੈਂ ਇਹ ਵੀ ਕਿਹਾ ਕਿ ਅਕਬਰ ਬਾਦਸ਼ਾਹ ਦੀ ਅਸੀਂ ਕਦਰ ਕਰਦੇ ਹਾਂ ਜਿਸਨੇ ਅੰਮ੍ਰਿਤਸਰ ਮੰਦਰ ਲਈ ਜ਼ਮੀਨ ਭੇਟ ਕੀਤੀ। ਸਿੱਖ ਹਮੇਸ਼ਾ ਬਾਬਰ ਤੇ ਔਰੰਗਜੇਬ ਜੋ ਮੁਗਲ ਬਾਦਸ਼ਾਹ ਸਨ ਉਹਨਾਂ ਦੇ ਕੀਤੇ ਜ਼ੁਲਮ ਨਹੀਂ ਭੁੱਲ ਸਕਦੇ। ਹੁਣ ਲੋੜ ਹੈ ਕਿ ਸਿੱਖ ਵਿਦਵਾਨ ੧੯੮੪ ਵਿੱਚ ਹੋਈ ਇਸ ਇਤਿਹਾਸਕ ਘਟਨਾ ਨੂੰ ਲੋਕਾਂ ਅੱਗੇ ਰੱਖਣ। ਤੁਸੀਂ ਹੈਰਾਨ ਹੋਵੋਗੇ ਕਿ ਸਾਰੇ ਮੈਂਬਰ ਪਾਰਲੀਮੈਂਟ ਚਾਹੇ ਉਹ ਕਿਸੇ ਪਾਰਟੀ ਦੇ ਸਨ ਮੇਰੇ ਭਾਸ਼ਨ ਨੂੰ ਸੁਣਕੇ ਸਾਡੇ ਹਮਦਰਦ ਬਣੇ ਹਨ। ਸਾਰੇ ਮੈਂਬਰ ਨਵੇਂ ਹਨ। ਉਹ ੧੯੮੪ ਵਕਤ ਐਮ.ਪੀ. ਨਹੀਂ ਸਨ। ਉਹਨਾਂ ਨੂੰ ਇਸ ਤਰ੍ਹਾਂ ਦੀ ਜਾਣਕਾਰੀ ਪਹਿਲੀ ਵਾਰ ਮਿਲੀ ਹੈ। ਸਾਡੇ ਪਰਚਾਰ ਦੇ ਮਾਧਿਅਮ ਹੋਰ ਤਿਖੇ ਤੇ ਪਰਭਾਵਸ਼ਾਲੀ ਹੋਣੇ ਚਾਹੀਦੇ ਹਨ। ਕਈ ਕਹਿੰਦੇ ਹਨ ਕਿ ੨੫ ਸਾਲ ਹੋ ਗਏ ਤਾਂ ਭੁਲ ਜਾਵੋ, ਕੀ ਅਸੀਂ ਭੁਲਾ ਸਕਦੇ ਹਾਂ ?

*ਪ੍ਰੀਤਮ ਸਿੰਘ ਕਵੀ ਦੇ ਜਨਮ ਦਿਨ ਤੇ*

# ਵਾਹ ਕਵੀ ਜੀ, ਵਾਹ



"ਕਿੰਨੇ ਖੂਬਸੂਰਤ ਲਗ ਰਹੇ ਹੋ, ਤੁਹਾਡੀ ਹਰ ਇਕ ਚੀਜ਼ ਗੱਲਾਂ ਪਈ ਕਰਦੀ ਏ, ਕਿਆ ਬਾਤ ਹੈ।" ਇਹ ਸ਼ਬਦ ਕਵੀ ਜੀ ਦੇ ਹਨ। ਪਰ ਮੈਂ ਉਹਨਾਂ ਨੂੰ ਇਹ ਸ਼ਬਦ ਬੜੇ ਹੀ ਪਿਆਰ ਨਾਲ ਛੇੜਣ ਦੇ ਬਹਾਨੇ ਕਿਹਾ ਕਰਦੀ ਸਾਂ। ਉਹਨਾਂ ਨੇ ਹੱਸ ਕੇ ਕਹਿਣਾ ਪੁੱਤਰ ਜੀ ਸੌ ਸਾਲ ਜਿਊਣਾ ਹੈ, ਮੈਂ ਆਪਣੇ ਆਪ ਨੂੰ ਹਮੇਸ਼ਾ ਤਿਆਰ ਰੱਖਦਾ ਹਾਂ। ਕਿਉਂਕਿ ਮੈਨੂੰ ਮੌਤ ਕੋਲੋਂ ਵੀ ਡਰ ਨਹੀਂ ਲੱਗਦਾ। ਪਰ ਫੇਰ ਵੀ ਮੈਂ ਸੌ ਸਾਲ ਤੱਕ ਜਿਊਣ ਦਾ ਦਾਅਵਾ ਕਰਦਾ ਹਾਂ। ਜੇ ਉਸ ਤੋਂ ਉਤੇ ਜਿਊ ਸਕਿਆ ਤਾਂ ਉਹ ਮੇਰਾ ਬੋਨਸ ਹੋਵੇਗਾ, ਪਰ ਇਸ ਦੁਰਾਨ ਮੈਨੂੰ ਕੋਈ ਨਾ ਮੁਰਾਦ ਬਿਮਾਰੀ ਨਾ ਲੱਗੇ ਤਾਂ ਮੈਂ ਸੰਜਮ ਨਾਲ ਸੌਂਦਾ ਹਾਂ, ਸੰਜਮ ਨਾਲ ਖਾਂਦਾ ਹਾਂ, ਆਪਣੇ ਬਿਸਤਰੇ ਤੇ ਹੀ ਥੋੜ੍ਹੀ ਵਰਜ਼ਸ਼ ਕਰ ਲੈਂਦਾ ਹਾਂ, ਸ਼ਹਿਦ ਤੇ ਗੁੜ ਮੈਂ ਕਦੀ ਮੁਕਣ ਨਹੀਂ ਦੇਂਦਾ। ਇਹ ਦੋਵੇਂ ਮੈਨੂੰ ਤਾਕਤ ਦੇਂਦੇ ਨੇ, ਤੇ ਚਾਹ। ਚਾਹ ਤਾਂ ਮੇਰੀ, ਮੇਰਾ ਜੀ ਲਾਉਂਦੀ ਹੈ ਬੁੱਢੇ ਬੰਦੇ ਦਾ। ਕਿਉਂਕਿ ਮੈਂ ਸਾਰਾ, ਸਾਰਾ ਦਿਨ ਲਿਖਦਾ ਹਾਂ, ਦੁੱਧ ਮੇਰੇ ਜਿਹੇ ਵੇਹਲੇ ਬੰਦੇ ਦੀ ਲੋੜ ਨਹੀਂ ਕਿਉਂਕਿ ਮੈਂ ਕਿਹੜਾ ਜ਼ੋਰ ਦਾ ਕੰਮ ਕਰਨਾ ਹੁੰਦਾ ਹੈ, ਸੋ ਚਾਹ ਨਾਲ ਮੇਰਾ ਦਿਨ ਚੰਗਾ ਲੰਘ ਜਾਂਦਾ ਹੈ। ਤੁਹਾਡੀ ਮਾਂ ਨੂੰ ਵੀ ਤੇ ਕੋਈ ਕੰਮ ਦੇਣਾ ਹੁੰਦਾ ਹੈ, ਜੇਕਰ ਮੈਂ ਚਾਹ ਨਾ ਮੰਗਾ ਤਾਂ, ਮੇਰੀ ਤੇ ਉਸ ਦੀ ਸਾਂਝ ਹੀ ਖਤਮ ਹੋ ਜਾਵੇ। ਉਸਨੂੰ ਤਾਂ ਸਾਰਾ ਦਿਨ ਆਪਣੇ ਘਰ ਦੇ ਕੰਮ ਤੋਂ ਵੇਹਲ ਨਹੀਂ ਮਿਲਦਾ। ਏਸ ਕਰਕੇ ਮੈਂ ਉਸਨੂੰ ਬਲਾਉਣ ਦੇ ਬਹਾਨੇ, ਕਹਿ ਦੇਂਦਾ ਹਾਂ, ਗੁਰਬਚਨ ਕੌਰ ਜੀ ਚਾਹ ਤਾਂ ਪਿਆ ਦਿਉ ੪ ਵਜ ਗਏ ਨੇ। ਮੇਰੇ ਚਾਹ ਦੇ ਟਾਇਮ ਪੱਕੇ ਨੇ। ਸਵੇਰੇ ਇਸ਼ਨਾਨ ਕਰਕੇ ੫ ਵਜੇ ਨਾਸ਼ਤੇ ਨਾਲ। ੭ ਵਜੇ ਫੇਰ ੧੦ ਵਜੇ ਤੇ ਇਕ ਵੱਜੇ ਪਰਸ਼ਾਦਾ ਤਿੰਨ ਫੁਲਕੇ। ਉਸ ਤੋਂ ਪਿਛੋਂ ੪ ਵਜੇ ਫੇਰ ੬ ਵਜੇ ਫੇਰ ੭ ਵਜੇ ਦੋ ਫੁਲਕੇ ਸੌਣ ਲੱਗੇ। ੯ ਵਜੇ ਇਕ ਚਾਹ ਫੇਰ। ਕਈਆਂ ਨੇ ਕਹਿਣਾ ਚਾਹ ਪੀ ਕੇ ਨੀਂਦ ਨਹੀਂ ਆਉਂਦੀ, ਪਰ ਉਹਨਾਂ ਨੂੰ ਚਾਹ ਪੀ ਕੇ ਅਛੀ ਨੀਂਦ ਆਉਂਦੀ ਸੀ। ਸੇਹਤ ਪੱਖੋਂ ਬੜੇ ਵਧੀਆ ਰਹੇ ਉਹ ਪਰ ਬੁਢਾਪਾ ਤਾਂ ਬੁਢਾਪਾ ਹੈ, ਉਸ ਨੇ ਵੀ ਦਸਣਾ ਹੈ, ਮੈਂ ਆ ਗਿਆ ਹਾਂ।

ਅਸੀਂ ਉਹਨਾਂ ਕੋਲੋਂ ਖੁਸ਼ ਰਹਿਣ ਤੇ ਚੰਗਾ ਜੀਵਣ ਜੀਣ ਲਈ ਬਹੁਤ ਕੁਝ ਸਿਖਿਆ। ਖੁਸ਼ ਰਹੋ ਦੂਜਿਆਂ ਨੂੰ ਵੀ ਖੁਸ਼ ਰੱਖੋ। ਦਲਿਦਰ ਤੋਂ ਬੱਚ ਕੇ ਰਹੋ ਝੂਠ ਨਾ ਬੋਲੋ। ਆਪਣਾ ਵਿਹਾਰ ਸਹੀ ਰੱਖੋ, ਕਿਸੇ ਕੋਲੋਂ ਜੇ ਪੈਸਾ ਲਿਆ ਹੈ ਤਾਂ ਉਸਨੂੰ ਸਮੇਂ ਸਿਰ ਮੋੜੋ। ਆਪਣੀ ਹੈਸੀਅਤ ਮੁਤਾਬਕ ਖਰਚ ਕਰੋ, ਲੋਕਾਚਾਰ ਵਿਚ ਨਾ ਪਵੋ। ਕਹਿੰਦੇ ਹੁੰਦੇ ਸਨ ਕਿ ਜੇ ਮੈਂ ਲੋਕਾਚਾਰ ਵਿਚ ਪੈ ਜਾਂਦਾ ਤਾਂ ਮੈਂ ਚਾਰ ਪੰਜ ਸੌ ਰੁਪੈ ਕਮਾਉਣ ਵਾਲਾ ਬੰਦਾ ਆਪਣੀਆਂ ਪੰਜ ਪੁੱਤਰੀਆਂ ਦਾ ਵਿਆਹ ਕਿਵੇਂ ਕਰਦਾ। ਥੋਹੜੇ ਨੂੰ ਬਹੁਤਾ ਕਰਕੇ ਜਿਉਏ ਹਾਂ, ਨਹੀਂ ਤੇ ਮੇਰੇ ਵਰਗੇ ਗਰੀਬ ਬੰਦੇ ਨੇ ਸਦਾ ਕਰਜ਼ਾਈ ਹੀ ਰਹਿਣਾ ਸੀ। ਬੜੀ ਕ੍ਰਿਪਾ ਰਹੀ ਹੈ ਸਤਿਗੁਰੂ ਸੱਚੇ ਪਾਤਸ਼ਾਹ ਦੀ। ਮੈਂ ਲੋਕਾਚਾਰ ਛੱਡ ਆਪਣੇ ਮੰਨ ਦੀ ਕੀਤੀ ਬੜਾ ਸੁੱਖੀ ਹਾਂ।

ਉਂਝ ਵੀ ਅਸੀਂ ਕਦੀ ਉਹਨਾਂ ਨੂੰ ਪ੍ਰੇਸ਼ਾਨ ਨਹੀਂ ਸੀ ਦੇਖਿਆ। ਸਦਾ ਖਿੜੇ ਮੱਥੇ ਹੀ ਸੁਆਗਤ ਕਰਦੇ ਸਨ। ਦੂਜਿਆਂ ਨੂੰ ਵੀ ਇਹੋ ਸਿਖਿਆ ਦੇਣੀ ਕਿ ਜੋ ਸੁਖ ਖੁਸ਼ ਰਹਿਣ ਵਿਚ ਹੈ ਉਹ ਹੋਰ ਕਿਤੇ ਨਹੀਂ। ਅਸੀਂ ਵੀ ਸਾਰੇ ਇਹੋ ਕੋਸ਼ਿਸ਼ ਕਰੀਏ ਆਪਣੇ ਆਪ ਨੂੰ ਚੰਗਾ ਰੱਖਣ ਲਈ ਤੇ ਉਹਨਾਂ ਵਾਂਗ ਚੰਗਾ ਜਿਊਣ ਦੀ।

ਲੋ ਜੀ ਫੇਰ ੧ ਫਰਵਰੀ ਨੂੰ ਆਪਾਂ ਸੌ ਦੇ ਹੋ ਗਏ,<br>
ਅਲਵਿਦਾ, ਕਵੀ ਜੀ ਅਲਵਿਦਾ ਅਸੀਂ ਕੋਸ਼ਿਸ਼ ਕਰਾਂਗੇ<br>
ਤੁਹਾਡੇ ਚੰਗੇ ਰਾਹਾਂ ਤੇ ਚੱਲਣ ਦੀ।

—ਬੇਟੀ ਭੁੱਚੂ ਬੁਲਵੰਤ



Namdhari Elibrary NamdhariElibrary@gmail.com

# ਗੁਰਦੁਆਰਾ ਮੁਕਤਸਰ ਸਾਹਿਬ ਦਾ ਇਤਿਹਾਸ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਆਮਦ

*—ਸੁਲੱਖਣ ਸਿੰਘ ਭਿਡਰ*

ਮੁਕਤਸਰ—ਮੁਕਤਸਰ ਨੂੰ ਪਹਿਲੇ ਖਿਦਰਾਣੇ ਦੀ ਢਾਬ, ਈਸਰਸਰ ਤੇ ਮੁਕਤੇਸਰ ਭੀ ਕਿਹਾ ਜਾਂਦਾ ਸੀ। ਮੁਕਤੀ ਜਾਂ ਮੁਕਤ ਪਦ ਨੂੰ ਪ੍ਰਾਪਤ ਹੋਏ ਸ਼ਹੀਦਾਂ ਸਿੰਘਾਂ ਦਾ ਸਰ ਹੋਣਾ ਕਰਕੇ ਭੀ ਇਸ ਸਥਾਨ ਦਾ ਨਾਮ "ਮੁਕਤਸਰ" ਪ੍ਰਸਿੱਧ ਹੋਇਆ। ਇਸੇ ਸਥਾਨ ਤੇ ਸ੍ਰੀ "ਮੁਕਤ" ਸਰੋਵਰ ਹੈ। ਇਥੇ ਮਾਘੀ ਵਾਲੇ ਦਿਨ ਲੱਖਾਂ ਦੀ ਤਦਾਦ ਵਿਚ ਸ਼ਰਧਾਲੂ ਇਸ਼ਨਾਨ ਕਰਦੇ ਹਨ।

ਇਸ ਸਰੋਵਰ ਦੀ ਸੇਵਾ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੰਗੀ ਜਰਨੈਲ ਦੀਵਾਨ ਮੁਹਕਮ ਚੰਦ ਤੇ ਸਰਦਾਰ ਹਰੀ ਸਿੰਘ ਨਲਵਾ ਨੇ ਕਾਫੀ ਰੁਪਏ ਖਰਚ ਕੇ ਕਰਵਾਈ ਸੀ। ਜੋ ਕਮੀ ਰਹਿ ਗਈ ਸੀ ਉਹ ਮਹਾਰਾਜਾ ਪਟਿਆਲਾ, ਨਾਭਾ, ਜੀਂਦ ਤੇ ਫਰੀਦਕੋਟ ਦੀ ਸਹਾਇਤਾ ਨਾਲ ਸਿੱਖ-ਰਜਮੈਂਟ ਨੰਬਰ ੧੪-੩੫ ਤੇ ੩੬ ਦੇ ਉੱਦਮ ਨਾਲ ਸਿਰੇ ਚੜ੍ਹੀ। ਫਿਰ ਸੰਨ ੧੯੦੮ ਵਿਚ ਸੰਤ ਗੁਰਮੁਖ ਸਿੰਘ, ਸਾਧੂ ਸਿੰਘ ਤੇ ਜਥੇਦਾਰ ਬਘੇਲ ਸਿੰਘ ਜੀ ਨੇ ਸਾਢੇ ਤਿੰਨ ਲੱਖ ਰੁਪਏ ਖਰਚ ਕਰਕੇ ਸਰੋਵਰ ਵਿਚ ਬਾਹਰੋਂ ਪਾਣੀ ਲਿਆਉਣ ਵਾਸਤੇ ਡੇਢ ਮੀਲ ਲੰਬੀ ਪੱਕੀ ਹੰਸਲੀ ਬਣਵਾਈ ਤੇ ਪੱਕੇ ਪੌੜ ਲਗਵਾਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਸਥਾਨ ਦਾ ਨਾਮ ਖਿਦਰਾਣੇ ਤੋਂ 'ਮੁਕਤਸਰ' ਰੱਖਿਆ।

ਮੁਕਤਸਰ ਦੇ ਇਤਿਹਾਸ ਅਸਥਾਨ—ਸ੍ਰੀ ਮੁਕਤਸਰ ਸਾਹਿਬ ਦੇ ਪ੍ਰਸਿੱਧ ਇਤਿਹਾਸਕ ਅਸਥਾਨ ਕ੍ਰਮ ਅਨੁਸਾਰ ਇਹ ਹਨ- (੧) ਬੋਹੜ ਵਾਲਾ ਖੂਹ, (੨) ਦਰਬਾਰ ਸਾਹਿਬ ਸ੍ਰੀ ਮੁਕਤਸਰ, (੩) ਮੁਕਤ-ਸਰੋਵਰ, (੪) ਗੁਰਦੁਆਰਾ ਤੰਬੂ ਸਾਹਿਬ, (੫) ਗੁਰਦੁਆਰਾ ਸਾਹਿਬ ਸ਼ਹੀਦ ਗੰਜ, (੬) ਗੁਰਦੁਆਰਾ ਦਾਤਣਸਰ, (੭) ਗੁਰਦੁਆਰਾ ਸਾਹਿਬ ਰਕਾਬਸਰ, (੮) ਗੁਰਦੁਆਰਾ ਟਿੱਬੀ ਸਾਹਿਬ, (੯) ਗੁਰਦੁਆਰਾ ਤਰਨ ਤਾਰਨ ਸਾਹਿਬ।

ਟੁੱਟੀ ਗੰਢੀ—ਪੋਹ ਸੰਮਤ ੧੭੬੧ ਬਿਕਰਮੀ (ਸੰਨ ੧੭੦੪) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਛੱਡ ਕੇ ਕੀਰਤਪੁਰ, ਮਾਛੀਵਾੜਾ, ਭਾਈ ਭਗਤਾ ਆਦਿ ਪਿੰਡਾਂ ਤੋਂ ਹੁੰਦੇ ਹੋਏ ਕੋਟਕਪੂਰੇ ਪਹੁੰਚੇ ਤਾਂ ਖਬਰਾਂ ਮਿਲੀਆਂ ਕਿ ਸੂਬਾ ਸਰਹਿੰਦ ਨਵਾਬ ਵਜ਼ੀਰ ਖਾਂ ਤੇ ਦਿੱਲੀ ਦੀਆਂ ਸ਼ਾਹੀ ਫੌਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰ ਰਹੀਆਂ ਹਨ।

ਕੋਟਕਪੂਰੇ ਪਹੁੰਚਣ ਤੇ ਚੌਧਰੀ ਕਪੂਰ ਸਿੰਘ ਨੇ ਗੁਰੂ ਜੀ ਦਾ ਬਹੁਤ ਸਤਿਕਾਰ ਕੀਤਾ। ਗੁਰੂ ਜੀ ਨੇ ਚੌਧਰੀ ਕਪੂਰ ਸਿੰਘ ਤੋਂ ਕਿਲਾ ਮੰਗਿਆ ਤਾਂ ਕਿ ਦੁਸ਼ਮਣਾਂ ਦਾ ਟਾਕਰਾ ਕੀਤਾ ਜਾ ਸਕੇ। ਚੌਧਰੀ ਮੁਗਲਾਂ ਤੋਂ ਡਰਦਾ ਕਿਲਾ ਦੇਣ ਤੋਂ ਮੁੱਕਰ ਗਿਆ। ਗੁਰੂ ਜੀ ਦੇ ਮੁਖਾਰਬਿੰਦ ਤੋਂ ਸੁਭਾਵਿਕ ਇਹ ਸ਼ਬਦ ਨਿਕਲੇ :

"ਚੌਧਰੀ ਕਪੂਰ ਸਿੰਘ! ਅਸੀਂ ਤੈਨੂੰ ਤੁਰੰਤ ਹੀ ਰਾਜ ਦੇਣਾ ਚਾਹੁੰਦੇ ਸੀ। ਪਰ ਤੂੰ ਤੁਰਕਾਂ ਤੋਂ ਡਰਿਆਂ ਹੈ, ਇਸ ਲਈ ਉਹਨਾਂ ਦੇ ਹੱਥੋਂ ਹੀ ਤਸੀਹੇ ਝੱਲਕੇ ਤੇਰੀ ਮੌਤ ਹੋਵੇਗੀ।"

ਗੁਰੂ ਜੀ ਬਚਨ ਕਰਕੇ ਆਪਣੇ ਸਿੱਖ ਯੋਧਿਆਂ ਨਾਲ ਮੁਕਤਸਰ ਖਿਦਰਾਣੇ ਦੀ ਢਾਬ ਤੇ ਪਹੁੰਚੇ। ਕਪੂਰੇ ਨੇ ਮੁਗਲ ਫੌਜਾਂ ਦਾ ਸਾਥ ਦਿੱਤਾ। (ਯਾਦ ਰਹੇ ਕਿ ਮੁਗਲ ਹਕੂਮਤ ਦੇ ਇਲਾਕੇ ਦੇ ਕਾਰਦਾਰ ਮੰਝ ਰਾਜਪੂਤ ਈਸਾ ਖਾਨ ਨੇ ਚੌਧਰੀ ਕਪੂਰ ਸਿੰਘ ਨੂੰ ਸੰਨ ੧੭੦੮ ਈਸਵੀ ਨੂੰ ਫਾਂਸੀ ਦੇ ਦਿੱਤੀ ਸੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੀਤਾ ਬਚਨ ਪੂਰਾ ਹੋਇਆ)

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ ਮੁਕਤਸਰ ਪਹੁੰਚੇ ਤਾਂ ਦੂਰੋਂ ਧੂੜ ਧਮਾਈ ਮੁਗਲ ਫੌਜਾਂ ਨਜ਼ਰ ਆਈਆਂ। ਚਾਲੀ (੪੦) ਮਝੈਲ ਸਿੰਘ ਸਿਖ ਯੋਧੇ ਜੋ ਗੁਰੂ ਜੀ ਨੂੰ ਬੇਦਾਵਾ ਲਿਖ ਕੇ "ਹਮ ਨ ਸਿਖ ਤੁਧ ਗੁਰ ਨਾ ਹਮਾਰੇ" ਅਨੰਦਪੁਰੋਂ ਸਿਧੇ ਘਰਾਂ ਨੂੰ ਚਲੇ ਗਏ ਸਨ, ਮਾਈ ਭਾਗ ਕੌਰ ਜੀ ਦੇ ਨਾਲ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਮੁੜ ਆਏ। ਇਹ ਚਾਲੀ (੪੦) ਸਿੰਘ ਜਿਹਨਾਂ ਖਿਦਰਾਣੇ ਦੀ ਢਾਬ ਤੇ ਯੁੱਧ ਕੀਤਾ— ਗੁਰੂ ਪਦ ਪ੍ਰੇਮ ਪ੍ਰਕਾਸ਼, ਕ੍ਰਿਤ ਸੁਮੇਰ ਸਿੰਘ ਤੇ ਗੁਰ-ਸ਼ਬਦ ਰਤਨਾਕਰ-ਮਹਾਨ ਕੋਸ਼, ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਚਾਲੀ ਮੁਕਤਿਆਂ ਦੇ ਨਾਮ ਇਹ ਹਨ :-

(੧) ਸ਼ਮੀਰ ਸਿੰਘ, (੨) ਸਾਧੂ ਸਿੰਘ, (੩) ਸਰਜਾ ਸਿੰਘ, (੪) ਸੁਹੇਲ ਸਿੰਘ, (੫), ਸੁਲਤਾਨ ਸਿੰਘ, (੬) ਸੋਭਾ ਸਿੰਘ, (੭) ਸੰਤ ਸਿੰਘ, (੮) ਹਰਸਾ ਸਿੰਘ, (੯) ਹਰੀ ਸਿੰਘ, (੧੦)



Namdhari Elibrary NamdhariElibrary@gmail.com

ਕਰਨ ਸਿੰਘ, (੧੧) ਕਰਮ ਸਿੰਘ, (੧੨) ਕਾਲਾ ਸਿੰਘ, (੧੩) ਕੀਰਤਿ ਸਿੰਘ, (੧੪) ਕਿਰਪਾਲ ਸਿੰਘ, (੧੫) ਖੁਸ਼ਹਾਲ ਸਿੰਘ, (੧੬) ਗੁਲਾਬ ਸਿੰਘ, (੧੭) ਗੰਗਾ ਸਿੰਘ, (੧੮) ਗੰਡਾ ਸਿੰਘ, (੧੯) ਘਰਬਾਰਾ ਸਿੰਘ, (੨੦) ਚੰਬਾ ਸਿੰਘ, (੨੧) ਜਾਦੋ ਸਿੰਘ, (੨੨) ਜੋਗਾ ਸਿੰਘ, (੨੩) ਜੰਗ ਸਿੰਘ, (੨੪) ਦਯਾਲ ਸਿੰਘ, (੨੫) ਦਰਬਾਰਾ ਸਿੰਘ, (੨੬) ਦਿਲਬਾਗ ਸਿੰਘ, (੨੭) ਧਰਮ ਸਿੰਘ, (੨੮) ਧੰਨਾ ਸਿੰਘ, (੨੯) ਨਿਹਾਲ ਸਿੰਘ, (੩੦) ਨਿਧਾਨ ਸਿੰਘ, (੩੧) ਬੂੜ ਸਿੰਘ, (੩੨) ਭਾਗ ਸਿੰਘ, (੩੩) ਭੋਲਾ ਸਿੰਘ, (੩੪) ਭੰਗਾ ਸਿੰਘ, (੩੫) ਮਹਾਂ ਸਿੰਘ, (੩੬) ਮੱਜਾ ਸਿੰਘ, (੩੭) ਮਾਨ ਸਿੰਘ, (੩੮) ਮਯਾ ਸਿੰਘ, (੩੯) ਰਾਇ ਸਿੰਘ, (੪੦) ਲਛਮਣ ਸਿੰਘ।

ਹੁਣ ਇਹ ਅਸਥਾਨ ਸ੍ਰੀ ਦਰਬਾਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਚਾਲੀ (੪੦) ਸਿੰਘ ਇਥੇ ਸ਼ਹੀਦ ਹੋ ਕੇ "ਮੁਕਤਾ" ਬਣੇ ਸਨ। ਇਹਨਾਂ ਵਿਚ ਹੀ ਭਾਈ ਮਹਾਂ ਸਿੰਘ ਜੀ ਸਨ। ਭਾਈ ਮਹਾਂ ਸਿੰਘ ਜੀ ਦੀ ਬੇਨਤੀ ਪ੍ਰਵਾਨ ਕਰ ਲਈ ਗਈ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਤਕ ਸਹਿਕਦਾ ਪਿਆ ਸੀ। ਤਾਂ ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ "ਭਾਈ! ਕੁਝ ਮੰਗ, ਜੋ ਤੇਰੀ ਦਿਲੀ ਇਛਾ ਹੋਵੇ।" ਭਾਈ ਮਹਾਂ ਸਿੰਘ ਜੀ ਨੇ ਕਿਹਾ ਕਿ "ਬੇਦਾਵੇ ਦਾ ਕਾਗਜ਼ ਪਾੜ ਦਿਓ। ਤੇ ਟੁੱਟੀ ਗੰਢੋ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੇਦਾਵੇ ਦਾ ਪੱਤਰ ਜੇਬ ਵਿਚੋਂ ਕੱਢ ਕੇ ਬੇਦਾਵਾ ਪੱਤਰ ਚਾਕ ਕਰ ਦਿੱਤਾ ਤੇ ਉਹਨਾਂ ਦੀ ਟੁੱਟੀ ਹੋਈ ਗੰਢੀ।

ਸਤਿਗੁਰੂ ਰਾਮ ਸਿੰਘ ਜੀ ਦੀ ਆਮਦ—ਮਾਘੀ ਇਕ ਪਵਿੱਤਰ ਤਿਉਹਾਰ ਹੈ। ਇਸ ਮੌਕੇ ਤੇ ਦੇਸ਼ ਦੇ ਕੋਨੇ-ਕੋਨੇ ਵਿਚੋਂ ਲੱਖਾਂ ਦੀ ਤਦਾਦ ਵਿਚ ਸੰਗਤਾਂ ਮੁਕਤਸਰ ਦੀ ਪਾਵਨ ਧਰਤੀ ਤੇ ਪਹੁੰਚ ਕੇ "ਮੁਕਤ-ਸਰੋਵਰ" ਵਿਚ ਇਸ਼ਨਾਨ ਕਰਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਸੀ ਜੋ ਸਿੱਖ ਇਸ ਧਰਤੀ ਦੇ ਦਰਸ਼ਨ ਕਰੇਗਾ, ਉਸਨੂੰ ਮੁਕਤੀ ਪ੍ਰਾਪਤ ਹੋਵੇਗੀ।

ਸੰਮਤ ੧੯੧੮ ਮਾਘੀ ਵਾਲੇ ਦਿਨ ਨਾਮਧਾਰੀ ਸੰਪਰਦਾ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਮੁਕਤਸਰ ਦੀ ਪਵਿਤਰ ਧਰਤੀ ਤੇ ਪਹੁੰਚੇ ਹੋਏ ਸਨ। ਆਪ ਜੀ ਨੇ ਸ਼ਾਮ ਦੇ ਦੀਵਾਨ ਲਗਾਏ ਤੇ ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਆਪਣੇ ਬਹਾਦਰ ਸੂਰਬੀਰ ਸਿੰਘਾਂ ਨਾਲ ਸ੍ਰੀ ਦਰਬਾਰ ਸਾਹਿਬ ਮੁਕਤਸਰ ਦੇ "ਮੁਕਤ-ਸਰੋਵਰ" (ਜਿਸਦਾ ਨਾਂ ਕਾਗਜ਼ਾਂ ਵਿਚ ਈਸਰਸਰ ਖਿਦਰਾਣੇ ਦੀ ਢਾਬ ਹੈ) ਵਿਚ ਮਾਘੀ ਦਾ ਇਸ਼ਨਾਨ ਕਰਨ ਗਏ ਤਾਂ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਗੁੰਡਿਆਂ ਤੇ ਬਦਮਾਸ਼ਾਂ ਦੀਆਂ ਟੋਲੀਆਂ ਗੰਦ ਬਕਦੀਆਂ ਫਿਰਦੀਆਂ ਸਨ, ਛੇੜਖਾਨੀਆਂ ਹੋ ਰਹੀਆਂ ਸਨ, ਮੱਛਰੇ ਗੱਭਰੂ ਬੱਕਰੇ ਬੁਲਾ ਰਹੇ ਸਨ, ਬੀਬੀਆਂ ਦੀ ਬੇਇਜ਼ਤੀ ਹੋ ਰਹੀ ਸੀ, ਨਾਚੀਆਂ ਦੇ ਨਾਚ ਹੋ ਰਹੇ ਸਨ, ਬੋਲੀਆਂ ਪੈ ਰਹੀਆਂ ਸਨ, ਤੂੰਬੇ ਵਜ ਰਹੇ ਸਨ। ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਆਪ ਜੀ ਤੋਂ ਸਹਾਰੀ ਨਾ ਗਈ।

ਆਪ ਜੀ ਨੇ ਆਪਣੇ ਬਹਾਦਰ ਸੂਰਬੀਰ ਸਿੰਘਾਂ ਨੂੰ ਇਹਨਾਂ ਗੁੰਡਿਆਂ ਮਸ਼ਟੰਡਿਆਂ ਨੂੰ ਸੋਧਣ ਦਾ ਹੁਕਮ ਦਿੱਤਾ। ਸਿੰਘ ਆਪਣੇ ਗੁਰੂ ਜੀ ਦਾ ਹੁਕਮ ਸੁਣ ਕੇ ਗੁੰਡਿਆਂ, ਲੁਚਿਆਂ ਤੇ ਟੁੱਟ ਕੇ ਪੈ ਗਏ ਤੇ ਡਾਂਗਾਂ, ਲਾਠੀਆਂ, ਸਲੋਤਰਾਂ ਨਾਲ ਕੁੱਟ ਕੁੱਟ ਕੇ ਬਦਮਾਸ਼ਾਂ ਦਾ ਕਚੂੰਬਰ ਕੱਢ ਦਿੱਤਾ। ਗੁੰਡਿਆਂ ਤੇ ਨਾਮਧਾਰੀਆਂ ਵਿਚ ਖੂਬ ਲੜਾਈ ਹੋਈ, ਲੁੱਚੇ ਤੇ ਮਸ਼ਟੰਡੇ ਉਥੋਂ ਭਜਦੇ ਹੋਏ ਨਜ਼ਰ ਆਏ। ਅਨੋਖੀ ਬਹਾਦਰੀ ਦੀ ਮਿਸਾਲ ਦੇ ਕੇ ਸ਼ਹੀਦਾਂ ਦੀ ਪਾਵਨ ਧਰਤੀ ਇਤਿਹਾਸਕ ਗੁਰਦੁਆਰੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਪਾਰ ਕ੍ਰਿਪਾ ਕੀਤੀ।

ਇਤਿਹਾਸ ਗਵਾਹ ਹੈ ਕਿ ਨਾਮਧਾਰੀਆਂ ਦੇ ਰਹਿਨੁਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਿਲ ਅੰਦਰ ਦੇਸ਼ ਭਗਤੀ ਤੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਅਥਾਹ ਸ਼ਰਧਾ ਤੇ ਪਿਆਰ ਸੀ। ਆਪ ਜੀ ਨੇ ਮੁਕਤਸਰ ਰਹਿਣ ਸਮੇਂ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਦੀਆਂ ਮੁਰੰਮਤਾਂ ਆਪਣੇ ਖਰਚੇ ਤੇ ਕਰਵਾਈਆਂ ਸਨ ਤੇ ਮੁਕਤਸਰ ਦੀ ਸਰਾਂ ਆਪ ਜੀ ਦੀ ਨਿਗਰਾਨੀ ਹੇਠ ਤਿਆਰ ਹੋਈ ਸੀ।

*ਮਕਾਨ ਨੰ-੧੩੮, ਸੰਧੂ ਕਾਲੋਨੀ, ਗਲੀ ਨੰ-੬*
*ਮੁਕਤਸਰ-੧੫੨੦੨੬*
*ਫੋਨ-੯੯੮੮੯-੪੬੯੫੦*

## ਪਹਿਲਵਾਨ ਰਾਜਬੀਰ ਸਿੰਘ ਨਾਮਧਾਰੀ ਦਾ ਅਸਟ੍ਰੇਲੀਆ ਵਿਚ ਵਧੀਆ ਪ੍ਰਦਰਸ਼ਨ

ਰਾਜਬੀਰ ਸਿੰਘ ਨਾਮਧਾਰੀ ਪਹਿਲਵਾਨ ਨੇ ਅਸਟ੍ਰੇਲੀਆ ਵਿਚ ਵਿਕਟੋਰੀਆ ਸਟੇਟ ਚੈਂਪੀਅਨਸ਼ਿਪ ਵਿਚ ਦੂਜੀ ਥਾਂ ਹਾਸਲ ਕਰਕੇ ਸਿੱਖੀ ਸਰੂਪ ਦਾ ਵਧੀਆ ਪ੍ਰਦਰਸ਼ਨ ਕੀਤਾ ਹੈ। ਉਹ ਤਿੰਨ ਕੁਸ਼ਤੀਆਂ ਜਿੱਤ ਕੇ ਫਾਈਨਲ ਵਿਚ ਪੁੱਜਾ, ਪਰ ਅੰਤ ਮੁਕਾਬਲੇ ਪਿਛੋਂ ਦੂਜੇ ਨੰਬਰ ਤੇ ਰਿਹਾ।



Namdhari Elibrary NamdhariElibrary@gmail.com

# ਮਾਲੇਰਕੋਟਲਾ ਦੇ ਕੂਕੇ ਸ਼ਹੀਦ

—ਰੂਹੜ ਸਿੰਘ ਬੱਸੋ



ਕਹਿੰਦੇ ਹਨ "ਜਦੋਂ ਕੂਕੇ (ਨਾਮਧਾਰੀਆਂ) ਨੂੰ ਮਲੇਰਕੋਟਲੇ ਦੇ ਰੱਕੜ ਦੇ ਮੈਦਾਨ ਵਿਚ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ। ਉਦੋਂ ਦੋ ਸਿੰਘਾਂ ਦਾ ਨਾ ਉਭਰ ਕੇ ਸਾਹਮਣੇ ਆਉਂਦਾ ਹੈ। ਇਕ ੧੨ ਸਾਲਾ ਬਾਲਕ ਬਿਸ਼ਨ ਸਿੰਘ ਪਿੰਡ ਰੜ੍ਹ ਦਾ ਦੂਜਾ ਸੰਤ ਵਰਿਆਮ ਸਿੰਘ ਪਿੰਡ ਮਹਿਰਾਜ ਦਾ, ਤਹਿਸੀਲ ਤੇ ਜ਼ਿਲ੍ਹਾ ਬਠਿੰਡਾ ਜਿਸ ਨੂੰ ਕੱਦ ਦਾ ਮਧਰਾ ਹੋਣ ਦਾ ਬਹਾਨਾ ਲਾ ਕੇ ਛੱਡਣਾ ਸੀ। ਇਨ੍ਹਾਂ ਤੋਂ ਬਿਨਾਂ ਜਥੇਦਾਰ ਹੀਰਾ ਸਿੰਘ ਤੇ ਜਥੇਦਾਰ ਲਹਿਣਾ ਸਿੰਘ ਜੋ ਇਸ ਜਥੇ ਦੀ ਅਗਵਾਈ ਕਰ ਰਹੇ ਸਨ। ਜਾਂ ਉਨ੍ਹਾਂ ਦੋ ਬੀਬੀਆਂ ਦਾ ਮਾਈ ਇੰਦ ਕੌਰ, ਬੀਬੀ ਖੇਮ ਕੌਰ ਜੋ ਸ੍ਰੀ ਭੈਣੀ ਸਾਹਿਬ ਤੋਂ ਜਥੇਦਾਰ ਵਲੋਂ ਤਲਵਾਰ ਨਾਲ ਖਿਚੀ ਹੋਈ ਲਕੀਰ ਟੱਪ ਕੇ ਸ਼ਹੀਦੀ ਜਥੇ ਨਾਲ ਤੁਰੀਆਂ ਸੀ। ਤੇ ਬਾਕੀ ਸੰਗਤ ਨੂੰ ਵੀ ਸ਼ਾਮਲ ਹੋਣ ਲਈ ਲਲਕਾਰ ਰਹੀਆਂ ਸਨ।

ਇਨ੍ਹਾਂ ਮਹਾਨ ਯੋਧਿਆਂ ਤੇ ਮਹਿੰਦਰਪਾਲ ਭਠਲ ਦੀਆਂ ਇਹ ਲਾਈਨਾਂ ਕਿਨੀਆਂ ਢੁੱਕਵੀਆਂ ਹਨ।

ਬਣਨ ਸ਼ਹੀਦ ਨੀਂਹਾਂ ਦੇ ਰੋੜੇ,
ਜਿਨ੍ਹਾਂ ਤੇ ਉਸਰੇ ਇਹ ਸੰਗਰਾਮ।
ਮਾਂ ਭਾਰਤ ਦੇ ਵੀਰ ਸਪੂਤੋ ਲਾਲ ਸਲਾਮ...।

ਅੰਗਰੇਜ਼ੀ ਸਰਕਾਰ ਨੇ ਪਹਿਲਾਂ ਤੋਂ ਹੀ ਮੌਤ ਦੀ ਸਜ਼ਾ ਮਿਥੀ ਹੋਈ ਸੀ ਪਰ ਫੇਰ ਵੀ ਇਕ ਛੋਟਾ ਜੇਹਾ ਡਰਾਮਾ ਪੁੱਛ ਗਿੱਛ ਦਾ ਕੀਤਾ ਤਾਂ ਕਿ ਇਹ ਪਰਭਾਵ ਦਿੱਤਾ ਜਾਵੇ ਕਿ ਅੰਗਰੇਜ਼ ਬੜੇ ਇਨਸਾਫ ਪਸੰਦ ਹਨ। ਜਦੋਂ ਜਥੇਦਾਰ ਹੀਰਾ ਸਿੰਘ ਨੂੰ ਲੁਧਿਆਣਾ ਦੇ ਡੀ. ਸੀ. ਕਾਵਨ ਨੇ ਪੁੱਛਿਆ ਤੂੰ ਨੇ ਕਿਓ ਗਦਰ ਮਚਾਇਆ ਹੈ ਤਾਂ ਜਥੇਦਾਰ ਹੀਰਾ ਸਿੰਘ ਦਾ ਜਵਾਬ ਸੀ ਅਸੀਂ ਰਾਜ ਭਰਾਵਾਂ ਦਾ ਚਾਹੁੰਦੇ ਹਾਂ। ਗੈਰਾਂ ਦੇ ਰਾਜ ਖਿਲਾਫ ਲੜਾਂਗੇ। ਸ਼ਹੀਦ ਹੋਏ ਤਾਂ ਫੇਰ ਜਨਮ ਲਮਾਂਗੇ ਉਨਾਂ ਚਿਰ ਲੜਾਂਗੇ ਜਿਨਾਂ ਚਿਰ ਤੁਹਾਨੂੰ ਇਥੋਂ ਕੱਢ ਨਹੀਂ ਦੇਂਦੇ।

ਬਸ ਇਨੇ ਨਾਲ ਹੀ ਕੇਸ ਖਤਮ, ਤੇ ਅਗਾਉਂ ਮਲੇਰਕੋਟਲੇ ਦੇ ਰਕੜ ਵਿਚ ਗੱਡੀਆਂ ਤੋਪਾਂ ਦਾ ਸੰਕੇਤ ਸੀ ਮੌਤ। ੭ ਤੋਪਾਂ ਫਾਇਰ ਕਰਨ ਲਈ ਤਿਆਰ ਕੀਤੀਆਂ ਸਨ। ਦੋ ਸਕਿਓਰਟੀ ਲਈ ਸ਼ਾਮਲ ਕੀਤੀਆਂ ਸੀ। ਹੁਣ ਇਕ ਐਸੀ



Namdhari Elibrary NamdhariElibrary@gmail.com

ਘਟਨਾ ਵਾਪਰੀ ਕਿ ਅੰਗਰੇਜ਼ੀ ਸਰਕਾਰ ਦੇ ਬਣਾਏ ਹੋਏ ਕਾਨੂੰਨ ਦੀਆਂ ਧੱਜੀਆਂ ਉਡ ਗਈਆਂ। ਅੰਗਰੇਜ਼ੀ ਘੁਮੰਡ ਦਾ ਭਾਂਡਾਂ ਚੁਰਾਹੇ 'ਚ ਫੁੱਟ ਗਿਆ। ਜਦੋਂ ਤੋਪਚੀਆਂ ਨੂੰ ਹੁਕਮ ਹੋਇਆ ਫਾਇਰ ਕਰਨ ਦਾ ਤਾਂ ਤਿੰਨ ਵਾਰੀ ਤੋਪਾਂ ਪਲੀਤਾ ਚੱਟ ਗਈਆਂ। ਇਸ ਤੇ ਜਥੇਦਾਰ ਹੀਰਾ ਸਿੰਘ ਨੇ ਕਿਹਾ, "ਬਿਲਿਆ ਤੇਰਾ ਕਾਨੂੰਨ ਤਾਂ ਫੇਹਲ ਹੋ ਗਿਆ ਤੂੰ ਸਾਨੂੰ ਕਾਨੂੰਨ ਦਾ ਸਬਕ ਪੜ੍ਹਾਉਣ ਆਇਆਂ।" ਪਰ ਤੇਰੀ ਤਾਂ ਜ਼ਮੀਰ ਹੀ ਮਾਰੀ ਗਈ ਹੈ। ਤੈਨੂੰ ਆਪਣੀ ਜ਼ਬਾਨ ਤੇ ਕਾਇਮ ਹੋਣਾ ਚਾਹੀਦਾ ਹੈ। ਜਿਸ ਹਕੂਮਤ ਦੀਆਂ ਤੋਪਾਂ ਦੇ ਤਿੰਨ ਵਾਰ ਖਾਲੀ ਚਲੇ ਜਾਣ ਉਸਨੂੰ ਕੋਈ ਹੱਕ ਨਹੀਂ ਮੁਲਜ਼ਮਾਂ ਨੂੰ ਸਜ਼ਾ ਦੇਣ ਦਾ। ਪਰ ਤੁਸੀਂ ਇਖਲਾਕੋਂ ਗਿਰੇ ਹੋਇ ਹੋ ਇਸ ਲਈ ਅਸੀਂ ਆਪਣੇ ਸਤਿਗੁਰੂ ਰਾਮ ਸਿੰਘ ਅੱਗੇ ਅਰਦਾਸ ਕਰ ਲਈ ਹੈ। ਹੁਣ ਵਾਰ ਕਰ ਤੋਪਾਂ ਚਲ ਜਾਣਗੀਆਂ ਹੁਣ ਹੁਕਮ ਗੁਰੂ ਕਾ ਹੈ। "ਅੰਗਰੇਜ਼, ਜਥੇਦਾਰ ਹੀਰਾ ਸਿੰਘ ਜਿਸ ਦਾ ਪਠਾਣ ਸਮੁੰਦ ਖਾਂ ਨਾਲ ਹੋਈ ਟਕਰ 'ਚ ਖੱਬਾ ਹੱਥ ਕਟਿਆ ਗਿਆ ਸੀ ਦੀ ਕੜਕਮੀ ਅਵਾਜ਼ ਸੁਣ ਕੇ ਡਰ ਗਿਆ ਉਸ ਨੇ ਕਿਹਾ ਇਨ੍ਹਾਂ ਨੂੰ ਤੋਪਾਂ ਨਾਲ ਬੰਨ ਕੇ ਮਾਰਿਆ ਜਾਏ। ਸਿੰਘਾ ਕਿਹਾ ਨਹੀਂ ਅਸੀਂ ਐਦਾਂ ਹੀ ਤੋਪਾਂ ਅਗੇ ਜਾਵਾਂਗੇ ਪਿਠ ਨਹੀਂ ਕਰਾਂਗੇ। ਸਨਮੁੱਖ ਖੜਾਂਗੇ। ਸਿੰਘ ਸਤਿ-ਸਤਿ ਦੀਆਂ ਟੋਲੀਆਂ ਵਿਚ ਤੋਪਾਂ ਅਗੇ ਖੁਸ਼ੀ-ਖੁਸ਼ੀ ਛਾਤੀਆਂ ਡੋਹਣ ਲੱਗੇ।

ਇਕ ਪਾਸੇ ਤੋਪਾਂ ਨਾਲ ਸਿੰਘ ਸ਼ਹੀਦ ਕੀਤੇ ਜਾ ਰਹੇ ਸਨ। ਸਿੰਘਾਂ ਦੇ ਸਰੀਰਾਂ ਦਾ ਮਾਸ ਰੂੰ ਦੇ ਫੰਬਿਆ ਵਾਂਗ ਉਡ ਰਿਹਾ ਸੀ। ਦੂਜੇ ਪਾਸੇ ਦੇਸੀ ਤੇ ਅੰਗਰੇਜ਼ੀ ਸ਼ਾਤਰ ਦਿਮਾਗ ਇਨ੍ਹਾਂ ਸਿੰਘਾਂ ਵਿਚੋਂ ਕੁਝ ਇਕ ਸ਼ਰਤਾਂ ਤੇ ਛੱਡਣ ਦਾ ਲਾਲਚ ਤੇ ਹੋ ਸਬਜ਼ ਬਾਗ ਦਿਖਾ ਕੇ ਸਚੇ ਯਕੀਨ ਨੂੰ ਤੋੜ ਕੇ ਇਕ ਸਵਾਲੀਆ ਨਿਸ਼ਾਨ ਲਾਉਣਾ ਚਾਹੁੰਦੇ ਸੀ। ਇਸ ਮਾਨਸਕ ਤਬਦਦ ਦਾ ਜਿਸ ਤਰ੍ਹਾਂ ਸਿੰਘਾਂ ਜਵਾਬ ਦਿੱਤਾ ਉਹ ਇਸ ਗੌਰਵਮਈ ਇਤਿਹਾਸ ਵਿਚ ਸੁਨਹਿਰੀ ਅਖਰਾਂ 'ਚ ਲਿਖਿਆ ਜਾਣਾ ਚਾਹੀਦਾ ਹੈ।

### ਸ਼ਹੀਦ ਬਿਸ਼ਨ ਸਿੰਘ

ਪਿੰਡ ਰੜ ਬਲਾਕ ਸ਼ੇਰਪੁਰ ਤਹਿਸੀਲ ਧੂਰੀ ਜ਼ਿਲ੍ਹਾ, ਸੰਗਰੂਰ
ਵਾਰੀ ਆਈ ਤੇ ਉਠਿਆ ਇਕ ਸ਼ੇਰ ਜ਼ਖਮੀ
੧੨ ਸਾਲ ਦਾ ਬਿਸ਼ਨ ਸਿੰਘ ਕੂਕਾ,
ਹਜ਼ਾਰਾਂ ਦੀ ਗਿਣਤੀ ਵਿਚ ਰਹੇ ਸੀ ਤਕ ਲੋਕੀ,
ਉਠਿਆ ਗਰਜਿਆ ਬੋਲੇ ਸੋ ਨਿਹਾਲ ਕਹਿ ਕੇ,
ਦਿਤੀ ਤੋਪ ਦੇ ਸਾਹਮਣੇ ਤਾਣ ਛਾਤੀ,
ਸਤਿ ਸ੍ਰੀ ਅਕਾਲ ਕਹਿ ਕੇ,
ਮੁੱਖ ਤੇ ਜਲਾਲ ਸੀ ਸੂਰਜ ਵੀ ਲਗੇ ਮੱਧਮ,
ਸੀਸ ਤੇ ਸੋਭ ਦੀ ਦਸਤਾਰ ਸਿੱਧੀ,
ਚਿਟਾ ਦੁੱਧ ਸੀ ਸੋਂਭਦਾ ਗਲ੍ਹ ਕੁੜਤਾ,
ਕੱਛ ਗੁਰੂ ਦੀ ਬਖਸ਼ੀ ਮਿਲੀ ਉਸਨੂੰ
ਤੁਰੇ ਚਾਲ ਮੱਸਤਾਨਣੀ ਪਿਆਰ ਜੁਗਤਾ,
ਮੋਹ ਫੁਆਟਣੀ ਸਭ ਨੂੰ ਆਈ ਉਥੇ,
ਜਿਨੀ ਤਕਿਆ ਸਿੱਦਕ ਵਾਨ ਕੂਕਾ,

ਇਸ ਬਾਲਕ ਨੂੰ ਦੇਖ ਕੇ ਡੀ. ਸੀ ਕਾਵਨ ਦੀ ਮੇਮ ਨੇ ਆਖਿਆ ਮਾਈ ਡੀਅਰ, ਇਸ ਕੋ ਛੋਡ ਦੋ ਯਿਹ ਅਪਰਾਧ ਨਹੀਂ ਕਰਨ ਵਾਲਾ। ਡੀ. ਸੀ ਕਾਵਨ ਨੇ ਕਿਹਾ ਇਸ ਕੋ ਯਿਹ ਆਖਨਾ ਪੜੇਗਾ ਕਿ ਮੈਂ ਗੁਰੂ ਰਾਮ ਸਿੰਘ ਕਾ ਸਿੱਖ ਨਹੀ। ਅਹਿਲਕਾਰ ਤੋਪਾਂ ਦੀ ਕਾਰਵਾਈ ਨੂੰ ਰੋਕ ਕੇ ਇਸ ਬਾਲਕ ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਮਿਸਟਰ ਕਾਵਨ ਦੇ ਪੇਸ਼ ਕਰਨ ਲਈ ਲੈ ਗਏ। ਉਥੇ ਉਸ ਨੂੰ ਬੜੇ ਮਿਠੇ ਤੇ ਨਰਮ ਲਹਿਜੇ ਵਿਚ ਕਿਹਾ ਗਿਆ ਕੇ ਤੂ ਹਲੇ ਬੱਚਾ ਹੈਂ ਤੇ ਹਲੇ ਬਹੁਤ ਕੁਝ ਦੇਖਣਾ ਹੈ ਤੈਨੂੰ ਜੋ ਕਹੋਂ ਉਹੋ ਸੁੱਖ ਸਹੂਲਤਾਂ ਦੇਵਾਂਗੇ ਬਸ ਇਕ ਵਾਰ ਮੁੱਖੋ ਇਹ ਸ਼ਬਦ ਆਖ ਦੇ ਕੇ ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ। ਤਾਂ ਬਾਲਕ ਬਿਸ਼ਨ ਸਿੰਘ ਨੇ ਇਕ ਪਲ ਵਿਚ ਆਪਣਾ ਪੈਂਤੜਾ ਬਦਲ ਕੇ ਕਿਹਾ ਸਾਹਿਬ ਮੈ ਤੁਹਾਨੂੰ ਇਕ ਭੇਤ ਦੀ ਗੱਲ ਦੱਸਣਾ ਚਾਹੁੰਦਾ ਹਾਂ। ਕਾਵਨ ਨੇ ਜਿਉਂ ਹੀ ਉਸਦੀ ਗੱਲ ਸੁਣਨ ਲਈ ਝੁਕ ਕੇ ਕੰਨ ਬਿਸ਼ਨ ਸਿੰਘ ਦੇ ਮੂੰਹ ਲਾਗੇ ਕੀਤੇ ਤਾਂ ਬਿਸ਼ਨ ਸਿੰਘ ਨੇ ਉਸ ਦੀ ਲੰਬੀ ਦਾਹੜੀ ਘੁੱਟ ਕੇ ਫੜ ਲਈ ਤੇ ਜ਼ੋਰ-ਜ਼ੋਰ ਦੀ ਝਟਕੇ ਮਾਰੇ ਉਸ ਨੂੰ ਧਰਤੀ ਤੇ ਸੁਟ ਲਿਆ। ਕਾਵਨ ਥੱਲੇ ਪਿਆ ਲਿਲਿਆ ਰਿਹਾ ਸੀ ਇੰਜ ਲੱਗਦਾ ਸੀ ਜਿਵੇਂ ਸ਼ੇਰ ਨੇ ਬਕਰੀ ਦਾ ਸ਼ਿਕਾਰ ਕਰ ਲਿਆ ਹੋਵੇ। ਅਹਿਲਕਾਰ ਤੇ ਸਕਿਓਰਟੀ ਵਾਲੇ ਤਕਦੇ ਹੀ ਰਹਿ ਗਏ ਉਧਰ ਮੇਮ ਨੇ ਹਾਲ ਪਾਹਰਿਆ ਪਾਤੀ ਫੜ ਲਓ ਮਾਰ ਦਿਓ ਦੀਆਂ ਆਵਾਜ਼ਾਂ ਆਉਣ ਲੱਗੀਆਂ ਨਾਭੇ ਵਾਲੇ ਰਾਜੇ ਦੇ ਇਕ ਸਿਪਾਹੀ ਤੇ ਇਕ ਹੋਰ ਪਹਿਰੂਏ ਨੇ ਪਹਿਲਾਂ ਉਸਦੇ ਹੱਥ ਤਲਵਾਰ ਨਾਲ ਕਟੇ ਫੇਰ ਸਿਰ ਕਲਮ ਕੀਤਾ। ਕਹਿੰਦੇ ਹਨ ਸ਼ਹੀਦ ਬਿਸ਼ਨ ਸਿੰਘ ਦੇ ਕਟੇ ਹੋਏ ਹੱਥਾਂ ਵਿਚ ਕਾਵਨ ਦੀ ਦਾਹੜੀ ਦੇ ਪੁੱਟੇ ਹੋਏ ਵਾਲ ਪਏ ਸੀ। ਜਿਸ ਸਾਮਰਾਜ ਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ ਉਸ ਦੀਆਂ ਨੀਹਾਂ ਬਾਲ ਬਿਸ਼ਨ ਸਿੰਘ ਨੇ ਹਿਲਾ ਦਿੱਤੀਆਂ।

ਇਥੇ ਮਹਾਨ ਸ਼ਹੀਦ ਜੈਮਲ ਸਿੰਘ ਪੱਡਾ ਦੀਆਂ ਇਹ



Namdhari Elibrary NamdhariElibrary@gmail.com

ਲਾਇਨਾਂ ਬੜੀਆਂ ਢੁਕਦੀਆਂ ਹਨ।

ਪੁਤ ਪਾ ਕੇ ਸ਼ਹੀਦੀ ਤੇਰਾ, ਅਮੀਏ ਅਮਰ ਹੋ ਗਿਆ,

ਉਦਾ ਤਕ ਕੇ ਪਹਾੜ ਜਿਡਾ ਜੇਰਾ, ਵੈਰੀ ਵੀ ਹਰਾਨ ਹੋ ਗਿਆ,

ਇਹ ਗੱਲ ਕਾਵਨ ਨੇ ਖੁਦ ਵੀ ਮਨੀ ਹੈ ਅੰਬਾਲੇ ਕਮਿਸ਼ਨਰ ਨੂੰ ਤਾਰ ਲਿਖ ਕੇ ਇਸ ਤੋਂ ਬਿਨਾਂ ਜੋ ਇਸ ਸਾਕੇ 'ਚ ਛੋਟੀ ਉਮਰ ਦੇ ਸ਼ਹੀਦ ਹੋਏ ਹਨ ਉਨ੍ਹਾਂ ਦੇ ਨਾ ਤੇ ਉਮਰ ਹੇਠ ਦਿੱਤੀ ਜਾ ਰਹੀਆਂ ਹਨ।

੧) ਸ਼ਹੀਦ ਬਿਸ਼ਨ ਸਿੰਘ ਪਿਤਾ ਮਹਾਂ ਸਿੰਘ ਚਾਨਾ ਪਿੰਡ ਰੜ੍ਹ ਬਲਾਕ ਸ਼ੇਰਪੁਰ ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ।

੨) ਸ਼ਹੀਦ ਹਰਨਾਮ ਸਿੰਘ ਪੁੱਤਰ ਭਾਈ ਚੜ੍ਹਤ ਸਿੰਘ ਉਮਰ ੧੪ ਸਾਲ ਪਿੰਡ ਰੜ੍ਹ ਬਿਸ਼ਨ ਸਿੰਘ ਦੇ ਤਾਏ ਚਾਚੇ ਦਾ ਪੁੱਤ ਸੀ।

ਮਲੇਰਕੋਟਲੇ ਦੇ ਸਾਕੇ 'ਚ ਭੁਝੰਗੀ ਸ਼ਹੀਦ

ਪਿੰਡ ਦਿਆਲਗੜ੍ਹ ਬਲਾਕ ਭਵਾਨੀਗੜ੍ਹ ਜ਼ਿਲ੍ਹਾ ਤਹਿਸੀਲ ਸੰਗਰੂਰ ਦੇ ਤਿੰਨ ਸ਼ਹੀਦ ਹੋਏ ਹਨ।

੧) ਸ਼ਹੀਦ ਭੂਪ ਸਿੰਘ ਚੋਹਾਨ ਪੁੱਤਰ ਸ. ਮੇਹਰ ਸਿੰਘ ਉਮਰ ੧੮ ਸਾਲ

੨) ਸ਼ਹੀਦ ਵਰਿਆਮ ਸਿੰਘ ਚੋਹਾਨ, ਪੁੱਤਰ ਸ. ਲਹਿਣਾ ਸਿੰਘ ਉਮਰ ੧੫ ਸਾਲ

੩) ਸ਼ਹੀਦ ਵਸਾਵਾ ਸਿੰਘ ਉਰਫ ਨਿੱਕਾ ਸਿੰਘ ਉਮਰ ੧੨ ਸਾਲ

੪) ਸ਼ਹੀਦ ਪ੍ਰੇਮ ਸਿੰਘ ਨਹਿਲ ਜੱਟ ਪੁੱਤਰ ਸ. ਮਾਨ ਸਿੰਘ ਮਾਤਾ ਖੇਮ ਕੌਰ ਪਿੰਡ ਗਗੜਪੁਰ ਉਸ ਵੇਲੇ (ਰਿਆਸਤ ਜੀਂਦ) ਹੁਣ ਜ਼ਿਲ੍ਹਾ ਸੰਗਰੂਰ ਉਮਰ ੧੬-੧੭ਸਾਲ

੫) ਸ਼ਹੀਦ ਮਹਾਂ ਸਿੰਘ ਪੁੱਤਰ ਸ. ਮੰਗਲ ਸਿੰਘ ਜੱਟ ਪਿੰਡ ਰਾਓਕੇ ਬਲਾਕ ਰਾਮ ਪੁਰਾ ਤਹਿਸੀਲ ਫੂਲ ਜ਼ਿਲ੍ਹਾ ਬਠਿੰਡਾ ਉਮਰ ੧੯ ਸਾਲ

੬) ਸ਼ਹੀਦ ਕਟਾਰ ਸਿੰਘ ਪੁੱਤਰ ਸ. ਟੇਕ ਸਿੰਘ ਜੱਟ ਉਮਰ ੧੮ ਸਾਲ ਪਿੰਡ ਧਨੌਲਾ (ਪਿੰਡੀ ਜਵੰਧੇ) ਜ਼ਿਲ੍ਹਾ ਬਰਨਾਲਾ ਉਦੋਂ (ਰਿਆਸਤ ਨਾਭਾ)

ਇਹ ਸਾਰੇ ਸ਼ਹੀਦ ੧੭-੧-੧੮੭੨ ਨੂੰ ਹੋਏ ੪੯ ਤੋਪਾਂ ਨਾਲ ਉਡਾਏ ਗਏ ਇਕ ਤਲਵਾਰ ਨਾਲ ਸ਼ਹੀਦ ਕੀਤਾ ਬਾਕੀ ੧੬ ਸਿੰਘ ੧੮-੧-੧੮੭੨ ਨੂੰ ਤੋਪਾਂ ਨਾਲ ਸ਼ਹੀਦ ਕੀਤੇ।

## ਕਹਾਣੀ ਪਿੰਡ ਸੰਗੋਵਾਲ ਦੀ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਤੋਂ ਮਗਰੋਂ ਸਾਰੇ ਪੰਜਾਬ ਵਿਚ ਕੂਕਿਆਂ (ਨਾਮਧਾਰੀਆਂ) ਦਾ ਖੁਰਾ ਖੋਜ ਮਟੌਣ ਲਈ ਸਰਕਾਰ ਨੇ ਇਨੀ ਸਖਤੀ ਕੀਤੀ ਕਿ ਸੈਂਕੜੇ ਕੂਕੇ ਘਰਾਂ ਵਿਚ ਨਜ਼ਰਬੰਦ ਕਰ ਦਿੱਤੇ। ਚੋਣਵੇਂ ਪਿੰਡਾਂ ਵਿਚ ਪੁਲੀਸ ਚੌਕੀਆਂ ਬਣਾ ਦਿੱਤੀਆਂ। ਸ੍ਰੀ ਭੈਣੀ ਸਾਹਿਬ ਤਾਂ ਪੱਕੀ ਚੌਕੀ ਬਣਾ ਦਿੱਤੀ ਹੋਰ ਪਿੰਡਾਂ ਵਿਚ ਜਿਥੇ ਵੀ ਕੂਕੇ ਰਹਿੰਦੇ ਸੀ ਉਨ੍ਹਾਂ ਪਿੰਡ ਦੇ ਲੰਬੜਦਾਰ ਤੇ ਚੌਕੀਦਾਰ ਉਨ੍ਹਾਂ ਤੇ ਨਜ਼ਰ ਰੱਖਦੇ ਸੀ। ਬਹੁਤ ਸਾਰੇ ਹਿੰਦੋਸਤਾਨ ਦੀਆਂ ਜੇਲ੍ਹਾਂ 'ਚ ਡੱਕੇ ਗਏ ਕਾਲੇ ਪਾਣੀਆਂ ਦੀ ਅੰਡੇਮਾਨ ਜੇਲ੍ਹ ਜੋ ਆਦਮ ਖਾਣੀ ਸੀ ਵਿਚ ਵੀ ਕੈਦ ਕੀਤੇ ਜਿਨ੍ਹਾਂ 'ਚੋਂ ਇਕ ਅੱਧਾ ਹੀ ਜੀਵਤ ਮੁੜਿਆ ਇਨ੍ਹਾਂ ਸਖਤੀਆਂ ਦੀ ਲੜੀ ਵਜੋਂ ਪੁਲੀਸ ਪਿੰਡਾਂ ਵਿਚ ਕੂਕਿਆਂ ਦੀ ਪੈੜ ਸੁੰਘਦੀ ਫਿਰਦੀ ਸੀ। ਪਿੰਡ ਸੰਗੋਵਾਲ ਚਲੇ ਗਈ ਇਕੋ ਇਕ ਘਰ ਕੂਕਿਆਂ ਦਾ ਸੀ ਥਾਣੇਦਾਰ ਤੇ ਕੁਝ ਸਪਾਹੀ ਪਿੰਡ ਦੇ ਲੰਬੜਦਾਰ ਤੇ ਹੋਰ ਪਤਵੰਤਿਆਂ ਨੂੰ ਪਿੰਡ ਦੇ ਵਿਚਕਾਰ ਇਕ ਚਬੂਤਰੇ ਤੇ ਇਕੱਠੇ ਕਰ ਲਿਆ। ਚੌਕੀਦਾਰ ਨੂੰ ਭੇਜ ਕੇ ਸ਼ਹੀਦ ਬਾਬਾ ਕਾਹਨ ਸਿੰਘ ਦੇ ਤਿੰਨ ਛੋਟੇ-ਛੋਟੇ ਬੱਚਿਆਂ ਨੂੰ ਸੱਦ ਲਿਆ। ਪਹਿਲਾਂ ਤਾਂ ਉਨ੍ਹਾਂ ਨੂੰ ਬੜਾ ਵਡਿਆ ਪਿਤਿਆ ਤੇ ਆਖਿਆ ਤੁਹਾਡਾ ਪਿਉ ਤਾਂ ਮੂਰਖ ਸੀ ਤੁਸੀਂ ਉਸ ਦੇ ਰਸਤੇ ਤੇ ਨਹੀਂ ਚਲਣਾ ਜੇ ਨਾ ਟਲੇ ਤਾਂ ਉਹੋ ਹਾਲ ਹੋਏਗਾ ਉਸ ਤੋਂ ਵੀ ਮਾੜਾ ਕਰਾਂਗਾ ਰੋਹਬ ਝਾੜ ਕੇ ਬੱਚਿਆਂ ਨੂੰ ਇਕ ਲਾਇਨ ਵਿਚ ਖੜ੍ਹਾ ਕਰ ਲਿਆ।

ਸੇਵਾ ਸਿੰਘ ੧੨ ਸਾਲ, ਬਿਸ਼ਨ ਸਿੰਘ ੧੦ ਸਾਲ, ਬੀਬਾ ਹਰ ਕੌਰ ਇਨ੍ਹਾਂ ਤੋਂ ਛੋਟੀ ਸੀ। ਥਾਣੇਦਾਰ ਨੇ ਫੇਰ ਕੜਕਵੀਂ ਆਵਾਜ਼ ਵਿਚ ਰੋਣਾ ਝਾੜਿਆ ਉਹ ਦਸੋ ਤੁਸੀਂ ਕੀ ਚੌਂਹਦੇ ਹੋ ਤਾਂ ਤਿੰਨਾਂ ਨੇ ਇਕੋ ਅਵਾਜ਼ ਵਿਚ ਕਿਹਾ ਸਾਨੂੰ ਵੀ ਕੋਟਲੇ ਦੇ ਮਦਾਨ ਵਿਚ ਤੋਪਾਂ ਨਾਲ ਉਡਾ ਦਿਓ।

ਇਹ ਜਵਾਬ ਸੁਣ ਕੇ ਥਾਣੇਦਾਰ ਉਥੋਂ ਚਲਦਾ ਬਣਿਆ। ਸਵਰਗੀ ਕਵੀ ਸੰਤ ਰਾਮ ਉਦਾਸੀ ਦੇ ਇਹ ਬੋਲ ਕਿਸੇ ਢੁਕਵੇਂ ਹਨ।

ਸਾਡਾ ਕੀ ਹੈ ਅਜੇ ਪੰਖੇਰੂਆਂ ਦਾ,
ਪਤਾ ਲਗੂਗਾ ਜਦੋਂ ਵੀ ਟਿਹਲਰਾਂਗੇ,
ਅਸੀਂ ਗਭਰੂ ਹਾਂ ਤੂਤ ਦੀ ਛਟੀ ਵਰਗੇ,
ਜਿਨਾਂ ਛਾਂਗੋਗੇ ਉਨਾਂ ਹੀ ਫੈਲਰਾਂਗੇ,
ਐਵੇਂ ਭਰਮ ਹੈ ਸਾਡੇ ਕਾਤਲਾਂ ਨੂੰ,
ਅਸੀਂ ਹੋਵਾਂਗੇ ਦੋ ਜਾਂ ਚਾਰ ਲੋਕੋ,
ਬਦਲਾ ਲਏ ਤੋ ਵੀ ਜੇਹੜੀ ਮੁਕਣੀ ਨੀ,
ਏਡੀ ਲੰਬੀ ਹੈ ਸਾਡੀ ਕਤਾਰ ਲੋਕੋ।



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਕਰਤਾਰ ਸਿੰਘ ਪੰਛੀ ਦਾ ਆਤਮ-ਕਥਨ

*—ਕਰਤਾਰ ਸਿੰਘ ਪੰਛੀ*



ਜੀਵਨ ਪੈਂਡਾ, ਬਿਖੜਾ ਬਿਖੜਾ
ਸਾਹਿਤਕ ਸਫ਼ਰ ਵੀ, ਉਘੜਾ ਦੁਘੜਾ

ਕੋਈ ਲੰਮੀ ਚੌੜੀ ਗੱਲ ਨਹੀਂ ਕਰਨੀ, ਬੱਸ ਉਪਰੋਕਤ ਦੋ ਕੁ ਵਾਕਾਂ 'ਤੇ ਵਿਚਾਰ ਕਰਕੇ ਕੁਝ ਸ਼ਬਦ ਆਖਣ ਦਾ ਵਿਚਾਰ ਹੈ। ਇਹਨਾਂ ਦੋ ਸਤਰਾਂ ਵਿਚ ਮੇਰੇ ਜੀਵਨ ਦੀ ਸਚਾਈ ਛੁਪੀ ਹੋਈ ਹੈ। ...

ਰਿਆਸਤ ਮਾਲੇਰਕੋਟਲਾ ਦੇ ਵੱਡੇ ਪਿੰਡਾਂ ਵਿਚੋਂ ਕੰਗਣਵਾਲ ਮੇਰਾ ਜੱਦੀ ਪਿੰਡ ਹੈ ਜੋ ਹੁਣ ਜ਼ਿਲ੍ਹਾ ਸੰਗਰੂਰ ਵਿਚ ਹੈ। ਮਾਤਾ-ਪਿਤਾ ਦਾ ਨਾਮ ਮੁਕੰਦ ਕੌਰ-ਸ੍ਰੀ ਰਾਮ ਕਿਸ਼ਨ ਸਿੰਘ ਹਨ। ਮੇਰਾ ਜਨਮ ਸ਼ਿਲਪੀ ਪਰਿਵਾਰ ਵਿਚ ਹੋਇਆ। ਕਿਰਤ-ਕਮਾਈ ਕਰਕੇ ਗੁਜ਼ਾਰਾ ਕਰਨ ਵਾਲੇ ਸਨ। ਮੈਂ ਆਪਣੀ ਜਨਮ ਮਿਤੀ ਬਾਰੇ ਬਹੁਤ ਚਿਰ ਜਾਣ ਹੀ ਨਹੀਂ ਸਕਿਆ। ਮੇਰੇ ਸਰਟੀਵਿਕੇਟਾਂ ਵਿਚ ਜਨਮ ਮਿਤੀ ੧-੧-੧੯੩੫ ਹੈ ਪਰ ਇਹ ਸਹੀ ਜਨਮ ਮਿਤੀ ਨਹੀਂ, ਕਿਉਂਕਿ ਮੇਰੇ ਮਾਤਾ ਜੀ (ਬੇਬੇ ਜੀ) ਸਦਾ ਇਉਂ ਹੀ ਆਖਦੇ ਸਨ—'ਲੈ ਪੁੱਤ ਤੇਰਾ ਜਨਮ ਦਿਨ ਬੁੱਧਵਾਰ, ੧੦ ਹਾੜ੍ਹ ਸੰਗਰਾਂਦੀ, ਸਵੇਰੇ ੯ ਵਜੇ ਦਾ ਹੈ ਤੇ ਤੂੰ ਆਪਣੀ ਵੱਡੀ ਭੈਣ ਸੀਤੋ (ਸੁਰਜੀਤ ਕੌਰ) ਨਾਲੋਂ ਚਾਰ ਕੁ ਸਾਲ ਛੋਟਾ ਹੈਂ।' ਪਰ ਮੈਨੂੰ ਵੱਡੀ ਭੈਣ ਦੀ ਜਨਮ ਮਿਤੀ ਦਾ ਵੀ ਪਤਾ ਨਹੀਂ ਸੀ। ਇਹ ਇਕ ਹੋਰ ਬੁਝਾਰਤ ਸੀ। ਮੈਂ ਆਪਣੇ ਭਣੋਈਏ ਸ. ਗੁਲਜ਼ਾਰ ਸਿੰਘ ਨੂੰ ਪੁੱਛਿਆ, ਵੱਡੀ ਭੈਣ ਦੀ ਉਮਰ ਬਾਰੇ ਤਾਂ ਉਸ ਨੇ ਮੈਨੂੰ ਸਹੀ ਜਨਮ ਮਿਤੀ ਸੀਤੋ ਭੈਣ ਦੇ ਪਾਸਪੋਰਟ ਤੋਂ ਵਿਖਾ ਦਿੱਤੀ ਜੋ ੨੫-੮-੧੯੨੭ ਹੈ। ਗੱਲ ਸਾਫ਼ ਹੋ ਗਈ। ਮੈਂ ਚਾਰ ਸਾਲ ਛੋਟਾ ਹੋਇਆ। ਤਾਂ ਮੇਰਾ ਜਨਮ ੧੯੩੧ ਵਿਚ ਹੀ ਹੋਵੇਗਾ। ਮਹੀਨਾ ਨਿਸਚਤ ਕਰਨ ਵਾਸਤੇ ਹਾੜ੍ਹ ਤੋਂ ਪਤਾ ਚਲਦਾ ਹੈ ਕਿ ਇਹ ਜੂਨ ਦਾ ਮਹੀਨਾ ਹੁੰਦਾ ਹੈ। ਇਸ ਹਿਸਾਬ ਜੰਤਰੀ ਦੀ ਸਹਾਇਤਾ ਨਾਲ ਮੇਰੇ ਜਨਮ ਦੀ ਮਿਤੀ ੨੪-੬-੧੯੩੧ ਬਣਦੀ ਹੈ।... ਮੇਰਾ ਨਾਨਕਾ ਪਿੰਡ 'ਪੰਜਗਰਾਈਆਂ' (ਫਤਹਿਗੜ੍ਹ) ਜ਼ਿਲ੍ਹਾ ਸੰਗਰੂਰ ਹੈ। ਬਹੁਤੇ ਲੋਕਾਂ ਨੂੰ ਇਹੋ ਜਾਣਕਾਰੀ ਰਹੀ ਹੈ ਕਿ ਮੇਰਾ ਪਿੰਡ ਪੰਜਗਰਾਈਆਂ ਹੀ ਹੈ, ਕਿਉਂਕਿ ਮੇਰਾ ਬਹੁਤ ਸਮਾਂ ਨਾਨਕਿਆਂ ਵਿਚ ਹੀ ਗੁਜ਼ਰਿਆ ਹੈ। ਪਹਿਲਾਂ ਮੇਰਾ ਨਾਨਕਾ ਪਰਿਵਾਰ ਬਾਰ ਵਿਚ ਰਹਿੰਦਾ ਸੀ ਕਾਫ਼ੀ ਅਰਸੇ ਤੋਂ ਤੇ ਮੈਂ ਵੀ ਉਥੇ ਹੀ ਰਿਹਾ ਬਾਰ ਵਿਚ। ਚੱਕ ਨੰਬਰ ੩੦੧, ਡਾਕਖਾਨਾ ਗੋਜਰਾ, ਤਹਿਸੀਲ ਟੋਬਾ ਟੇਕ ਸਿੰਘ ਤੇ ਜ਼ਿਲ੍ਹਾ ਲਾਇਲਪੁਰ, ਹੁਣ ਪਾਕਿਸਤਾਨ ਵਿਚ ਹੈ। ਇਹ ਵੀ ਹੋ ਸਕਦਾ ਹੈ ਕਿ ਮੈਂ ਪਹਿਲੀ ਜਮਾਤ ਵਿਚ ਪਿੰਡ ਕੰਗਣਵਾਲ ਸਕੂਲ ਵਿਚ ਦਾਖਲ ਹੋਇਆ ਹੋਵਾਂ ਪਰ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਪ੍ਰਾਇਮਰੀ ਦੀਆਂ ਚਾਰ ਜਮਾਤਾਂ ਚੱਕ ਨੰਬਰ ੩੦੧ ਵਿਚੋਂ ਹੀ ਕੀਤੀਆਂ ਤੇ ਬਾਅਦ ਵਿਚ ਗੋਜਰਾ ਹਾਈ ਸਕੂਲ ਵਿਚ ਪੰਜਵੀਂ ਜਮਾਤ ਵਿਚ ਦਾਖਲ ਹੋਇਆ ਸੀ। ਪਾਕਿਸਤਾਨ ਬਣਨ ਸਮੇਂ ੧੯੪੭ ਵਿਚ ਮੈਂ ਨੌਵੀਂ ਜਮਾਤ ਵਿਚ ਪੜ੍ਹਦਾ ਸੀ। ਉਦੋਂ ਉਮਰ ੧੫ ਕੁ ਵਰ੍ਹਿਆਂ ਦੀ ਤਾਂ ਹੋਵੇਗੀ ਹੀ। ਇਹ ਹਯਾਤੀ ਬੱਸ ਬਿਖੜੇ ਪੈਂਡੇ ਵਾਲੀ ਰਹੀ ਹੈ। ਇਹ ਗੱਲ ਧਿਆਨ ਵਿਚ ਰੱਖਣੀ ਹੈ ਕਿ ਇਹਨਾਂ ੧੫ ਵਰ੍ਹਿਆਂ ਵਿਚ ਮੈਨੂੰ ਕੰਗਣਵਾਲ ਰਹਿਣ ਦਾ ਸਮਾਂ ਮਸਾਂ ਸਾਲ ਛਿਮਾਹੀ ਹੀ ਮਿਲਿਆ।

ਦੇਸ਼ ਦਾ ਬਟਵਾਰਾ, ਉਜਾੜਾ, ਬਰਬਾਦੀ, ਨੁਕਸਾਨ, ਕਤਲੋਗਾਰਤ, ਨਫ਼ਰਤ, ਮਜ਼੍ਹਬੀ ਜਨੂੰਨ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ। ਮੈਂ ਇਸ ਦੀ ਵਿਆਖਿਆ ਵਿਚ ਨਹੀਂ ਜਾਣਾ। ਬੱਸ ਏਨਾ ਕੁ ਹੀ ਕਹਾਂਗਾ ਕਿ ਇਹ ਵਰਤਾਰਾ ਬੜਾ ਭਿਆਨਕ ਸੀ। ਮੇਰੇ ਹੁਣ ਵੀ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ ਜਦੋਂ ਕਿਤੇ ਇਕਾਂਤ ਵਿਚ ਯਾਦਾਂ ਦਾ ਸਿਲਸਿਲਾ ਜੁੜਦਾ ਹੈ। ੧੦ ਅਗਸਤ, ੧੯੪੭ ਨੂੰ ਪਿੰਡ ਚੱਕ ਨੰਬਰ ੩੦੧ ਤੋਂ ਬੋਰੀਆ ਬਿਸਤਰਾ ਗੋਲ ਕਰਕੇ ਸਭ ਮਜਬੂਰੀ ਵੱਸ ਉਸ ਜ਼ਰਖੇਜ਼ ਧਰਤੀ ਨੂੰ ਛੱਡ ਆਏ। ੫੦ ਮੀਲਾਂ ਦੇ ਕਾਫਲੇ ਵਿਚ ਸਫ਼ਰ (ਜੜਾਂ ਵਾਲੇ) ਤੱਕ ਆਪਣੀ ਹਥਿਆਰਬੰਦ ਸ਼ਕਤੀ ਨਾਲ ਤੈਅ ਹੋਇਆ। ਉਸ ਤੋਂ ਬਾਅਦ ਮਿਲਟਰੀ ਦੀ ਸਹਾਇਤਾ ਮਿਲ ਗਈ। ਬਾਹਰਲੇ ਪਾਸੇ ਤੋਂ ਤਾਂ ਨਿਸਚਿੰਤ ਹੋਏ ਪਰ ਖਾਣ-ਪਾਣ, ਰਾਸ਼ਨ ਪਾਣੀ ਦੀਆਂ ਮੁਸ਼ਕਲਾਂ-ਹੇ ਰਾਮ! ਕੁਝ ਕਹਿਣ ਦੀ ਬਾਤ ਨਹੀਂ। ਰਾਹ ਵਿਚ ਬੀਮਾਰੀ ਨਾਲ ਜਾਨਾਂ ਬਹੁਤ ਗਈਆਂ ਪਰ ਸਾਡੇ ਜੀਆਂ ਵਿਚੋਂ ਕੋਈ ਨਹੀਂ ਗੁਜ਼ਰਿਆ। ਸਭ ਸਹੀ ਸਲਾਮਤ ਆਜ਼ਾਦ ਭਾਰਤ ਵਿਚ ਉਜੜ ਕੇ ਰਫਿਊਜੀ ਬਣ ਗਏ। ਮੈਂ ਆਪਣੇ ਨਾਨਕੇ ਪਰਿਵਾਰ ਨਾਲ ਸੀ—ਅਸੀਂ—ਮੈਂ, ਮੇਰੀ ਮਾਤਾ, ਵੱਡੀ ਭੈਣ ਤੇ ਛੋਟੀ ਭੈਣ ਭੋਲਾਂ ਕੰਗਣਵਾਲ ਜੱਦੀ ਪਿੰਡ ਆ ਗਏ। ਨਾਨਕਾ ਪਰਿਵਾਰ



Namdhari Elibrary NamdhariElibrary@gmail.com

ਆਪਣੇ ਜੱਦੀ ਪਿੰਡ ਪੰਜਗਰਾਈਆਂ ਟਿਕ ਗਿਆ। ਇਕ ਮਾਮਾ ਜੀ ਗਿਆਨੀ ਗੁਰਦੇਵ ਸਿੰਘ ਰਾਇਕੋਟ ਆਪਣਾ ਕੰਮ ਕਰਨ ਲੱਗੇ। ਘਰ ਅਲਾਟ ਹੋ ਗਿਆ। ਪੰਜਗਰਾਈਆਂ ਵਿਚ ਮੇਰੇ ਨਾਨਾ ਜੀ ਖੁਸ਼ੀ ਰਾਮ, ਨਾਨੀ ਬੰਸੋ, ਮਾਮਾ ਹਰਦੇਵ ਸਿੰਘ, ਮਾਮੀ ਜੰਗੀਰ ਕੌਰ, ਪਾਸ਼ੋ ਤੇ ਦਰਸ਼ਨੋ ਦੋ ਬੇਟੀਆਂ ਨੇ ਵਸੇਬਾ ਕੀਤਾ। ਇਹ ਜ਼ਿਕਰ ਕਿਉਂ ਕੀਤਾ ਹੈ, ਇਹ ਬਿਖੜੇ ਪੈਂਡੇ ਦਾ ਹਿੱਸਾ ਹੀ ਤਾਂ ਹੈ। ਮੈਂ ਕੰਗਣਵਾਲ ਫੇਰ ਵੀ ਨਾ ਟਿਕ ਸਕਿਆ। ਇਹ ਪਰਿਵਾਰਕ ਔਖ ਹੀ ਸਮਝੋ। ਵਿਆਖਿਆ ਵਿਚ ਨਹੀਂ ਜਾਣਾ। ਮੈਨੂੰ ਕੁਝ ਕੁ ਮਹੀਨਿਆਂ ਪਿਛੋਂ ਹੀ ਪੰਜਗਰਾਈਆਂ ਜਾਣਾ ਪਿਆ। ਕੰਮ-ਕਾਰ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਪੜ੍ਹਾਈ ਠੱਪ ਹੋ ਗਈ। ਮੈਂ ਆਪਣੇ ਵੱਡੇ ਮਾਮਾ ਜੀ ਕੋਲ ਰਾਇਕੋਟ ਜਾਂਦਾ ਹੀ ਰਹਿੰਦਾ ਸੀ। ਗੁਰੂਦੁਆਰਾ ਟਾਹਲੀਆਣਾ ਸਾਹਿਬ (ਦਸ਼ਮੇਸ਼ ਪਿਤਾ) ਦਾ ਸਮਾਗਮ ਹੁੰਦਾ ਹੈ। ਇਹ ਵੇਖਣ ਜਾਂਦੇ ਸੀ। ਮੇਰੇ ਨਾਲ ਮੇਰੀ ਮਾਸੀ ਜੀ ਮਾਨ ਕੌਰ ਦਾ ਸਪੁੱਤਰ ਜੀਤ ਸਿੰਘ ਵੀ ਹੁੰਦਾ ਸੀ। ਮੈਂ ਆਪਣੇ ਮਾਮਾ ਜੀ ਨੂੰ ਸਹਿਵਨ ਹੀ ਆਖ ਦਿੱਤਾ, ਮੈਨੂੰ ਪੜ੍ਹਨ ਲਾ ਦਿਉ। ਉਹ ਕਹਿੰਦੇ, "ਠੀਕ ਹੈ।" ਸਕੂਲ ਦਾਖਲ ਹੋਣ ਵਾਸਤੇ ਕੋਲ ਸਰਟੀਫਿਕੇਟ ਕੋਈ ਨਹੀਂ ਸੀ। ਪਾਕਿਸਤਾਨ ਤੋਂ ਜਾਨਾਂ ਬਚਾ ਕੇ ਮਸਾਂ ਆਏ। ਇਸ ਦੀ ਕਾਰਵਾਈ ਲਈ ਜਗਰਾਵੀਂ ਜਾਣਾ ਪਿਆ। ਉਥੋਂ ਹਲਫੀਆ ਬਿਆਨ ਦੇ ਕੇ ਤਸਦੀਕ ਕਰਵਾਇਆ ਕਿ ਸਾਡਾ ਭਾਣਜਾ ੧੯੪੭ ਵਿਚ ਨੌਵੀਂ ਜਮਾਤ ਵਿਚ ਪੜ੍ਹਦਾ ਸੀ। ਹੁਣ ਨੌਵੀਂ ਜਮਾਤ ਵਿਚ ਦਾਖਲ ਹੋਣਾ ਹੈ। ਸਕੂਲ ਵਿਚ ਵੀ ਇਹ ਔਖ ਆਈ ਕਿ ਦਾਖਲਾ ਟੈਸਟ ਲੈ ਕੇ ਹੋਵੇਗਾ। ਮੈਂ ਤਾਂ ਦੋ ਢਾਈ ਸਾਲ ਪੜ੍ਹਾਈ ਨਾਲੋਂ ਟੁੱਟਿਆ ਹੋਇਆ ਸੀ। ਪਰ ਬੇਨਤੀ ਕਰਨ 'ਤੇ ਕੁਝ ਸ਼ਰਤਾਂ ਅਧੀਨ ਦਾਖਲਾ ਮਿਲ ਗਿਆ। ਜਦੋਂ ਮਨ ਵਿਚ ਸ਼ੌਕ ਹੋਵੇ ਤਾਂ ਕੋਈ ਕੰਮ ਔਖਾ ਨਹੀਂ ਹੁੰਦਾ। ਮੈਂ ਤਿਮਾਹੀ ਇਮਤਿਹਾਨ ਵਿਚ ਬਹੁਤ ਵਧੀਆ ਨੰਬਰ ਲੈ ਕੇ ਵਿਖਾਏ। ਫੇਰ ਬਹੁਤ ਮਿਹਨਤ ਕੀਤੀ। ਉਦੋਂ ਸਾਰੇ ਵਿਸ਼ੇ ਅੰਗਰੇਜ਼ੀ ਵਿਚ ਹੀ ਪੜ੍ਹਨੇ ਪੈਂਦੇ ਸਨ। ਇਹ ੧੯੫੦ ਦੀਆਂ ਬਾਤਾਂ ਹਨ। ਤਾਰੀਖ ਜੁਗਰਾਫੀਆ ਹੀ ਇਕੱਲਾ ਉਰਦੂ ਵਿਚ ਲਿਖਣਾ ਸੀ। ਸਾਇੰਸ, ਡਰਾਇੰਗ ਨਾਲ ਦਸਵੀਂ ਆਪਣੀ ਜਮਾਤ ਦੇ ਟਾਪ ਦੇ ਵਿਦਿਆਰਥੀਆਂ ਨਾਲ ਮੋਢਾ ਮੇਚ ਕੇ ਕੀਤੀ। ਖੇਡਾਂ ਵਿਚ ਵੀ ਹਿੱਸਾ ਲੈਣਾ ਪਿਆ। ਟਿਕਣਾ ਨਹੀਂ ਮਿਲਿਆ। ੧੯੫੫ ਵਿਚ ਮੇਰੀ ਸ਼ਾਦੀ ਬਰਨਾਲੇ ਹੋ ਗਈ। ਇਹ ਰਿਸ਼ਤਾ ਮੇਰੇ ਮਾਮਾ ਜੀ ਦੇ ਸਹੁਰਿਆਂ ਵਿਚੋਂ ਸੀ। ਸ੍ਰੀਮਤੀ ਜਸਵੰਤ ਕੌਰ ਸ੍ਰੀ ਚੰਨਣ ਸਿੰਘ ਜੰਡੂ, ਧੰਨ ਕੌਰ ਦੀ ਧੀ ਮੇਰੀ ਪਤਨੀ ਬਣ ਗਈ ਤੇ ਬਰਨਾਲੇ ਆਉਣ-ਜਾਣ ਹੋਣਾ ਹੀ ਸੀ। ਮੇਰੇ ਮਾਤਾ ਜੀ ਦਾ ਖਿਆਲ ਸੀ ਕਿ ਕੰਗਣਵਾਲ ਤਾਂ ਕੁਝ ਲੈਣ-ਦੇਣ ਨੂੰ ਨਹੀਂ, ਚਲੋ ਕਰਤਾਰ ਮਾਮੇ ਕੋਲ ਰਹਿ ਕੇ ਆਪਣਾ ਜੀਵਨ ਸੌਖ ਨਾਲ ਕੱਟ ਲਵੇਗਾ ਪਰ ਇੰਜ ਨਹੀਂ ਹੋਇਆ। ਸਭ ਕੁਝ ਹੀ ਉਲਟਾ-ਪੁਲਟਾ ਹੋ ਗਿਆ। ਹੁਣ ਰੈਣ-ਬਸੇਰਾ ਕਿਥੇ ਬਣਾਇਆ ਜਾਵੇ? ਬੜੀ ਔਖ ਤੇ ਦੁਵਿਧਾ ਵਿਚ ਫਸ ਗਿਆ। ਨਾ ਕੰਗਣਵਾਲ, ਨਾ ਪੰਜਗਰਾਈਆਂ। ਨਾ ਦਾਦਕੇ, ਨਾ ਨਾਨਕੇ। ਬੜੀ ਮੁਸ਼ਕਿਲ ਨਾਲ ੧੯੫੮ ਵਿਚ ਮਲੇਰਕੋਟਲੇ ਨਵੀਂ ਅਬਾਦੀ ਵਿਚ ਰਹਿਣ ਜੋਗਾ ਘਰ ਬਣਾਇਆ। ਘਰ ਬਨਾਣ ਵਿਚ ਮਾਮਿਆਂ (ਦੋਹਾਂ) ਨੇ ਪੂਰੀ ਸਹਾਇਤਾ ਕੀਤੀ, ਉਸਾਰੀ ਆਦਿ ਦੇ ਕੰਮਾਂ ਵਿਚ। ਮੈਂ ਓਦੋਂ ਬੀ. ਏ. ਇੰਗਲਿਸ਼ ਦਾ ਇਮਤਿਹਾਨ ਦੇਣਾ ਸੀ। ਸਭ ਘੁਰਲ ਹੋ ਗਿਆ। ਮੇਰੀ ਮਾਤਾ ਜੀ, ਪਤਨੀ, ਮੇਰੀ ਬੇਟੀ ਰਾਣੀ ਮੇਰੇ ਕੋਲ ਆ ਗਏ। ਭਾਵੇਂ ਏਨੀ ਛੇਤੀ ਇੰਜ ਹੋਣ ਦੀ ਸੰਭਾਵਨਾ ਨਹੀਂ ਸੀ ਪਰ ਹੋ ਗਿਆ। ਪੈਂਡਾ ਜਿਉਂ ਬਿਖੜਾ ਹੈ ਪਰ ਮੈਂ ਡੋਲਿਆ ਨਹੀਂ। ਮਨ ਵਿਚ ਉਤਾਰ-ਚੜ੍ਹਾ ਤਾਂ ਬਹੁਤ ਆਉਂਦੇ ਰਹੇ ਪਰ ਮਨ ਤਕੜਾ ਕਰਕੇ ਡਟ ਗਿਆ। ਹਰ ਪੱਖ ਤੋਂ ਜੀਵਨ ਸੰਘਰਸ਼ਮਈ ਰਿਹਾ। ਸਾਥੀ ਵਧੀਆ ਬਣ ਗਏ। ਕਰਮਚਾਰੀ/ਅਧਿਆਪਕ ਵਰਗ ਲਈ ਕੰਮ ਕੀਤਾ, ਜ਼ੁੰਮੇਵਾਰੀਆਂ ਨਿਭਾਈਆਂ। ਜੀਵਨ ਸ਼ਕਤੀ ਚੰਗੇ ਪਾਸੇ ਲਾਈ। ਫੇਰ ਕਿਸੇ ਵੱਲ ਨਹੀਂ ਵੇਖਿਆ। ਨਾ ਦਾਦਕਿਆਂ ਵੱਲ, ਨਾ ਨਾਨਕਿਆਂ ਵੱਲ। ਇਹਸਾਸ ਹੋਇਆ ਕਿ ਇਹ ਤਾਂ ਜੀਵਨ ਦਾ ਵਰਤਾਰਾ ਇਵੇਂ ਹੀ ਹੁੰਦਾ ਹੈ। ਦੋਸ਼ ਕਿਸੇ ਨੂੰ ਕੀ ਦੇਣਾ ਹੈ। ਪਰ ਦੋਸਤ ਦੁਸ਼ਮਣ ਦੀ ਪਹਿਚਾਣ ਹੋ ਗਈ। ਜੀਵਨ ਸਫਲਤਾ ਵੱਲ ਵਧਿਆ। ੧੯੯੭ ਤੋਂ ਜਦੋਂ ਪਤਨੀ ਜਸਵੰਤ ਕੌਰ ਸੁਰਗਵਾਸ ਹੋ ਗਈ ਤਾਂ ਜੀਵਨ ਦਾ ਪਾਸਾ ਫੇਰ ਪਲਟ ਗਿਆ। ਬੇਟੀਆਂ ਰਾਣੀ (ਪ੍ਰਿਤਪਾਲ ਕੌਰ), ਅਮਰਜੀਤ ਕੌਰ ਵਿਆਹੀਆਂ ਗਈਆਂ। ਆਪਣੇ ਸਹੁਰੇ ਘਰੀਂ ਸੁਖੀ ਵਸਦੀਆਂ ਹਨ। ਵੇਖੋ ਜੀ, ਫੇਰ ਉਖੇੜਾ ਵੱਜਿਆ। ਸਮਾਂ ਬੜਾ ਪ੍ਰਬਲ ਹੈ। ਬੰਦੇ ਨੂੰ ਕਿਤੇ ਦੀ ਕਿਤੇ ਵਗਾਹ ਮਾਰਦਾ ਹੈ ਤੇ ਬੰਦਾ ਵੇਖਦਾ ਹੀ ਰਹਿ ਜਾਂਦਾ ਹੈ। ਵੱਡੀ ਬੇਟੀ ਕਾਫੀ ਸਮੇਂ ਤੋਂ ਮੁਹਾਲੀ ਹੀ ਰਹਿੰਦੀ ਹੈ। ਮੇਰਾ ਦਾਮਾਦ ਇਕਬਾਲ ਸਿੰਘ ਮੁਹਾਲੀ ਹੀ ਸਰਵਿਸ ਕਰਦਾ ਹੈ। ਅਮਰਜੀਤ ਕੌਰ ਜੋ ਐਮ. ਏ., ਬੀ. ਐੱਡ ਹੈ, ਉਸ ਨੂੰ ਸਰਕਾਰੀ ਸਰਵਿਸ ਮਿਲ ਗਈ ੧੯੯੭ ਵਿਚ। ਉਸ ਦੀ ਐਡਜਸਟਮੈਂਟ ਵੀ ਦਾਮਾਦ ਬੇਟੇ ਸੁਰਜੀਤ ਨੇ ਹਿੰਮਤ ਕਰਕੇ ਮੁਹਾਲੀ ਨੇੜੇ ਰੋਪੜ ਕਰਵਾ ਲਈ। ਦੋਵੇਂ ਭੈਣਾਂ ਮੁਹਾਲੀ ਹੋ ਗਈਆਂ। ਚਲੋ ਸੁੱਖ ਦਾ ਸਾਹ ਆਇਆ ਤੇ ਮੈਂ ਵੀ ਜੂਨ ੧੯੯੮ ਤੋਂ ਡੇਰਾ ਛੋਟੀ ਬੇਟੀ ਕੋਲ ਮੁਹਾਲੀ ਲਾ



Namdhari Elibrary NamdhariElibrary@gmail.com

ਲਿਆ। ਉਸ ਦੇ ਬੱਚੇ ਛੋਟੇ ਸਨ-ਸੰਤ ਤੇ ਸਤਵੰਤ। ਮੇਰਾ ਮਨ ਪਰਚਿਆ ਰਹਿੰਦਾ। ਮਾਲੇਰਕੋਟਲਾ ਛੱਡਣਾ ਪਿਆ, ਜਿਥੇ ਮੇਰੀ ਕਰਮ-ਭੂਮੀ ਸੀ। ਮਨ ਨੂੰ ਉਦਰੇਵਾਂ ਹੋਇਆ ਪਰ ਭਾਣਾ ਮੰਨ ਲਿਆ। ਭਾਵੇਂ ਬੇਟੀ ਅਮਰਜੀਤ ਕੋਲ ਰਹਿ ਕੇ ਕੋਈ ਔਖ ਨਹੀਂ ਸੀ। ਮੇਰਾ ਦਾਮਾਦ ਸੁਰਜੀਤ ਸਿੰਘ ਖੂਬ ਸੇਵਾ ਭਾਵਨਾ ਵਾਲਾ ਬੱਚਾ ਹੈ। ਮੈਂ ਆਪਣੇ ਮਨ ਵਿਚੋਂ ਪੁੱਤਰ ਨਾ ਹੋਣ ਵਾਲੀ ਭਾਵਨਾ ਵਗਾਹ ਮਾਰੀ। ਭਾਵੇਂ ਮੈਂ ਧੀਆਂ ਨੂੰ ਪੁੱਤਾਂ ਨਾਲੋਂ ਵੀ ਵੱਧ ਚਾਵਾਂ ਤੇ ਲਾਡਾਂ ਨਾਲ ਪਾਲਿਆ ਹੈ ਤੇ ਧੀਆਂ ਪੁੱਤਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਪਰ ਸਮਾਜਕ ਵਰਤਾਰਾ ਹੀ ਇਹੋ ਜਿਹਾ ਹੈ ਕਿ ਮਨ ਕਈ ਵਾਰੀ ਇੰਜ ਵੀ ਸੋਚ ਜਾਂਦਾ ਹੈ। ਜਦੋਂ ਬੁਢਾਪੇ ਦੀ ਸੇਵਾ ਸੰਭਾਲ ਦਾ ਯਕੀਨ ਹੋ ਜਾਵੇ ਫੇਰ ਕੋਈ ਤੌਖਲਾ ਨਹੀਂ ਰਹਿੰਦਾ ਮਨ ਵਿਚ। ਸੱਚ ਜਾਣੋ।

ਮਈ, ੧੯੯੯ ਵਿਚ ਕੁਝ ਦਿਨਾਂ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗਤ ਵਿਚ ਯੂ. ਕੇ. ਦਾ ਸੁਹਾਵਣਾ ਦੌਰਾ ਮਾਣਿਆ। ਮਨ ਕਈ ਹੁਲਾਰਿਆਂ ਵਿਚੋਂ ਗੁਜ਼ਰਿਆ। ਇਸੇ ਸਾਲ ਨਵੰਬਰ ਵਿਚ ਨੱਕ ਵਿਚੋਂ ਖ਼ੂਨ ਵਗਣ ਨਾਲ ਸਰੀਰ ਢਿੱਲਾ ਹੋ ਗਿਆ। ਸਾਲ ਕੁ ਵਿਚ ਸੰਭਲਿਆ ਮਸਾਂ ਹੀ। ੨੦੦੩ ਤਕ ਮੁਹਾਲੀ ਵਿਚ ਰਹਿੰਦਿਆਂ ਆਪਣੀਆਂ ਸਹੂਲਤਾਂ ਅਨੁਸਾਰ ਮਕਾਨਾਂ ਦੀ ਤਬਦੀਲੀ ਕਰਨੀ ਪਈ। ਆਪਣਾ ਘਰ ੬੬ ਸੈਕਟਰ ਵਿਚ ਬਣਾਇਆ। ਮਨ ਟਿਕਾਓ ਵਿਚ ਆਇਆ ਪਰ ੨੬ ਜੁਲਾਈ ੨੦੦੨ ਨੂੰ ਐਸਾ ਭਾਣਾ ਵਰਤਿਆ, ਦਿਲ ਵਿਚ ਕਲਾਟ ਕਾਰਨ ਖੱਬਾ ਪਾਸਾ ਜਵਾਬ ਦੇ ਗਿਆ ਪਰ ਤੁਰੰਤ ਸੰਭਾਲ ਨਾਲ ਇਲਾਜ ਹੋਣਾ ਸ਼ੁਰੂ ਹੋ ਗਿਆ ਜੋ ਹੁਣ ਤੱਕ ਜਾਰੀ ਹੈ। ੧੫ ਅਗਸਤ ੨੦੦੩ ਨੂੰ ਬੋਰੀਆ ਬਿਸਤਰਾ ਗੋਲ ਕਰਕੇ ਕੈਨੇਡਾ ਜਾਣਾ ਪਿਆ। ਹੈ ਨਾ ਬਿਖੜਾ ਪੈਂਡਾ ਜੀਵਨ ਦਾ! ਸਫ਼ਰ ਦੀਆਂ ਕਠਿਨਾਈਆਂ ਤਾਂ ਸਭ ਜਾਣਦੇ ਹਨ ਪਰ ਜਦੋਂ ਸਰੀਰ ਵੀ ਠੀਕ ਨਾ ਹੋਵੇ ਫੇਰ ਹੋਰ ਵੀ ਮੁਸ਼ਕਿਲ ਹੋ ਜਾਂਦੀ ਹੈ। ਬੱਸ ਰਾਮ ਹੀ ਰਾਖਾ ਸਮਝੋ ਤੇ ਕੈਨੇਡਾ ਵਿਚ ਸਮਾਂ ਖੂਬ ਗੁਜ਼ਰਿਆ। ਭਾਰਤ ਆਣ ਦਾ ਖਿਆਲ ਛੱਡ ਦਿੱਤਾ। ਪਰ ਫੇਰ ਦੇਸ਼ ਪਰਤਣਾ ਪਿਆ। ਇਲਾਜ ਵੀ ਹੁੰਦਾ ਰਿਹਾ। ਸੇਵਾ ਸੰਭਾਲ ਦਾ ਇੰਤਜ਼ਾਮ ਬੱਚਿਆਂ ਵਲੋਂ ਪੂਰਾ ਰਿਹਾ ਪਰ ਸਰੀਰ ਢਿੱਲੇ ਨੂੰ ਕੋਈ ਕੀ ਕਰੇ। ਮਨ ਨਹੀਂ ਡੁਲਾਇਆ। ਇਹੋ ਪੱਖ ਸਭ ਤੋਂ ਚੰਗਾ ਰਿਹਾ ਤੇ ਮੁਹਾਲੀ ਡੇਰਾ ਜਮਾ ਲਿਆ। ਸਿਹਤ ਠੀਕ ਹੋ ਰਹੀ ਹੈ। ਜੀਵਨ ਦਾ ਸਫਰ ਜਾਰੀ ਹੈ। ਸਾਹਿਤਕ ਸਫਰ ਵੀ ਜਾਰੀ ਹੈ। ਇਸੇ ਕਾਰਨ ਹੀ ਮਨ-ਬਿਰਤੀ ਉਸਾਰੂ ਪੱਖ ਵੱਲ ਜੁੜੀ ਰਹਿੰਦੀ ਹੈ। ਕੁਝ ਨਾ ਕੁਝ ਰਚਨਾ ਹੁੰਦੀ ਰਹਿੰਦੀ ਹੈ। ਸਾਹਿਤਕ ਮੀਟਿੰਗਾਂ ਵਿਚ ਜਾਇਆ ਨਹੀਂ ਜਾਂਦਾ ਪਰ ਸਾਹਿਤਕ ਮਿੱਤਰ ਮਿਲਦੇ ਰਹਿੰਦੇ ਹਨ। ਮਨ ਹੁਲਾਸ ਵਿਚ ਰਹਿੰਦਾ ਹੈ।

ਹੁਣ ਉਘੜੇ ਦੁਘੜੇ ਸਾਹਿਤਕ ਸਫਰ ਦੀ ਗੱਲ ਸੁਣ ਲਵੋ : ਇਹ ੧੯੫੪-੫੫ ਤੋਂ ਸ਼ੁਰੂ ਹੈ। ਉਦੋਂ ਧਾਰਮਿਕ ਗੀਤ ਲਿਖਣ ਲੱਗਿਆ। ਸਿੱਖ ਗੁਰੂ, ਸਾਹਿਬਾਨ ਬਾਰੇ ਗੀਤ, ਕਵਿਤਾਵਾਂ। ਮੈਂ ਉਦੋਂ ਰਾਇਕੋਟ ਹੀ ਸਾਂ ਜਦੋਂ ਅਖਬਾਰਾਂ ਵਿਚ ਦਿੱਤੀਆਂ ਸਮੱਸਿਆਵਾਂ 'ਤੇ ਕਵਿਤਾਵਾਂ ਛਪਦੀਆਂ ਸਨ। 'ਅਜੀਤ' ਅਖਬਾਰ ਵਿਚ ਸਮੱਸਿਆ ਸੀ—"ਜੇ ਤੇਰੇ ਕੋਲ ਈਮਾਨ ਨਹੀਂ।" ਇਕ ਹੋਰ-"ਕੁਝ ਹਾਲ ਨਹੀਂ ਹੈ ਝੱਲੇ ਦਾ।" ਮੈਂ ਇਹਨਾਂ ਸਮੱਸਿਆਵਾਂ 'ਤੇ ਇਕ ਇਕ ਬੰਦ ਲਿਖ ਭੇਜਿਆ ਤਾਂ ਛਪ ਗਿਆ। ਬੜੀ ਖੁਸ਼ੀ ਹੋਈ, ਉਤਸ਼ਾਹ ਮਿਲਿਆ। ਇਸ ਨੂੰ ਸ਼ੁਰੂਆਤ ਸਮਝੋ। ਇਸੇ ਤਰ੍ਹਾਂ 'ਸਤਿਜੁਗ' ਦੇ ਬਸੰਤ ਅੰਕ ਵਿਚ ਵੀ ਇਸੇ ਸਮੇਂ ਵਿਚ ਇਕ ਰਚਨਾ ਛਪ ਗਈ—'ਸੌਹ ਰੱਬ ਦੀ ਫੇਰ ਸੁਆਦ ਆਵੇ।' ਇਹ ਸਤਿਗੁਰੂ ਰਾਮ ਸਿੰਘ ਜੀ ਬਾਰੇ ਹੀ ਲਿਖਣੀ ਸੀ, ਕਿਉਂਕਿ ਬਸੰਤ ਰੁੱਤ ਵਿਚ ਉਹਨਾਂ ਦਾ ਜਨਮ ਹੋਇਆ ਸੀ। ਸੋ ਇਹਨਾਂ ਪੱਤਰਕਾਵਾਂ ਤੋਂ ਇਹ ਸਫਰ ਆਰੰਭ ਹੋਇਆ ਜਾਣ ਲਵੋ ਤੇ ਹੁਣ ਤਕ ਜਾਰੀ ਹੈ। ਸਮੇਂ ਸਮੇਂ ਕਿਵੇਂ ਤੇ ਕਿਥੋਂ ਉਤਸ਼ਾਹ ਮਿਲਿਆ ਤੇ ਇਹ ਅਲੂਣੀ ਸਿੱਲ ਚੱਟਣੀ ਪਈ। ਸ਼ੌਕ ਨਾਲ, ਔਖ ਨਾਲ ਨਹੀਂ। ਮੈਂ ਆਪਣੇ ਵਿਆਹ ਦਾ ਜ਼ਿਕਰ ੧੯੫੫ ਵਿਚ ਹੋਇਆ ਬਰਨਾਲੇ ਕੀਤਾ ਹੈ ਤੇ ਬਰਨਾਲੇ ਆਉਣਾ-ਜਾਣਾ ਹੋਇਆ। ੧੯੫੬ ਜਨਵਰੀ ਵਿਚ ਮੈਨੂੰ ਸਰਕਾਰੀ ਸਰਵਿਸ ਮਿਲ ਗਈ ਲੀਵ ਅਰੇਂਜਮੈਂਟ ਤੇ ਪੰਜਾਬੀ ਅਧਿਆਪਕ ਵਜੋਂ। ਸਰਕਾਰੀ ਹਾਈ ਸਕੂਲ ਕੌਹਰੀਆਂ (ਸੰਗਰੂਰ) ਵਿਖੇ ਹਾਜ਼ਰ ਹੋਇਆ। ਉਥੇ ਹੀ ਇੰਦਰ ਸਿੰਘ 'ਖਾਮੋਸ਼' ਨੌਕਰੀ ਕਰਦੇ ਸਨ। ਉਹ ਸਾਹਿਤਕ ਰੁਚੀਆਂ ਦੇ ਮਾਲਕ ਸਨ ਤੇ ਮੈਂ ਵੀ ਸਾਹਿਤ ਸਭਾ ਬਰਨਾਲਾ ਦਾ ਮੈਂਬਰ ਬਣਿਆ ੧੯੫੬ ਵਿਚ। ਨਾਲੇ ਸਾਹਿਤ ਸਭਾ ਦੀਆਂ ਬੈਠਕਾਂ ਵਿਚ ਹਾਜ਼ਰ ਹੋ ਜਾਂਦੇ ਨਾਲੇ ਸਹੁਰਾ ਪਰਿਵਾਰ ਨੂੰ ਮਿਲ ਲੈਂਦੇ। ਉਦੋਂ ਤਾਂ ਬੜਾ ਉਤਸ਼ਾਹ ਸੀ। ਬਰਨਾਲਾ ਸਾਹਿਤ ਸਭਾ ਦੇ ਮੈਂਬਰਾਂ ਨਾਲ ਹੁਣ ਤਕ ਉਵੇਂ ਹੀ ਸਬੰਧ ਜਾਰੀ ਹਨ। ਹੁਣ ਤਾਂ ਬਹੁਤ ਮਿੱਤਰ ਇਨਾਮੀ ਸਾਹਿਤਕਾਰ ਬਣ ਗਏ ਹਨ। ਇਹ ਤਕਰੀਬਨ ਅਗਾਂਹਵਧੂ ਰਚਨਾਵਾਂ ਹੀ ਰਚਦੇ ਸਨ। ਜੈਸੀ ਸੰਗਤ ਵੈਸੀ ਰੰਗਤ ਹੋ ਜਾਂਦੀ ਹੈ। ਬਹੁਤ ਸਾਰੇ ਮਿੱਤਰ ਤਾਂ ਗੁਜ਼ਰ ਹੀ ਗਏ ਹਨ ਪਰ ਸੁੱਖ ਨਾਲ—ਡਾ. ਅਮਰ ਕੋਮਲ, ਸਾਧੂ ਸਿੰਘ ਬੇਦਿਲ, ਰਾਮ ਸਰੂਪ ਅਣਖੀ, ਸੁਰਜੀਤ ਬਰਨਾਲਵੀ, ਇੰਦਰ ਸਿੰਘ ਖਾਮੋਸ਼,



Namdhari Elibrary NamdhariElibrary@gmail.com

ਪ੍ਰੋ. ਐਸ. ਐਸ. ਪਦਮ, ਰਾਮ ਲਾਲ ਪ੍ਰੇਮੀ, ਓਮ ਪ੍ਰਕਾਸ਼ ਗਾਸੋ, ਜਗੀਰ ਸਿੰਘ ਜਗਤਾਰ, ਪ੍ਰੋ. ਪ੍ਰੀਤਮ ਸਿੰਘ ਰਾਹੀ, ਡਾ. ਐਸ. ਤਰਸੇਮ, ਪ੍ਰੋ. ਰਵਿੰਦਰ ਭੱਠਲ ਤੇ ਹੋਰ ਜੋ ਬਾਅਦ ਵਿਚ ਮੈਂਬਰ ਬਣੇ ਹਨ। ਉਦੋਂ ਪ੍ਰੋ. ਗੁਰਦਿਆਲ ਸਿੰਘ ਨਾਵਲਕਾਰ ਵੀ ਆਉਂਦੇ ਸਨ। ਬਰਨਾਲਾ ਸ਼ਹਿਰ ਦੇ ਵੱਡੇ ਲੋਕ, ਵਕੀਲ ਤੇ ਸਿਆਸੀ ਬੰਦੇ ਵੀ ਬਹੁਤ ਸਾਰੇ ਮੈਂਬਰ ਸਨ। ਇਹੋ ਜਿਹੀ ਮਹਾਨ ਸਭਾ ਦਾ ਮੈਨੂੰ ਮੁਢਲਾ ਮੈਂਬਰ ਹੋਣ ਦਾ ਮਾਣ ਹੈ, ਜਿਨ੍ਹਾਂ ਦੇ ਸਨੇਹ ਤੇ ਸਹਿਯੋਗ ਸਦਕਾ ਮੇਰਾ ਇਹ ਸਫਰ ਜਾਰੀ ਰਿਹਾ ਹੈ ਭਾਵੇਂ ਉਘੜਾ ਦੁਘੜਾ ਹੀ ਹੈ। ਉਦੋਂ ਵਿਸ਼ੇਸ਼ ਦਿਨਾਂ 'ਤੇ ਵੱਡੇ ਵੱਡੇ ਕਵੀ ਦਰਬਾਰ ਕਰਦੇ ਸੀ। ਬੜਾ ਇਕੱਠ ਹੁੰਦਾ ਸੀ। ਸਾਡਾ ਮੁਰੈਲੀ ਰਾਮ ਲਾਲ ਪ੍ਰੇਮੀ ਹੀ ਹੁੰਦਾ ਸੀ। ਉਦੋਂ ਭੰਗੜੇ ਤੇ ਗਿਧੇ ਦੀ ਟੀਮ ਵੀ ਖੜ੍ਹੀ ਕਰ ਲਈ ਸੀ। ਕਵੀ ਦਰਬਾਰਾਂ ਵਿਚ ਅਸੀਂ ਆਮ ਤੌਰ 'ਤੇ-ਮੈਥੋਂ ਬਿਨਾਂ ਰਾਮ ਸਰੂਪ ਅਣਖੀ, ਇੰਦਰ ਸਿੰਘ ਖਾਮੋਸ਼, ਸਾਧੂ ਸਿੰਘ ਬੇਦਿਲ, ਪ੍ਰੀਤਮ ਸਿੰਘ ਰਾਹੀ, ਪ੍ਰੀਤਮ ਰਸੀਆ, ਪਰਦੀਪ ਅਰਸ਼ੀ, ਅਵਤਾਰ ਟੱਲੇਵਾਲੀਆ, ਕਰਮ ਸਿੰਘ ਰਸੀਆ, ਨਿਰੰਜਨ ਸਿੰਘ ਚੀਮਾ, ਜੰਗ ਸਿੰਘ ਫੱਟੜ, ਜੈ ਰਾਮ ਨਿਰਦੋਸ਼, ਸੰਤ ਰਾਮ ਉਦਾਸੀ ਆਦਿ। ਬੜਾ ਰੰਗ ਮਾਣਦੇ ਸਾਂ। ਤੁਸੀਂ ਹੱਸੋਗੇ ਇਹ ਗੱਲ ਸੁਣ ਕੇ ਕਿ ਅਸੀਂ ਕਵੀ ਦਰਬਾਰ 'ਚੋਂ ਵਿਹਲੇ ਹੋ ਕੇ 'ਰਜਾਈ ਕਵੀ ਦਰਬਾਰ' ਵੀ ਕਰਦੇ ਸਾਂ। ਜਿਥੇ ਆਰਾਮ ਕਰਦੇ ਰਾਤ ਨੂੰ ਉਥੇ ਹੀ ਖੂਬ ਕਵਿਤਾਵਾਂ ਸੁਣਦੇ ਸੁਣਾਉਂਦੇ। ਇਹ ਕੰਮ ਬਹੁਤ ਖੁੱਲ੍ਹ ਖੁਲਾਸਾ ਹੁੰਦਾ। ਜੋ ਮੂੰਹ ਆਵੇ ਸੋ ਕਹਵੇ। ਕੋਈ ਬੰਦਿਸ਼ ਨਹੀਂ, ਕੋਈ ਪਰਦਾ ਨਹੀਂ। ਹਾਸ ਵਿਅੰਗ ਦੀ ਚੇਟਕ ਇਥੋਂ ਹੀ ਲੱਗੀ ਸੀ।

ਮਈ ੧੯੫੬ ਵਿਚ ਜੇ. ਬੀ. ਟੀ. ਕੇਡਰ ਵਿਚ ਰੈਗੂਲਰ ਨੌਕਰੀ ਮਿਲ ਗਈ। ਸਕੂਲ ਮਿਲਿਆ ਨਰਵਾਣਾ ਤਹਿਸੀਲ ਦਾ ਢਾਕਲ ਪ੍ਰਾਇਮਰੀ ਸਕੂਲ। ਬੜਾ ਓਪਰਾ ਇਲਾਕਾ। ਬੋਲੀ ਦੀ, ਪਾਣੀ ਆਦਿ ਦੀ ਕਾਫੀ ਔਖ ਮਹਿਸੂਸ ਹੋਈ ਪਰ ਸਰਵਿਸ ਦਾ ਕੰਮ। ਉਦੋਂ ਅਨਟਰੇਂਡ ਸੀ। ਮੈਟ੍ਰਿਕ, ਗਿਆਨੀ, ਐਫ. ਏ. (ਅੰਗਰੇਜ਼ੀ) ਅਨਟਰੇਂਡ ਨੂੰ ਨੌਕਰੀ 'ਚੋਂ ਕੱਢਣ ਦਾ ਸਰਕੂਲਰ ਆਇਆ ਤਾਂ ਇਕਦਮ ਹੀ ਆਰਟ ਐਂਡ ਕਰਾਫਟ ਦੇ ਇਕ ਸਾਲਾ ਕੋਰਸ ਵਿਚ ਨਾਭੇ ਦਾਖਲਾ ਮਿਲ ਗਿਆ। ਟ੍ਰੇਨਿੰਗ ਹੋ ਗਈ। ਫਿਕਰ ਮੁੱਕਿਆ। ੧੯੫੬-੫੭ ਨਾਭੇ ਟ੍ਰੇਨਿੰਗ ਦੌਰਾਨ ਹੀ ਗ਼ਜ਼ਲਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ। ਸਾਡੇ ਪ੍ਰਿੰਸੀਪਲ ਸ੍ਰੀ ਪਿਆਰਾ ਲਾਲ ਜੀ ਗ਼ਜ਼ਲਾਂ ਦੇ ਸ਼ਿਅਰ ਮੀਟਿੰਗਾਂ ਵਿਚ ਆਮ ਹੀ ਪੜ੍ਹਿਆ ਕਰਦੇ ਸਨ। ਸ਼ੌਕ ਜਾਗਿਆ। ਮੇਰੀ ਪਹਿਲੀ ਗ਼ਜ਼ਲ ਦਾ ਮਤਲਾ ਵੇਖੋ-ਜੋ ਦਿਲ ਵਿਚ ਦੱਬੀ ਬੈਠਾ ਹਾਂ, ਮੈਨੂੰ ਉਸ ਰਮਜ਼ਨ ਨੂੰ ਕਹਿਣ ਦਿਓ। ਬਸ ਸੇਕ ਇਸ਼ਾਰੇ ਇਕੋ ਦਾ ਮੈਨੂੰ ਸਾਰੀ ਉਮਰਾ ਸਹਿਣ ਦਿਓ।" ਤੇ ਇਹ ਕੰਮ ਲਗਾਤਾਰ ਤੁਰਿਆ ਜਾ ਰਿਹਾ ਹੈ। ਲਗਾਤਾਰ ਅਭਿਆਸ ਤੇ ਚੰਗੀ ਸੁਹਬਤ ਨੇ ਇਸ ਸਿਨਫ਼ ਦੀਆਂ ਬਾਰੀਕੀਆਂ ਦਾ ਬੋਧ ਕਰਾਇਆ ਹੈ।

ਢਾਕਲ ਤੋਂ ਬਦਲੀ ਬਰਨਾਲਾ ਤਹਿਸੀਲ ਦੇ ਸਹੌਰ ਪਿੰਡ ਦੀ ਹੋ ਗਈ। ਪਿੰਡੋਂ ਰੋਜ਼ ਜਾਣ ਲੱਗ ਪਿਆ। ਸਾਈਕਲ 'ਤੇ ਓਦੋਂ ਤਾਂ ਘੜੀਏਂ ਕੋਹ ਕਰਨ ਵਾਲੀ ਗੱਲ ਸੀ। ਨਾਲੇ ਸਾਈਕਲ 'ਤੇ ਸੁਹਾਵਣਾ ਸਫਰ ਨਾਲੇ ਕਵਿਤਾਵਾਂ ਦੀ ਰਚਨਾ ਲਈ ਮਨ ਬਿਰਤੀ ਇਕਾਗਰ ਹੋ ਜਾਣੀ। ਸਮੇਂ ਦੀ ਬਾਤ ਹੈ। ਬੱਸ ਦੋ ਕੁ ਮਹੀਨੇ ਹੀ ਸਹੌਰ ਸਕੂਲ ਵਿਚੋਂ ਬਦਲੀ ਮਿੱਠੇਵਾਲ ਪਿੰਡ ਦੀ ਹੋ ਗਈ। ਮਿੱਠੇਵਾਲ ਤੇ ਪੰਜਗਰਾਈਆਂ ਦੀਆਂ ਜੂਹਾਂ ਸਾਂਝੀਆਂ ਸਨ। ਇਹ ਉਹੀ ਮਿੱਠੇਵਾਲ ਪਿੰਡ ਹੈ ਗਿਆਨੀ ਗੁਰਦਿੱਤ ਸਿੰਘ ਦਾ ਜੋ 'ਮੇਰਾ ਪਿੰਡ' ਦੇ ਰਚਨਹਾਰੇ ਹਨ। ਉਹਨਾਂ ਨਾਲ ਵੀ ਓਦੋਂ ਮੁਲਾਕਾਤਾਂ ਦਾ ਸਮਾਂ ਮਿਲਦਾ ਰਿਹਾ। ਇਸੇ ਸਮੇਂ ਵਿਚ ਹੀ ਬੱਚਿਆਂ ਬਾਰੇ ਰਚਨਾਵਾਂ ਵੀ ਸ਼ੁਰੂ ਕੀਤੀਆਂ ਸਨ। ਸਾਲ ਸਵਾ ਸਾਲ ਬਾਅਦ ਹੀ ਬਦਲੀ ਪ੍ਰਾਇਮਰੀ ਸਕੂਲ ਬੰਗਾਵਾਲੀ (ਧੂਰੀ) ਦੀ ਕਰਵਾ ਲਈ। ਰੋਜ਼ ਮਾਲੇਰਕੋਟਲੇ ਤੋਂ ਸਾਈਕਲ ਦੀ ਸਵਾਰੀ ੪੦ ਕੁ ਮਿੰਟ ਦਾ ਸਫ਼ਰ ਸੀ। ਪੱਕੀ ਸੜਕ ਤੇ ਅੱਗੋਂ ੨ ਕੁ ਮੀਲ ਦਾ ਫਾਸਲਾ ਭਸੌੜ ਪਿੰਡ ਤੋਂ ਰੇਚਣਾਂ ਵਿਚੋਂ ਦੀ। ਇਥੇ ਗੀਤਾਂ ਬਾਰੇ ਵਿਚਾਰ ਉਤਪੰਨ ਹੋਇਆ। ਬਹੁਤ ਸਾਰੇ ਗੀਤਾਂ ਦੀ ਰਚਨਾ ਇਸੇ ਸਮੇਂ ਹੀ ਕੀਤੀ-ਬਾਅਦ ਵਿਚ ਰੌਅ ਬਣਿਆ ਰਿਹਾ। ਬੰਗਾਵਾਲੀ ਸਕੂਲ ਸਮੇਂ ਹੀ ੧੯੫੯-੬੦ ਵਿਚ ਦੂਜੇ ਸਾਲ ਦੀ ਆਰਟ ਕਰਾਫਟ ਦੀ ਟ੍ਰੇਨਿੰਗ ਵੀ ਕੀਤੀ, ਸਕੂਲੋਂ ਛੁੱਟੀ ਲੈ ਕੇ। ਇਥੇ ਸ੍ਰੀ ਬਾਬੂ ਰਾਮ ਗੁਪਤਾ ਜੀ ਏ. ਡੀ. ਆਈ. ਸਨ, ਬਹੁਤ ਉਤਸ਼ਾਹ ਦਿੱਤਾ ਸਾਹਿਤਕਾਰ ਅਧਿਆਪਕਾਂ ਨੂੰ। ਕਦਰਦਾਨ ਸਨ 'ਪ੍ਰਮੀ' ਜੀ ਧੂਰੀ ਸਾਹਿਤ ਸਭਾ ਦੇ ਕਰਤਾ ਧਰਤਾ ਸਨ। ਇਥੇ ਹੀ ਸਾਹਿਤ ਸਭਾ ਦੇ ਮੈਂਬਰ ਬਣ ਕੇ ਬੜੇ ਪ੍ਰੋਗਰਾਮ ਕੀਤੇ। ਕਵਿਤਾਵਾਂ ਗੀਤ ਲਿਖੇ ਬੋਲੇ ਤੇ ਗਾਏ। ਧੂਰੀ ਵਿਚ ਉਸਤਾਦ ਗ਼ਜ਼ਲਗੋ ਮੁਹਿੰਦਰ ਸਿੰਘ 'ਮਾਨਵ' ਤੇ ਸ੍ਰੀ ਰਾਮ ਪ੍ਰਸ਼ਾਦ ਮਹਿਤਾ ਜੀ ਹੁਰਾਂ ਦੀ ਸੰਗਤ ਹੋਈ। ਇਥੇ ਹੀ ਮਿੱਤਰ ਪਿਆਰੇ ਸੰਤ ਸਿੰਘ ਸਿੱਧੂ ਦਾ ਖ਼ਾਲਸਾ ਸਕੂਲ ਵਿਚ ਬਹੁਤ ਸਹਿਯੋਗ ਮਿਲਿਆ ਸਮਾਗਮ ਕਰਦੇ ਸਮੇਂ। ੧੯੬੧ 'ਚ ਸਰਕਾਰੀ ਹਾਈ ਸਕੂਲ, ਭਸੌੜ ਵਿਚ ਬਦਲੀ ਮੁੱਖ ਅਧਿਆਪਕ ਸ੍ਰੀ ਹਰਭਜਨ ਸਿੰਘ ਕਲਸੀ ਹੁਰਾਂ ਕਰਵਾ ਲਈ। ਸਕੂਲ ਵਿਚ ਡਰਾਇੰਗ ਮਾਸਟਰ ਦੀ ਲੋੜ ਸੀ। ੧੯੭੦ ਤਕ ਇਸੇ ਸਕੂਲ ਵਿਚ ਰਿਹਾ।

ਚਲਦਾ....



Namdhari Elibrary NamdhariElibrary@gmail.com

## ਮਲੇਰਕੋਟਲਾ ਵਿੱਚ ਸ਼ਹੀਦੀ ਸਮਾਗਮ

ਸ਼ਹੀਦ ਕਿਸੇ ਇਕ ਧਰਮ ਦੇ ਨਹੀਂ ਸਗੋਂ ਸਮੁੱਚੀ ਕੌਮ ਦਾ ਸਰਮਾਇਆ ਹੁੰਦੇ ਹਨ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਮਾਲੇਰਕੋਟਲਾ ਦੇ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ੧੭ ਜਨਵਰੀ ੧੮੭੨ ਨੂੰ ਮਾਲੇਰਕੋਟਲਾ ਵਿਖੇ ਬਰਤਾਨਵੀ ਹੁਕਮਰਾਨਾਂ ਵਲੋਂ ਤੋਪਾਂ ਨਾਲ ਉਡਾਏ ਗਏ ੬੬ ਨਾਮਧਾਰੀ ਸ਼ਹੀਦ ਕੂਕਿਆਂ ਦੀ ਯਾਦ 'ਚ ਪੰਜਾਬ ਸਰਕਾਰ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਆਯੋਜਿਤ ਕੀਤੇ ਗਏ ਵਿਸ਼ਾਲ ਰਾਜ ਪੱਧਰੀ ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਿਨ੍ਹਾਂ ਨੇ ਇਸ ਸ਼ਹੀਦੀ ਸਮਾਗਮ 'ਚ ਪੁੱਜਣਾ ਸੀ, ਦਾ ਧੁੰਦ ਕਾਰਨ ਅੰਮ੍ਰਿਤਸਰ ਤੋਂ ਹੈਲੀਕਾਪਟਰ ਨਾ ਉੱਡ ਸਕਣ ਕਰਕੇ ਉਨ੍ਹਾਂ ਦੀ ਜਗ੍ਹਾ ਸੁਖਦੇਵ ਸਿੰਘ ਢੀਂਡਸਾ ਨੇ ਹਾਜ਼ਰੀ ਲਵਾਉਂਦਿਆਂ ਨਾਮਧਾਰੀ ਸ਼ਹੀਦ ਕੂਕਿਆਂ ਨੂੰ ਪਾਰਟੀ ਵਲੋਂ ਅਤੇ ਪੰਜਾਬ ਸਰਕਾਰ ਵਲੋਂ ਸ਼ਰਧਾਂਜਲੀ ਭੇਟ ਕੀਤੀ। ਸ੍ਰੀ ਢੀਂਡਸਾ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਅੰਗਰੇਜ਼ ਹੁਕਮਰਾਨਾਂ ਖਿਲਾਫ ਵਿੱਢੇ ਸੰਘਰਸ਼ ਨੂੰ ਦੇਸ਼ ਦੀ ਆਜ਼ਾਦੀ ਲਹਿਰ ਦਾ ਰਾਹ-ਦਸੇਰਾ ਦੱਸਦਿਆਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਵਲੋਂ ਦੇਸ਼ ਦੇ ਲੋਕਾਂ ਅੰਦਰ ਜਗਾਈ ਆਜ਼ਾਦੀ ਦੀ ਚਿਣਗ ਹੀ ਬਾਅਦ 'ਚ ਆਜ਼ਾਦੀ ਸੰਗਰਾਮ ਦੇ ਰੂਪ 'ਚ ਵੱਡਾ ਭਾਂਬੜ ਬਣੀ, ਜਿਸ ਨੇ ਦੇਸ਼ 'ਚੋਂ ਅੰਗਰੇਜ਼ੀ ਸਾਮਰਾਜ ਦਾ ਖਾਤਮਾ ਕਰਕੇ ਦੇਸ਼ ਨੂੰ ਆਜ਼ਾਦੀ ਦਿੱਤੀ। ਢੀਂਡਸਾ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਲੰਬੇ ਮੋਰਚੇ ਲਗਾਏ ਅਤੇ ਜਿੱਤਾਂ ਹਾਸਲ ਕੀਤੀਆਂ। ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਆਗੂਆਂ ਸਮੇਤ ਨਾਮਧਾਰੀ ਸ਼ਹੀਦ ੬੬ ਕੂਕਿਆਂ ਦੀ ਯਾਦ 'ਚ ਬਣੇ ੬੬ ਸੁਰਾਖਾਂ ਵਾਲੇ ਵਿਸ਼ਾਲ ਸ਼ਹੀਦ ਖੰਡੇ ਅੱਗੇ ਨਤਮਸਤਕ ਹੁੰਦਿਆਂ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸ਼ਹੀਦੀ ਸਮਾਰਕ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਢੀਂਡਸਾ ਨੇ ਕਿਹਾ ਕਿ ਨਾਮਧਾਰੀ ਸ਼ਹੀਦੀ ਸਮਾਰਕ ਦੇ ਆਲੇ-ਦੁਆਲੇ ਆਰਮੀ ਦੀ ਪਈ ੬੭ ਏਕੜ ਜ਼ਮੀਨ ਨਾਮਧਾਰੀ ਦਰਬਾਰ ਨੂੰ ਸੌਂਪਣ ਬਾਰੇ ਪੰਜਾਬ ਦੇ ਮੁੱਖ ਮੰਤਰੀ ਮੁਖ ਪ੍ਰਕਾਸ਼ ਸਿੰਘ ਬਾਦਲ ਨੇ ਇਕ ਪੱਤਰ ਕੇਂਦਰ ਸਰਕਾਰ ਨੂੰ ਭੇਜਿਆ ਹੈ ਤਾਂ ਜੋ ਇਸ ਜਗ੍ਹਾ 'ਤੇ ਉਨ੍ਹਾਂ ਮਹਾਨ ਸ਼ਹੀਦਾਂ ਦੀ ਯਾਦਗਾਰ ਦਾ ਵਿਸਤਾਰ ਕੀਤਾ ਜਾ ਸਕੇ। ਇਸ ਤੋਂ ਬਾਅਦ ਢੀਂਡਸਾ ਨੇ ਲੋਕ ਸੰਪਰਕ ਵਿਭਾਗ ਵਲੋਂ ਨਾਮਧਾਰੀ ਸ਼ਹੀਦਾਂ ਬਾਰੇ ਛਾਪਿਆ ਗਿਆ ਕੈਲੰਡਰ ਵੀ ਜਾਰੀ ਕੀਤਾ। ਸ੍ਰੀ ਢੀਂਡਸਾ ਨੇ ਥਾਈਲੈਂਡ ਤੋਂ ਸਾਬਕਾ ਕਾਨੂੰਨ ਮੰਤਰੀ ਜਸਟਿਸ ਪੌਕਥਿਪ ਸਮੇਤ ਪੁੱਜੇ ਵਫਦ ਨੂੰ ਜੀ ਆਇਆਂ ਕਹਿੰਦਿਆਂ ਸਤਿਗੁਰੂ ਰਾਮ ਸਿੰਘ ਜੀ ਦੀਆਂ ਬੈਂਕਾਕ ਨਾਲ ਜੁੜੀਆਂ ਯਾਦਾਂ ਨੂੰ ਤਾਜ਼ਾ ਕੀਤਾ।

ਢੀਂਡਸਾ ਤੋਂ ਪਹਿਲਾਂ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਬਲਵਿੰਦਰ ਸਿੰਘ ਭੂੰਦੜ ਸਾਬਕਾ ਮੰਤਰੀ, ਇਕਬਾਲ ਸਿੰਘ ਝੂੰਦਾਂ ਵਿਧਾਇਕ ਧੂਰੀ, ਗੋਬਿੰਦ ਸਿੰਘ ਕਾਂਝਲਾ ਸਾਬਕਾ ਮੰਤਰੀ ਅਤੇ ਜਥੇਦਾਰ ਰਜਿੰਦਰ ਸਿੰਘ ਕਾਂਝਲਾ ਨੇ ਕਿਹਾ ਕਿ ਨਾਮਧਾਰੀ ਕੂਕਾ ਲਹਿਰ ਤੋਂ ਦੇਸ਼ ਵਿਚ ਨਸ਼ਿਆਂ ਖਿਲਾਫ ਅਤੇ ਧਾਰਮਿਕ ਪ੍ਰਪੱਕਤਾ ਲਈ ਅਗਵਾਈ ਲੈਣੀ ਚਾਹੀਦੀ ਹੈ ਅਤੇ ਸਾਡੇ ਬੱਚਿਆਂ ਨੂੰ ਕੂਕਾ ਇਤਿਹਾਸ ਬਾਰੇ ਜਾਣੂ ਕਰਾਉਣਾ ਚਾਹੀਦਾ ਹੈ।

ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਤੇ ਸਾਬਕਾ ਚੇਅਰਮੈਨ ਕੇ. ਕੇ. ਬਾਵਾ ਨੇ ਆਖਿਆ ਕਿ ਅੱਜ ਵੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸ਼ਾਸਤਰੀ ਸੰਗੀਤ ਤੇ ਭਾਰਤੀ ਸੰਸਕ੍ਰਿਤੀ ਨੂੰ ਉੱਚਾ ਚੁੱਕਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਸ. ਦਾਖਾ ਨੇ ਆਖਿਆ ਕਿ ਠਾਕੁਰ ਉਦੈ ਸਿੰਘ ਜੀ ਤੇ ਸੰਤ ਜਗਤਾਰ ਸਿੰਘ ਜੀ ਦੀ ਸਖਤ ਮਿਹਨਤ ਸਦਕਾ ਅੱਜ ਵੀ ਨਾਮਧਾਰੀ ਹਾਕੀ ਟੀਮ ਜਿੱਥੇ ਸਿੱਖੀ ਸਰੂਪ ਵਿਚ ਖੇਡਦਿਆਂ ਅਨੇਕਾਂ ਵਿਦੇਸ਼ਾਂ ਵਿਚ ਕੱਪ ਜਿੱਤੇ ਚੁੱਕੀ ਹੈ, ਉਥੇ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਉਤਰੀ ਭਾਰਤ ਵਿਚੋਂ ਅਨੇਕਾਂ ਪਹਿਲੇ ਸਥਾਨ ਪ੍ਰਾਪਤ ਕਰ ਚੁੱਕੀਆਂ ਹਨ। ਇਸ ਮੌਕੇ 'ਤੇ ਨਾਮਧਾਰੀ ਦਰਬਾਰ ਦੇ ਮੀਤ ਪ੍ਰਧਾਨ ਸੁਰਿੰਦਰ ਸਿੰਘ ਨਾਮਧਾਰੀ ਨੇ ਬਾਦਲ ਸਰਕਾਰ ਵਲੋਂ ਕੂਕਾ ਅੰਦੋਲਨ ਦੀ ੧੫੦ਵੀਂ ਵਰ੍ਹੇਗੰਢ ਪੰਜਾਬ ਦੇ ਕੋਨੇ-ਕੋਨੇ ਵਿਚ ਮਨਾਉਣ 'ਤੇ ਧੰਨਵਾਦ ਕੀਤਾ। ਇਸ ਮੌਕੇ 'ਤੇ ਜਥੇਦਾਰ ਇਕਬਾਲ ਸਿੰਘ ਨੇ ਹੱਲੇ ਦਾ ਪ੍ਰਭਾਵਸ਼ਾਲੀ ਦੀਵਾਨ ਲਾਇਆ।

ਸ. ਸੁਵਰਨ ਸਿੰਘ ਵਿਰਕ, ਸੂਬਾ ਬਲਵਿੰਦਰ ਸਿੰਘ ਝੱਲ ਤੇ ਸੂਬਾ ਸੁਰਿੰਦਰ ਕੌਰ ਖਰਲ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਚਲੇ ਕੂਕਾ ਅੰਦੋਲਣ ਤੇ ਵਿਸਥਾਰ ਸਹਿਤ ਚਾਨਣਾ ਪਿਆ। ਸੂਬਾ ਖਰਲ ਤੇ ਸੂਬਾ ਬਲਵਿੰਦਰ ਸਿੰਘ ਝੱਲ ਨੇ ਵੀ ਸੰਬੋਧਨ ਕੀਤਾ।



Namdhari Elibrary NamdhariElibrary@gmail.com

## ਅਨਜਾਣ ਜੀ ਦਾ ਸਨਮਾਨ

ਨਵੀਂ ਦਿੱਲੀ, ੧੭ ਜਨਵਰੀ-ਅੱਜ ਇਥੇ ਨਵਯੁਗ ਫਾਰਮ ਉਤੇ ਧੁੱਪ ਦੀ ਮਹਿਫਿਲ ਵਿਚ ਪੰਜਾਬੀ ਸਾਹਿਤ ਸਭਾ ਦਿੱਲੀ ਵਲੋਂ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਕੰਮ ਕਰਨ ਵਾਲੇ ਪੰਜਾਬੀ ਲੇਖਕ ਤਾਰਾ ਸਿੰਘ ਅਨਜਾਣ ਨੂੰ ੫੦,੦੦੦/- ਰੁਪੈ ਦਾ ਚੈਕ, ਮੋਮੈਂਟੋ ਅਤੇ ਦੁਸ਼ਾਲਾ ਦੇ ਕੇ ਸਨਮਾਨਤ ਕੀਤਾ ਗਿਆ। ਇਹ ਸਨਮਾਨ ਸਾਹਿਤ ਸਭਾ ਦੇ ਪ੍ਰਧਾਨ ਸ. ਕਰਤਾਰ ਸਿੰਘ ਦੁੱਗਲ ਅਤੇ ਸਾਹਿਤ ਸਭਾ ਦੀ ਚੇਅਰਪਰਸਨ ਡਾ. ਰੇਨੂਕਾ ਸਿੰਘ ਨੇ ਦਿੱਤਾ।

ਸ. ਹਰਵਿੰਦਰ ਸਿੰਘ ਹੰਸਪਾਲ, ਡਾ. ਮਹਿੰਦਰ ਕੌਰ ਗਿੱਲ, ਇਮਰੋਜ਼ ਆਦਿ ਨੇ ਅਨਜਾਣ ਜੀ ਨੂੰ ਸਨਮਾਨ ਮਿਲਣ ਤੇ ਵਧਾਈ ਦਿੱਤੀ।

ਅਨਜਾਣ ਜੀ ਪਿਛਲੇ ਚਾਰ ਦਹਾਕਿਆਂ ਤੋਂ ਦਿੱਲੀ ਦੇ ਸਕੂਲਾਂ ਵਿਚ ਪੰਜਾਬੀ ਸ਼ੁਰੂ ਕਰਾਉਣ ਅਤੇ ਪੰਜਾਬੀ ਅਧਿਆਪਕ ਲੁਆਉਣ ਲਈ, ਪੰਜਾਬੀ ਪਾਠ ਪੁਸਤਕਾਂ ਤਿਆਰ ਕਰਨ ਲਈ ਅਧਿਆਪਕਾਂ ਲਈ ਟਰੇਨਿੰਗ ਪ੍ਰੋਗਰਾਮ ਕਰਵਾਉਣ ਵਿਚ ਸਰਗਰਮ ਰਹੇ ਹਨ। ਉਹ ਖੁਦ ਆਪਣੀ ਸਾਇਕਲ ਉਤੇ ਜਾ ਕੇ ਦੂਰ ਨੇੜੇ ਥਾਵਾਂ ਤੇ ਵੀ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਪ੍ਰੇਰਦੇ ਰਹੇ ਹਨ।

ਸ੍ਰੀ. ਐਨ. ਆਰ. ਗੋਇਲ ਅਤੇ ਜਗਦੀਸ਼ ਕੌਸ਼ਲ ਤੇ ਇਲਾਵਾ ਹਰਭਜਨ ਸਿੰਘ ਰਤਨ ਅਤੇ ਓ. ਪੀ. ਅਨੰਦ ਨੂੰ ਵੀ ਸਾਹਿਤ ਸਭਾ ਨੇ ਸਨਮਾਨਤ ਕੀਤਾ। ਪੰਜਾਬੀ ਰੰਗ ਮੰਚ ਦੇ 'ਬਾਬਾ ਬੋਹੜ' ਗੁਰਸ਼ਰਨ ਸਿੰਘ ਭਾਅ ਜੀ ਨੂੰ ਸਾਹਿਤ ਸਭਾ ਨੇ ਫੈਲੋਸ਼ਿਪ ਪ੍ਰਦਾਨ ਕੀਤੀ। ਇਹ ਸਾਰਾ ਸਮਾਗਮ ਵੱਡੀ ਗਿਣਤੀ ਵਿਚ ਆਏ ਲੇਖਕਾਂ ਅਤੇ ਪੰਜਾਬੀ ਪਿਆਰਿਆਂ ਦੀ ਹਾਜ਼ਰੀ ਵਿਚ ਹੋਇਆ। ਇਸ ਸਮੇਂ ਸ੍ਰੀ ਮਦਨ ਗੋਪਾਲ ਨੇ ਸੂਫੀ ਕਾਲਮ ਪੇਸ਼ ਕੀਤਾ ਅਤੇ ਅੰਮ੍ਰਿਤਾ ਪ੍ਰੀਤਮ ਨੂੰ ਯਾਦ ਕਰਦਿਆਂ ਬੁਲਾਰਿਆਂ ਵਲੋਂ ਮਿੱਠੀਆਂ ਯਾਦਾਂ ਪੇਸ਼ ਕੀਤੀਆਂ ਗਈਆਂ।

## ਯੂ. ਕੇ. ਦੇ ਨੌਜਵਾਨ ਅਜੀਤ ਸਿੰਘ ਦਾ ਸਨਮਾਨ

ਨਵੀਂ ਦਿੱਲੀ, ੧੦ ਜਨਵਰੀ-ਅੱਜ ਇਥੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਯੂ. ਕੇ. ਤੋਂ ਆਏ ਨੌਜਵਾਨ ਅਜੀਤ ਸਿੰਘ ਸੱਗੂ ਨੂੰ ਸਾਧ ਸੰਗਤ ਵਲੋਂ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਇਹ ਸਨਮਾਨ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਸ. ਹਰਵਿੰਦਰ ਸਿੰਘ ਹੰਸਪਾਲ ਅਤੇ ਦਿੱਲੀ ਦੇ ਸੂਬਾ ਸੁਖਦੇਵ ਸਿੰਘ ਜੀ ਨੇ ਦਿੱਤਾ। ਅਜੀਤ ਸਿੰਘ ਯੂ. ਕੇ. ਵਿਚ ਨਾਮਧਾਰੀ ਸੰਗਤ ਸਾਊਥ ਹਾਲ ਦੇ ਜਨਰਲ ਸਕੱਤਰ ਹਨ। ਉਹ ਵਧੀਆ ਬੁਲਾਰੇ ਹਨ ਅਤੇ ਧਾਰਮਿਕ ਪ੍ਰੋਗਰਾਮਾਂ ਵਿਚ ਤਨਦੇਹੀ ਨਾਲ ਹਿੱਸਾ ਲੈਂਦੇ ਹਨ। ਵਰਿਆਮ ਪਰਚੇ ਨਾਲ ਉਹ ਬੜੀ ਆਤਮੀਅਤਾ ਨਾਲ ਜੁੜੇ ਹੋਏ ਹਨ।

## ਬੀਬੀ ਮਹਿੰਦਰ ਕੌਰ ਸੀਚੇਵਾਲ ਨਮਿਤ ਸਮਾਗਮ

ਪ੍ਰਸਿੱਧ ਕਵੀ ਸ. ਚਰਨ ਸੀਚੇਵਾਲਵੀ ਦੀ ਧਰਮ ਪਤਨੀ ਸ੍ਰੀਮਤੀ ਮਹਿੰਦਰ ਕੌਰ ਮਿਤੀ ੨੪ ਦਸੰਬਰ ੨੦੦੯ ਨੂੰ ਇਕ ਭਿਆਨਕ ਹਾਦਸੇ ਵਿਚ ਸਦਾ ਲਈ ਜੁਦਾ ਹੋ ਗਏ ਸਨ। ਓਹਨਾਂ ਦੀ ਜੀਵ ਆਤਮਾ ਨਮਿਤ ਗੁਰਬਾਣੀ ਦੇ ਪਾਠ ਦਾ ਭੋਗ ਪਰਿਵਾਰ ਦੇ ਗ੍ਰਹਿ ੪੨੯ ਗੁਰੂ ਨਾਨਕਪੁਰਾ ਵੈਸਟ ਚਉਗਿਟੀ ਜਲੰਧਰ ਵਿਚ ੨ ਜਨਵਰੀ ੨੦੧੦ ਸਨਿਚਰਵਾਰ ਨੂੰ ਪਾਇਆ ਗਿਆ। ਉਪਰੰਤ ਮਹਲੇ ਦੇ ਗੁਰਦੁਆਰਾ ਸਿੰਘ ਸਭਾ ਵਿਚ ਸ਼ਰਧਾਂਜਲੀ ਸਮਾਰੋਹ ਹੋਇਆ। ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਓਪਰੰਤ ਪ੍ਰਸਿੱਧ ਸ਼ਾਇਰ ਜਸਪਾਲ ਜ਼ੀਰਵੀ ਦੇ ਮੰਚ ਸੰਚਾਲਣ ਵਿਚ ਬੀਬੀ ਜੀ ਨਮਿਤ ਸ਼ਰਧਾ ਦੇ ਫੁਲ ਭੇਟ ਕੀਤੇ ਗਏ। ਸ੍ਰੀਮਾਨ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਪ੍ਰਮੁੱਖ ਸਹਿਯੋਗੀ ਸੰਤ ਸੁਖਜੀਤ ਸਿੰਘ ਜੀ, ਜਥੇਦਾਰ ਗੁਰਦੇਵ ਸਿੰਘ, ਸ. ਬੇਅੰਤ ਸਿੰਘ ਸਰਹੱਦੀ ਸੰਪਾਦਕ ਸਿਮਰਨ, ਪ੍ਰਿੰਸੀਪਲ ਰੂਪ ਲਾਲ ਰੂਪ, ਫਕੀਰ ਚੰਦ ਤੁੱਲੀ, ਸੁਰਜੀਤ ਸਿੰਘ ਸਾਜਨ, ਸੁਜਾਨ ਸਿੰਘ ਸੁਜਾਨ, ਮਨੋਹਰ ਸਿੰਘ ਸਾਦਕ ਨੇ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਸੀਚੇਵਾਲ ਪਰਵਾਰ ਨਾਲ ਦੁਖ ਸਾਂਝਾ ਕਰਨ ਲਈ ਭਾਰੀ ਗਿਣਤੀ ਵਿਚ ਸੰਗਤਾਂ ਲੇਖਕ ਸ਼ਾਇਰ ਸਜਨ ਮਿੱਤਰ ਅਤੇ ਰਿਸ਼ਤੇਦਾਰ ਇਕਤਰ ਹੋਏ। ਸੁਵਰਨ ਸਿੰਘ ਵਿਰਕ, ਨਵਰਾਹੀ ਘੁਗਿਆਣਵੀ, ਪ੍ਰੋ. ਨਿਰੰਜਣ ਸਿੰਘ ਢੇਸੀ, ਜਤਿੰਦਰ ਮੋਹਨ ਵਿੱਗ, ਚੰਨ ਮੋਮੀ, ਗੁੱਡੂ ਸਿਧਵਾਂ ਵਾਲਾ, ਆਸੀ ਈਸਪੁਰੀ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਤੇ ਸਕੱਤਰ ਸਾਹਿਬ ਵਲੋਂ ਦੁਖ ਦੀ ਘੜੀ ਵਿਚ ਸੀਚੇਵਾਲ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਚਰਨ ਸੀਚੇਵਾਲਵੀ ਨੇ ਸਭ ਹਮਦਰਦਾਂ ਦਾ ਧੰਨਵਾਦ ਕੀਤਾ।

## ਸਾਹਿਤ ਸਭਾ ਫ਼ਰੀਦਕੋਟ ਦੀ ਮੀਟਿੰਗ

ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੀ ਮਾਸਿਕ ਮੀਟਿੰਗ ਬਿੱਕਰ ਸਿੰਘ ਆਜ਼ਾਦ ਦੀ ਪ੍ਰਧਾਨਗੀ ਵਿਚ ਹੋਈ ਜਿਸ



Namdhari Elibrary NamdhariElibrary@gmail.com

ਵਿਚ ਇਕ ਦਰਜਨ ਲੇਖਕਾਂ ਨੇ ਭਾਗ ਲਿਆ, ਜਿਨ੍ਹਾਂ ਵਿਚ ਗੁਰਚਰਨ ਸਿੰਘ ਗਿੱਲ, ਨਵਰਾਹੀ ਘੁਗਿਆਣਵੀ, ਬਨਾਰਸੀ ਦਾਸ ਸ਼ਾਸਤਰੀ, ਜੰਗਪਾਲ ਸਿੰਘ, ਪ੍ਰੋ. ਪਾਲ ਸਿੰਘ, ਸੁਭਾਸ਼ ਗਰੋਵਰ, ਗੁਰਾਂਦਿੱਤਾ ਸਿੰਘ ਸੰਧੂ ਤੇ ਸਾਧੂ ਸਿੰਘ ਚਮਲੀ ਹਾਜ਼ਰ ਸਨ। ਰਚਨਾਵਾਂ ਪੜ੍ਹੀਆਂ ਗਈਆਂ ਤੇ ਮਤੇ ਪਾਸ ਕੀਤੇ ਗਏ।

## ਇਕ ਕਰਮਯੋਗੀ ਦਾ ਚਲਾਣਾ



ਹਰਚਰਨ ਮਾਂਗਟ ਸੰਵੇਦਨਸ਼ੀਲ ਸ਼ਾਇਰ, ਸੰਘਰਸ਼ਸ਼ੀਲ ਅਧਿਆਪਕ ਆਗੂ, ਸੁਹਿਰਦ ਦੋਸਤ, ਸੁਚੱਜਾ ਸਮਾਜ ਸੇਵਕ ਅਤੇ ਨੇਕ ਇਨਸਾਨ ਸੀ। ਉਸਨੇ ਆਪਣੀ ਸਾਰੀ ਜ਼ਿੰਦਗੀ ਸਾਹਿਤਕ ਅਤੇ ਸਮਾਜਿਕ ਕੰਮਾਂ ਦੇ ਲੇਖੇ ਲਾਈ। ਉਸਨੇ ਹੱਡੀਂ ਹੰਢਾ ਕੇ ਕਾਵਿ-ਰਚਨਾ ਕੀਤੀ। 'ਰਸਤਾ, ਜੀਵਨ ਅਤੇ ਪਿਆਸ' ਅਤੇ 'ਜ਼ਖ਼ਮਾਂ ਦੀ ਕਹਿਕਸ਼ਾਂ' ਉਸਦੇ ਦੋ ਗ਼ਜ਼ਲ ਸੰਗ੍ਰਹਿ ਹਨ ਅਤੇ 'ਚਾਨਣ ਦੀ ਤਾਸੀਰ' ਰੁਬਾਈ ਸੰਗ੍ਰਹਿ ਹੈ। ਰਾਜੀਵ ਕਪਲਿਸ਼ (ਜੋ ਹੁਣ ਰੋਸ਼ਨ ਪ੍ਰਿੰਸ ਅਤੇ ਆਵਾਜ਼ ਪੰਜਾਬ ਦੀ-੧ ਵਜੋਂ ਜਾਣਿਆ ਜਾਂਦਾ ਹੈ) ਨੇ ਆਪਣੀ ਆਵਾਜ਼ ਵਿਚ ਮਾਂਗਟ ਦੀਆਂ ਅੱਠ ਗ਼ਜ਼ਲਾਂ ਦੀ ਕੈਸੇਟ ਤਿਆਰ ਕੀਤੀ।

ਪਟਿਆਲਾ ਵਿਖੇ ਨੌਕਰੀ ਕਰਦਿਆਂ ਹਰਚਰਨ ਮਾਂਗਟ ਨੇ ਇਤਿਹਾਸਕਾਰ ਗੰਡਾ ਸਿੰਘ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਸੰਗਤ ਮਾਣੀ। ਉਥੇ ਹੀ ਦਰਸ਼ਨ ਸਿੰਘ ਅਵਾਰਾ, ਗਿਆਨੀ ਗੁਰਦਿੱਤ ਸਿੰਘ, ਗਿਆਨੀ ਸ਼ਾਦੀ ਸਿੰਘ ਅਤੇ ਹਰਨਾਮ ਸਿੰਘ ਸਹਿਰਾਈ ਨੇ ਉਸ 'ਤੇ ਸਾਹਿਤ ਦੀ ਰੰਗਤ ਚਾੜ੍ਹੀ।

ਹਰਚਰਨ ਮਾਂਗਟ ਨੇ ਰੁਮਾਂਟਿਕ ਕਵਿਤਾਵਾਂ ਅਤੇ ਗ਼ਜ਼ਲਾਂ ਦੀ ਰਚਨਾ ਵੀ ਕੀਤੀ ਅਤੇ ਪ੍ਰਗਤੀਵਾਦੀ ਰੰਗਣ ਵਿਚ ਵੀ ਰੰਗਿਆ ਰਿਹਾ। ਉਸਦੇ ਸ਼ਿਅਰਾਂ ਵਿਚ ਆਸ਼ਾ ਦੀ ਲੋਅ ਅਤੇ ਜ਼ਿੰਦਗੀ ਦੇ ਵਿਹੜੇ ਵਿਚ ਸਵੇਰਾਂ ਦੇ ਨੱਚਣ ਦਾ ਸੁਪਨਾ ਹੈ। ਉਸਦੀਆਂ ਗ਼ਜ਼ਲਾਂ ਦੇ ਸ਼ਿਅਰ ਘੋਰ ਕਾਲੀਆਂ ਰਾਤਾਂ 'ਚੋਂ ਸਵੇਰ ਦੇ ਜਨਮ ਦੀ ਤਸਵੀਰ ਵਿਖਾਉਂਦੇ ਹਨ। ਆਸ਼ਾ-ਰਹਿਤ ਜ਼ਿੰਦਗੀ ਤੋਂ ਮੁਕਤੀ ਦਾ ਰਾਹ ਦਰਸਾਉਂਦੇ ਹਨ। ਉਸਦੀ ਕਵਿਤਾ ਕਿਸਮਤ ਦੀ ਨਹੀਂ, ਸਗੋਂ ਲੰਮੇ ਜੇਰਿਆਂ ਦੀ ਗੱਲ ਕਰਦੀ ਹੈ, ਲੋਕਾਂ ਦੇ ਬਲ ਦੀ ਗੱਲ ਕਰਦੀ ਹੈ। ਉਸਦੇ ਸ਼ਿਅਰ ਖੇਤ ਨੂੰ ਖਾ ਰਹੀ ਵਾੜ ਦੀ ਗੱਲ ਵੀ ਕਰਦੇ ਹਨ ਅਤੇ ਅੱਧ-ਭੁੱਖੇ ਬੈਠੇ ਕਿਰਤੀ ਪਰਿਵਾਰਾਂ ਦਾ ਦੁੱਖ-ਦਰਦ ਵੀ ਫਰੋਲਦੇ ਹਨ। ਉਸਦੀ ਸਾਰੀ ਕਵਿਤਾ ਜੀਵਨ ਸੰਘਰਸ਼ ਵਿਚੋਂ ਨਿਕਲੀ ਹੋਈ ਹੈ।

ਹਰਚਰਨ ਮਾਂਗਟ ਨੇ ਆਪਣੇ ਹੋਰ ਸੱਤ ਲੇਖਕ ਸਾਥੀਆਂ ਨਾਲ ਮਿਲ ਕੇ ੭ ਅਗਸਤ ੧੯੫੩ ਨੂੰ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਸਥਾਪਨਾ ਵਿਚ ਯੋਗਦਾਨ ਪਾਇਆ। ਉਸਨੇ ਨਵੇਂ ਲੇਖਕਾਂ ਦੀ ਅਗਵਾਈ ਕੀਤੀ ਅਤੇ ਯੋਗ ਸੇਧ ਦਿੱਤੀ। ਸਮੇਂ-ਸਮੇਂ 'ਤੇ ਸਭਾ ਦਾ ਜਨਰਲ ਸਕੱਤਰ, ਪ੍ਰਧਾਨ ਅਤੇ ਸਰਪ੍ਰਸਤ ਰਿਹਾ।

ਹਰਚਰਨ ਮਾਂਗਟ ਲੰਮਾ ਸਮਾਂ ਕਲਾਸੀਕਲ ਅਤੇ ਵਰਨੈਕੂਲਰ ਟੀਚਰ ਯੂਨੀਅਨ ਪੰਜਾਬ ਦਾ ਜਨਰਲ ਸਕੱਤਰ ਰਿਹਾ। ਉਸਦੀ ਅਗਵਾਈ ਵਿਚ ਯੂਨੀਅਨ ਨੇ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ।

ਹਰਚਰਨ ਮਾਂਗਟ ਨੇ ਪਿਛਲੇ ਦਸ ਸਾਲ ਸਭਾ ਦੀ ਲਾਇਬ੍ਰੇਰੀ ਦੀ ਸੰਚਾਲਨਾ ਕੀਤੀ। ਉਸਨੇ ਆਪਣੀ ਪਤਨੀ ਦੀ ਯਾਦ ਵਿਚ ਪਿੰਡ ਦੇ ਸਰਕਾਰੀ ਹਾਈ ਸਕੂਲ ਵਿਚ ਤਿੰਨ ਪੁਰਸਕਾਰਾਂ ਦੀ ਸਥਾਪਨਾ ਕੀਤੀ।

ਕੁਝ ਮਹੀਨੇ ਪਹਿਲਾਂ ਜਦੋਂ ਉਸਨੇ ਆਪਣੇ ਸਾਥੀਆਂ ਨੂੰ ੭੮ਵੇਂ ਜਨਮ ਦਿਨ ਦੀ ਪਾਰਟੀ ਦਿੱਤੀ ਤਾਂ ਉਸਦੀ ਚੰਗੀ ਸਿਹਤ, ਸੰਤੁਲਿਤ ਖੁਰਾਕ, ਉਸਾਰੂ ਸੋਚ, ਦੋ ਵੇਲੇ ਦੀ ਸੈਰ ਨੂੰ ਦੇਖਦਿਆਂ ਇਹ ਬਿੜਕ ਵੀ ਨਹੀਂ ਸੀ ਪਈ ਕਿ ਉਹ ਇਸੇ ਵਰ੍ਹੇ ਵਿਚ ਸਦੀਵੀ ਵਿਛੋੜਾ ਦੇ ਜਾਵੇਗਾ। ਅਗਸਤ ਵਿਚ ਉਹ ਮੰਜੇ 'ਤੇ ਅਜਿਹਾ ਪਿਆ, ਮੁੜ ਉੱਠਿਆ ਹੀ ਨਹੀਂ। ੨ ਨਵੰਬਰ ੨੦੦੯ ਨੂੰ ਉਹ ਆਪਣੇ ਪਰਿਵਾਰ ਅਤੇ ਮਿੱਤਰਾਂ-ਦੋਸਤਾਂ ਨੂੰ ਅਲਵਿਦਾ ਕਹਿ ਗਿਆ। ੩ ਨਵੰਬਰ ਨੂੰ ਸੇਜਲ ਅੱਖਾਂ ਨਾਲ ਉਸਦਾ ਸਸਕਾਰ ਕੀਤਾ ਗਿਆ। ੧੧ ਨਵੰਬਰ ੨੦੦੯ ਨੂੰ ਪਿੰਡ ਰਾਮਪੁਰ ਦੇ ਗੁਰਦੁਆਰਾ ਰੇਰੂ ਸਾਹਿਬ ਵਿਖੇ ਹਰਚਰਨ ਮਾਂਗਟ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪੰਜਾਬੀ ਸਾਹਿਤਕਾਰਾਂ ਵਲੋਂ ਸ੍ਰੀ ਨਿਰੰਜਨ ਸਿੰਘ ਸਾਥੀ ਅਤੇ ਸ੍ਰੀ ਸੁਰਜੀਤ ਮਰਜਾਰਾ ਨੇ ਸ਼ਰਧਾਂਜਲੀ ਭੇਟ ਕੀਤੀ।

ਹਰਚਰਨ ਮਾਂਗਟ ਸਹੀ ਅਰਥਾਂ ਵਿਚ ਇਕ ਕਰਮਯੋਗੀ ਸੀ। ਅਜਿਹੇ ਕਰਮਯੋਗੀ ਦੁਨੀਆਂ ਤੋਂ ਤੁਰ ਤਾਂ ਜਾਂਦੇ ਹਨ ਪ੍ਰੰਤੂ ਮਰਦੇ ਨਹੀਂ। ਆਪਣੇ ਕੰਮਾਂ ਦੀ ਯਾਦ ਸਦਕਾ ਹਮੇਸ਼ਾ ਲਈ ਜਿਊਂਦੇ ਰਹਿੰਦੇ ਹਨ।

*—ਸੁਰਿੰਦਰ ਰਾਮਪੁਰੀ*
*ਪਿੰਡ-ਰਾਮਪੁਰਾ-੧੪੧੪੧੮*
*ਜ਼ਿਲ੍ਹਾ ਲੁਧਿਆਣਾ*



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਆਪ ਜੀ ਵਲੋਂ ਭੇਜਿਆ "ਵਰਿਆਮ" ਨਵੰਬਰ, ਦਸੰਬਰ ੨੦੦੯ ਦਾ ਸਮੇਂ ਸਿਰ ਪਹੁੰਚ ਗਿਆ-ਐਡਰੈਸ ਵੀ ਬਦਲਿਆ ਹੋਇਆ ਸੀ। ਧੰਨਵਾਦ। ਆਪ ਵਲੋਂ ਭੇਜਿਆ ਪੱਤਰ ਵੀ ਮਿਲ ਗਿਆ ਹੈ। ਪਰ ਵਰਿਆਮ ਦਾ ਅਰਧ ਸ਼ਤਾਬਦੀ ਅੰਕ ਅਤੇ ਗੁਰਗੱਦੀ ਅੰਕ ਪ੍ਰਾਪਤ ਨਹੀਂ ਹੋਇਆ। ਅਗਰ ਭੇਜ ਸਕੋ?

ਨਵੰਬਰ ਅੰਕ ਪੜ੍ਹ ਕੇ ਮਨ ਬਹੁਤ ਖੁਸ਼ ਹੋਇਆ ਸੀ। ਸਤਿਗੁਰੂ ਜੀ ਦੇ ਪ੍ਰਕਾਸ਼ ਅਸਥਾਨ ਦੀਆਂ ਤਸਵੀਰਾਂ ਰਾਹੀਂ ਦਰਸ਼ਨ ਕੀਤੇ, ਪਰ ਸ੍ਰੀ ਭੈਣੀ ਸਾਹਿਬ ਜਾਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਨਹੀਂ ਹੋ ਸਕਿਆ। ਸੋਚਿਆ ਸੀ ਹਰ ਮਹੀਨੇ ਪ੍ਰਤੀਕਿਰਿਆ ਲਿਖ ਭੇਜਿਆ ਕਰਾਂਗਾ, ਪਰ ਸਤਿਗੁਰੂ ਜੀ ਨੂੰ ਮਨਜ਼ੂਰ ਨਹੀਂ ਸੀ।

ਅਚਾਨਕ ਸਿਹਤ ਖਰਾਬ ਹੋਣ ਕਰਕੇ ਅਪੋਲੋ ਹਸਪਤਾਲ ਰਹਿਣਾ ਪਿਆ। ਵਾਪਸ ਆਇਆ ਤਾਂ ਕਿਡਨੀ ਦੇ ਦਰਦ ਤੇ ਕਮਜ਼ੋਰੀ ਨੇ ਪ੍ਰੇਸ਼ਾਨ ਕਰ ਦਿੱਤਾ। ਪਿਛਲਾ ਮਹੀਨਾ ਤਾਂ ਸਿਹਤ ਦੀ ਕਾਮਯਾਬੀ ਲਈਂ ਅਰਦਾਸਾਂ 'ਚ ਗੁਜ਼ਰਿਆ। ਹੁਣ ਸਤਿਗੁਰੂ ਜੀ ਦੀ ਮੇਹਰ ਹੈ।

ਕਰਤਾਰ ਸਿੰਘ ਪੰਛੀ ਦੇ ਸਵਰਗਵਾਸ ਹੋਣ ਦੀ ਖਬਰ ਆਪ ਜੀ ਨੂੰ ਦੇਰ ਨਾਲ ਮਿਲੀ। ਮੈਂ ਆਪਣੀ ਬਿਮਾਰੀ ਮੁਜਬ ਨਹੀਂ ਪਹੁੰਚਿਆ। ਖਬਰ ਵੀ ਲੇਟ ਮਿਲੀ ਸੀ। ਉਹ ਮੇਰੇ ਭੂਆ ਜੀ ਦੇ ਸਪੁੱਤਰ ਸਨ। ਜ਼ਿੰਦਗੀ ਭਰ ਸਾਡੇ ਪਰਿਵਾਰ 'ਚ ਪੜ੍ਹੇ ਫਲੇ, ਬਹੁਤ ਜ਼ਿੰਦਾ ਦਿਲ ਇਨਸਾਨ ਸਨ। ਇਕ ਸੁਲਝੇ ਹੋਏ ਸਾਹਿਤਕਾਰ ਤੇ ਕਵੀ ਸਨ। ਭਾਬੀ ਸ੍ਰੀ ਦੇ ਅਕਾਲ ਚਲਾਣੇ ਬਾਦ ਇਕਲਾਪਾ ਮਹਿਸੂਸ ਕਰਨ ਲੱਗ ਪਏ ਸਨ। ਜ਼ਿੰਦਗੀ ਨੂੰ ਦ੍ਰਿੜਤਾ ਨਾਲ ਲਿਆ-ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਰਹੀ। ਪਿਛਲੇ ਸਾਲ ਦਸੰਬਰ 'ਚ ਮਿਲ ਕੇ ਆਇਆ ਸੀ।

ਸਰੀਰ ਕਮਜ਼ੋਰ ਸੀ। ਵਿਸ਼ਵਾਸ ਤੇ ਦ੍ਰਿੜਤਾ ਨਾਲ ਮਨ ਭਰਿਆ ਸੀ। ਦੋਸਤਾਂ-ਮਿੱਤਰਾਂ ਦਾ ਪੂਰਾ ਸਹਿਯੋਗ ਪ੍ਰਾਪਤ ਸੀ। ਭਰਾ ਸੇਵਕ ਸਿੰਘ, ਸ. ਅਵਤਾਰ ਸਿੰਘ, ਜਸਪਾਲ ਸਿੰਘ, ਭੁਪਿੰਦਰ ਸਿੰਘ, ਭੈਣ ਸੁਖਵਿੰਦਰ ਕੌਰ ਹਮੇਸ਼ਾ ਹੀ ਸੇਵਾ 'ਚ ਹਾਜ਼ਰ ਹੁੰਦੇ ਸਨ। ਹੋਰ ਰਾਣੀ, ਅਮਰਜੀਤ ਕੌਰ ਨੇ ਜੋ ਵੀ ਫੈਸਲਾ ਪ੍ਰਾਪਰਟੀ ਬਾਰੇ ਕੀਤਾ ਹੈ, ਸ਼ਲਾਘਾਯੋਗ ਹੈ। ਪੰਛੀ ਜੀ ਦੀ ਸਾਹਿਤ ਸਭਾ ਨਾਲ ਯਾਦ ਹਮੇਸ਼ਾ ਜੁੜੀ ਰਹੇਗੀ।

ਵਰਿਆਮ ਸੰਧੂ ਨੇ "ਮੇਰੀ ਮੈਂ" ਲੇਖ ਵਿਚ ਆਪਣੀ ਜ਼ਮੀਰ ਨੂੰ ਨਾ ਮਾਰ ਕੇ ਆਪਣੀ ਵਰਿਆਮਤਾ ਦਾ ਸਬੂਤ ਪੇਸ਼ ਕੀਤਾ ਹੈ। ਜ਼ਿੰਦਗੀ ਦੀਆਂ ਤਰਕ ਸੱਚਾਈਆਂ ਦੀਆਂ ਘਟਨਾਵਾਂ ਬਾਰੇ ਪੜ੍ਹਕੇ ਅਲੱਗ ਹੀ ਅਨੰਦ ਆਉਂਦਾ ਹੈ।

ਸ. ਸਵਰਨ ਸਿੰਘ ਵਿਰਕ ਇਕ ਸੁਲਝੇ ਹੋਏ ਸਾਹਿਤਕਾਰ ਹਨ, ਜਿਨ੍ਹਾਂ ਨੇ ਨਾਮਧਾਰੀ ਇਤਿਹਾਸ ਦੇ ਸੁਤੰਤਰਤਾ ਸੰਗਰਾਮ ਦੇ ਅੰਦੋਲਨ ਅਤੇ ਸਿਰ ਲੱਥ ਸੂਰਮਿਆਂ ਦੀ ਜੀਵਨ ਗਾਥਾ ਨੂੰ ਸਮਾਜ ਦੇ ਸਾਹਮਣੇ ਪੇਸ਼ ਕੀਤਾ ਹੈ।

ਸ੍ਰੀ ਅਮਰ ਭਾਰਤੀ (ਸਵਰਗੀਆ) ਦਾ ਪੰਜਾਬੀ ਭਾਸ਼ਾ ਬਾਰੇ ਲਿਖਿਆ ਇਤਿਹਾਸਕ ਲੇਖ ਅੱਜ ਵੀ ਪੂਰਨ ਤੌਰ ਤੇ ਆਪਣਾ ਸਥਾਨ ਰੱਖਦਾ ਹੈ। "ਸ਼ਹੀਦ ਚੰਦਰ ਸ਼ੇਖਰ ਅਜ਼ਾਦ ਦੀ ਆਖਰੀ ਗੋਲੀ" ਲੇਖ ਵਿਚ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਜੀ ਨੇ ਜੋ ਖੋਜ ਰਾਹੀਂ ਜਾਣਕਾਰੀ ਉਪਲਬਧ ਕਰਾਈ ਹੈ-ਧੰਨਵਾਦੀ ਹਾਂ।

ਚੋਣਵੇਂ ਸ਼ੇਅਰ, ਗ਼ਜ਼ਲਾਂ, ਹਮੇਸ਼ਾਂ ਹੀ ਅਰਥ ਭਰਪੂਰ ਹੁੰਦੀਆਂ ਹਨ। ਪਿਆਰਾ ਸਿੰਘ ਦਾਤਾ ਦਾ ਵਿਅੰਗ ਲੇਖ ਅਭਿਨੰਦਨ ਗ੍ਰੰਥ ਦੀ ਪ੍ਰਾਪਤੀ ਵਧੀਆ ਲੱਗਿਆ।

ਡਾ. ਕੋਮਲ ਸਾਹਿਬ ਨੇ ਸੇਵਾ ਮੁਕਤੀ ਦੇ ਦਿਨਾਂ ਦਾ ਵਧੀਏ ਤਰੀਕੇ ਨਾਲ ਉਲੇਖ ਕੀਤਾ ਹੈ।

"ਆਵੇ ਜਾਚ ਜਿਓਣ ਦੀ, ਸੱਠ ਵਰ੍ਹਿਆਂ ਤੋਂ ਬਾਦ।
ਥੋੜੀ ਰਹਿ ਜਾਵੇ ਖੀਰ ਜਦ, ਲਗਦੀ ਬਹੁਤ ਸੁਆਦ।"

ਭੂਪਿੰਦਰ ਉਸਤਾਦ ਨੇ ਪਾਣੀ ਦੀ ਖੋਜ ਚੰਦਰਮਾ ਤੋਂ-"ਤਰਸਦੇ ਰਹਿ ਜਾਓਗੇ" ਲਿਖਦੇ-ਪਾਣੀ ਦੇ ਬਚਾਓ ਨੂੰ ਆਪਣੇ ਤਰੀਕੇ ਨਾਲ ਜਾਗਰੂਕ ਕੀਤਾ ਹੈ। ਵਰਿਆਮ ਪੂਰੇ ੩੫ ਸਾਲਾਂ ਦਾ ਜੁਆਨ ਹੋ ਗਿਆ ਹੈ। ਸੰਤ ਜਗਦੀਸ਼ ਸਿੰਘ ਵੀ ਫੁਲਿਆ ਨਹੀਂ ਸਮਾਉਂਦਾ ਹੋਣਾਂ-ਕਿਉਂਕਿ ਸਾਰੇ ਪਾਠਕ ਆਪ ਜੀ ਦੀ ਇਸ ਸਫਲਤਾ ਦੀ ਲੱਖ-ਲੱਖ ਵਧਾਈ ਪੇਸ਼ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ-ਤੁਹਾਡੀ ਮਿਹਨਤ, ਲਗਨ ਸਦਕਾ ਆਪ ਇਸ ਮੁਕਾਮ ਤੇ ਪਹੁੰਚੇ ਹੋ। ਆਮ ਤੌਰ ਤੇ ਥੋੜ੍ਹੇ ਸਮੇਂ ਬਾਅਦ ਹੀ ਆਮ ਪਤਰਕਾਵਾਂ ਦੇ ਕਾਰਜ ਬੰਦ ਹੋ ਜਾਂਦੇ ਹਨ। ਇਸ ਪਿਛੇ ਆਪ ਜੀ ਨੂੰ ਸਤਿਗੁਰੂ ਜੀ ਦਾ ਅਸ਼ੀਰਵਾਦ ਮੁਬਾਰਕ ਹੈ।

ਨਵੇਂ ਸਾਲ ੨੦੧੦ ਦੀ ਲੱਖ-ਲੱਖ ਵਧਾਈ ਹੋਵੇ, ਸਤਿਗੁਰੂ ਜੀ ਸਫਲਤਾਵਾਂ ਤੇ ਤੰਦਰੁਸਤੀਆਂ ਬਖਸ਼ੇ ਵਰਿਆਮ ਦੇ ਸਟਾਫ ਅਤੇ ਪਾਠਕਾਂ ਨੂੰ।

*—ਭੀ. ਐਸ. ਮਠਾੜੂ*
*ਭਿਲਾਈ (ਛਤੀਸਗੜ੍ਹ)*

ਮੈਂ ਇਸ ਗੱਲ ਤੋਂ ਅਜੇ ਤੱਕ ਵੀ ਨਾ ਵਾਕਿਫ ਹਾਂ ਕਿ ਮੇਰੀ ਉਹ ਕਿਹੜੀ ਦਿਲੀ ਖਾਹਿਸ਼ ਹੈ ਜਿਸ ਕਰਕੇ ਮੈਂ ਮਾਸਿਕ ਵਰਿਆਮ ਦੇ ਹੌਲੀ ਹੌਲੀ ਨੇੜੇ ਹੁੰਦਾ-ਹੁੰਦਾ ਹੁਣ ਇਤਨਾ ਕਰੀਬ ਹੋ ਗਿਆ ਹਾਂ ਕਿ ਪਰਚਾ ਮਿਲਣ ਤੇ ਇਕ ਉਪਰੀ



Namdhari Elibrary NamdhariElibrary@gmail.com

ਭਾਤੀ ਮਾਰ ਕੇ ਦੂਸਰੀ ਵਾਰ ਚੰਗੀ ਤਰ੍ਹਾਂ ਨਿੱਠ ਕੇ ਬੈਠ ਕੇ ਪੜ੍ਹੇ ਬਿਨਾਂ ਮਨ ਨੂੰ ਸਬਰ ਜਿਹਾ ਹੀ ਨਹੀਂ ਆਉਂਦਾ। ਦਸੰਬਰ ੨੦੦੯ ਦਾ ਪਰਚਾ ਪ੍ਰਾਪਤ ਹੋਇਆ। ਸੰਪਾਦਕੀ ਸ਼ਬਦਾਂ ਨੇ ਝਾਰਖੰਡ ਦੇ ਭ੍ਰਿਸ਼ਟਾਚਾਰ ਵਿਚ ਗਲਤਾਨ ਸਾਬਕਾ ਮੁੱਖ ਮੰਤਰੀ ਮਧੂ ਕੋੜਾ ਦੀਆਂ ਕਰਤੂਤਾਂ ਨੂੰ ਚੰਗੀ ਤਰ੍ਹਾਂ ਛੱਜ ਪਾ ਛੱਟਿਆ ਹੈ। ਸੰਧੂ ਵਰਿਆਮ ਨੇ ਆਪਣੇ "ਮੇਰੀ ਮੈਂ" ਦੇ ਸਫਰ ਨੂੰ ਅਰੰਭ ਕਰਕੇ ਤੂੰ ਤੂੰ ਤੇ ਲਿਆ ਖੜ੍ਹਾ ਕੀਤਾ ਹੈ। ਸ. ਸਵਰਨ ਸਿੰਘ ਵਿਰਕ ਦੀ ਰਚਨਾ "ਸੂਬਾ ਖੁਸ਼ਹਾਲ ਸਿੰਘ ਬਰਾਜ" ਬਾਰੇ ਇਤਿਹਾਸਿਕ ਤੇ ਅਰਥ ਭਰਪੂਰ ਜਾਣਕਾਰੀ ਸਾਡੇ ਗਿਆਨ ਵਿਚ ਵਾਧਾ ਕਰਦੀ ਹੈ। ਪ੍ਰੋ. ਮਾਲਵਿੰਦਰ ਸਿੰਘ ਵੜੈਚ ਵੱਲੋਂ "ਸ਼ਹੀਦ ਚੰਦਰ ਸ਼ੇਖਰ ਅਜ਼ਾਦ ਦੀ ਆਖਰੀ ਗੋਲੀ" ਕਈ ਗੋਲ ਕੀਤੀਆਂ ਗੱਲਾਂ ਦਾ ਖੁਲਾਸਾ ਕਰ ਗਈ ਹੈ। ਡਾ. ਜਾਗੀਰ ਸਿੰਘ ਨੇ ਵਾਰਤਾ ਇਕ ਟਕਸਾਲੀ ਪ੍ਰੌਢ ਕੀਰਤਨੀਏ ਦੀ ਦਿਲ ਨੂੰ ਟੁੰਬਣ ਵਾਲੀ ਗੱਲ ਕਰਕੇ ਨੌਜਵਾਨ ਪੀੜ੍ਹੀ ਦੇ ਹਿਰਦੇ ਨੂੰ ਹਲੂਣਿਆਂ ਹੈ ਕਿ ਬਜ਼ੁਰਗਾਂ ਦੀ ਸਾਂਭ ਸੰਭਾਲ ਉਚੇਚਾ ਧਿਆਨ ਮੰਗਦੀ ਹੈ। ਫਿਰ ਇਹੋ ਜਹੇ ਗੁਣਵਾਨ ਸੱਜਨ ਦੇ ਗੁਣ ਦੀ ਕਦਰ ਹੋਣੀ ਚਾਹੀਦੀ ਹੈ। ਸਵਾਮੀ ਬ੍ਰਹਮਦੇਵ ਉਦਾਸੀ ਦੀ ਰਚਨਾ "ਮਹਿਮਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ" ਬਹੁਤ ਹੀ ਭਾਰੇ ਅਤੇ ਅਰਥ ਭਰਪੂਰ ਲਫਜ਼ਾਂ ਵਿਚ ਕੀਤੀ ਗਈ ਹੈ। ਪਿਆਰਾ ਸਿੰਘ ਦਾਤਾ ਦੀ ਰਚਨਾ "ਅਭਿਨੰਦਨ ਗ੍ਰੰਥ ਦੀ ਪ੍ਰਾਪਤੀ" ਪੜ੍ਹ ਕੇ ਉਦਾਸੀ ਮਨ ਦੀਆਂ ਗਹਿਰਾਈਆਂ ਤੱਕ ਉੱਤਰ ਗਈ ਕਿ ਮਾਂ ਬੋਲੀ ਪੰਜਾਬੀ ਪ੍ਰਤੀ ਆਪਣਾ ਫੋਕਾ ਮੋਹ ਦਿਖਾਉਣ ਵਾਲੇ ਅਤੇ ਪੰਜਾਬੀ ਬੋਲੀ ਦੇ ਰਾਖੇ ਅਖਵਾਉਣ ਵਾਲੇ ਲੋਕਾਂ ਦੀ ਅਸਲੀ ਤਸਵੀਰ ਲੋਕਾਂ ਸਾਹਮਣੇ ਪੇਸ਼ ਕੀਤੀ ਗਈ ਹੈ। ਪੰਜਾਬੀ ਸਾਹਿਤ ਦੇ ਧਰੂ ਤਾਰੇ ਅਤੇ ਮਹਾਨ ਵਿਦਵਾਨ ਨਾਲ ਏਨੀ ਬੇ-ਇਨਸਾਨੀ, ਕਦੀ ਸੋਚਿਆ ਵੀ ਨਹੀਂ ਸੀ ਜਾ ਸਕਦਾ ਫਿਰ ਉਹ ਚੱਕਰਵਰਤੀ ਇਸ ਨੇ ਕਈ ਸਾਲ ਲਗਾਤਾਰ ਭਾਸ਼ਾ ਵਿਭਾਗ ਵਿਚ ਆਪਣਾ ਕੀਮਤੀ ਸਮਾਂ ਇਕ ਕੋਸ਼ ਦੀ ਸਥਾਪਨਾ ਤੇ ਲਾਇਆ ਹੋਵੇ। ਲੇਖਕ ਦਾ ਆਪਣਾ "ਪਹਾੜੀ ਸਫਰਨਾਮਾ" ਵੀ ਅਜਿਹੇ ਸਲੂਕ ਦੀ ਭੇਟ ਚੜ੍ਹ ਗਿਆ ਜਿਹੜਾ ਇਨਾਮ ਲੇਖਕ ਦੇ ਸਫਰਨਾਮਾ ਨੂੰ ਮਿਲਣਾ ਸੀ ਉਹ ਵੱਡੇ ਵਜ਼ੀਰ ਦੀ ਸਿਫਾਰਿਸ਼ ਤੇ ਇਕ ਪੰਜਾਬੀ ਬੋਲੀ ਤੋਂ ਨਾਵਾਕਿਫ ਲੇਖਕ ਰੁਲਦੂ ਰਾਮ ਫਲੌਰੀ ਦੀ ਝੋਲੀ ਵਿਚ ਧੱਕੇ ਨਾਲ ਸੁਟਿਆ ਗਿਆ। ਲੇਖਕ ਦੇ ਦਿਲ ਤੇ ਕੀ ਬੀਤੀ ਹੋਵੇਗੀ ਜਦੋਂ ਉਸਨੇ ਕਰੜੀ ਮਿਹਨਤ ਤੇ ਲਗਨ ਨਾਲ ਲਿਖੀ ਰਚਨਾ ਇਕ ਡੂੰਘੇ ਗਟਰ ਵਿਚ ਆਪਣੇ ਹੱਥੀ ਸੁੱਟੀ ਹੋਵੇਗੀ। ਲਾਹਨਤ ਹੈ ਅਜਿਹੇ ਲੋਕਾਂ ਨੂੰ ਜਿਹੜੇ ਸਿਰਫ ਬਾਹਾਂ ਖੜ੍ਹੀਆਂ ਕਰਕੇ ਅੱਜ ਪੰਜਾਬੀ ਮਾਂ ਬੋਲੀ ਦੇ ਰਾਖੇ ਅਤੇ ਠੇਕੇਦਾਰ ਅਖਵਾਉਂਦੇ ਹਨ। ਅਜਿਹੇ ਵਿਦਵਾਨ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦੀਆਂ ਰੂਹਾਂ ਵੀ ਤੁਹਾਨੂੰ ਮਾਫ ਨਹੀਂ ਕਰਨੀਆਂ। ਧੰਨਵਾਦ ਵਰਿਆਮ ਦਾ ਜਿਹਨਾਂ ਨੇ ਹਿੱਕ ਠੋਕ ਕੇ ਕੌੜੇ ਸੱਚ ਨੂੰ ਲੋਕਾਂ ਸਾਹਮਣੇ ਰੱਖਿਆ ਹੈ।

*—ਸੂਬਾ ਬਲਵਿੰਦਰ ਸਿੰਘ ਝੱਲ*
*ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ*
*ਸ੍ਰੀ ਭੈਣੀ ਸਾਹਿਬ*

ਸਭ ਤੋਂ ਪਹਿਲਾਂ ਏਨਾ ਵਧੀਆ ਪਰਚਾ ਲੰਬੇ ਸਮੇਂ ਤੋਂ ਜਾਰੀ ਰੱਖ ਸਕਣਾ ਆਪ ਦੀ ਸੂਝ ਸਿਆਣਪ ਸਿਦਕ ਤੇ ਦੂਰ ਅੰਦੇਸ਼ੀ ਤੇ ਲਗਨ ਲਈ ਨਤਮਸਤਕ ਹਾਂ। ਆਪ ਦੀ ਮਿਹਰਬਾਨੀ ਸਦਕਾ ਪਰਚਾ ਮਿਲਦਾ ਰਹਿੰਦਾ ਹੈ। ਬਚਪਨ ਵਿਚ ਮੈਂ ਇਤਿਹਾਸ ਸੰਤ ਇੰਦਰ ਸਿੰਘ ਚੱਕਰਵਰਤੀ, ਪੰਡਤ ਗੁਪਾਲ ਸਿੰਘ ਜੀ, ਸੰਤ ਨਿਧਾਨ ਸਿੰਘ ਆਲਮ ਜੀ ਹੋਰਾਂ ਤੋਂ, ਉਨ੍ਹਾਂ ਦੇ ਦੀਵਾਨਾਂ ਵਿਚ ਵਿਆਖਿਆਨਾ ਤੋਂ ਹੀ ਜਾਣੂ ਹੋਇਆ। ਜਾਂ ਇਹ ਕਹੋ ਨਾਮਧਾਰੀ ਅਤੇ ਦੇਸ਼ ਦੇ ਪ੍ਰਾਚੀਨ ਤੇ ਵਰਤਮਾਨ ਇਤਿਹਾਸ ਦੀ ਮੁੱਢਲੀ ਜਾਣਕਾਰੀ ਤੇ ਚੇਟਕ ਉਨ੍ਹਾਂ ਤੋਂ ਹੀ ਲੱਗੀ। ਉਹ ਦੀਵਾਨਾਂ ਵੇਲੇ ਅਕਸਰ ਸਾਡੇ ਘਰ ਸਿਆੜ੍ਹ ਪਿੰਡ ਠਹਿਰਦੇ ਹੁੰਦੇ ਸਨ। ਸੱਤਵੀਂ ਅੱਠਵੀਂ ਜਮਾਤ ਵਿਚ ਪੜ੍ਹਦਾ ਸਾਂ। ਤਾਂ "ਜੁਗਪਲਟਾਊ ਸਤਿਗੁਰੂ" ਲਿਖਤ ਸੰਤ ਨਿਧਾਨ ਸਿੰਘ ਆਲਮ ਪੜ੍ਹੀ ਨਾਮਧਾਰੀ ਲਹਿਰ ਤੇ ਅੰਗਰੇਜ਼ ਸਰਕਾਰ ਦਾ ਜਬਰ ਜ਼ੁਲਮ ਪੜ੍ਹ ਕੇ, ਸੱਤਾ ਦੇ ਸਿਤਮਾਂ ਖਿਲਾਫ ਇਕ ਵਿਦਰੋਹ ਖੌਲ੍ਹਣ ਲੱਗਾ। ਜੋ ਅੱਜ ਤੱਕ ਖੌਲ ਰਿਹਾ ਹੈ। ਨਾਮਧਾਰੀ ਇਤਿਹਾਸ ਦੀਆਂ ਉਂਝ ਤਾਂ ਕਈ ਕਿਤਾਬਾਂ ਪੜ੍ਹੀਆਂ ਹਨ। ਪਰ ਵਰਿਆਮ ਹੀ ਇਕ ਅਜੇਹਾ ਪਰਚਾ ਹੈ, ਜੋ ਛੁੱਟ ਗਏ ਹਨੇਰੇ ਪੱਖਾਂ ਨੂੰ ਰੁਸ਼ਨਾ ਰਿਹਾ ਹੈ। ਜਿਵੇਂ ਦਸੰਬਰ ਵਿਚ, ਖੋਜਕਾਰ ਪ੍ਰੋ. ਮਲਵਿੰਦਰ ਸਿੰਘ ਵੜੈਚ ਦੀ ਖੋਜ ਅਧਾਰਤ ਲੇਖ "ਸ਼ਹੀਦ ਚੰਦਰ ਸ਼ੇਖਰ ਅਜ਼ਾਦ ਦੀ ਆਖਰੀ ਗੋਲੀ" ਤੇ ਅਮਰ ਭਾਰਤੀ ਜੀ ਦਾ "ਮਲੇਛ ਭਾਖਾ ਦੇ ਹਮਲੇ ਵਿਰੁੱਧ ਸਤਿਗੁਰੂ ਸਾਹਿਬਾਨ ਦਾ ਸੰਘਰਸ਼" ਬਹੁਤ ਹੀ ਜਾਣਕਾਰੀ ਭਰਪੂਰ ਹੈ। ਇਸ ਤਰ੍ਹਾਂ ਸਮੁੱਚੇ ਅਜ਼ਾਦੀ ਸੰਗਰਾਮ ਦੇ ਇਤਿਹਾਸ ਬਾਰੇ ਜਾਣਕਾਰੀ ਬਹੁਤ ਸ਼ਲਾਘਾ ਯੋਗ ਤੇ ਅਮੁੱਲ ਹੈ। ਸਮਾਜ ਦੀ ਵਿਚਾਰਧਾਰਕ ਦਸ਼ਾ ਤੇ ਦਿਸ਼ਾ ਬਾਰੇ ਸਾਹਿਤਕ ਲਿਖਤਾਂ ਗੀਤ, ਗ਼ਜ਼ਲਾਂ, ਕਵਿਤਾਵਾਂ ਤੇ ਮਿਆਰੀ ਸੋਚ ਦਾ ਸਾਹਿਤ ਪੜ੍ਹਨ ਨੂੰ ਮਿਲਦਾ ਹੈ। ਮੇਰੀ ਲਗਨ ਇਸ ਕਰਕੇ ਵੀ ਹੈ ਕਿ ਮੇਰੇ ਪੜਦਾਦਾ ਬੇਲਾ ਸਿੰਘ ਜੀ ਵੀ ਸਤਿਗੁਰੂ ਰਾਮ ਸਿੰਘ ਜੀ ਨਾਲ ਨੌਨਿਹਾਲ ਰਜਮੈਂਟ ਵਿਚ ਇਕੱਠੇ ਹੀ ਫੌਜੀ ਸੇਵਾ ਵਿਚ ਰਹੇ। ਤੇ ਸਤਿਗੁਰਾਂ ਦੇ ਨਾਲ ਹੀ ਵਾਪਸ ਘਰ ਪਰਤੇ। ਸਿਆੜ੍ਹ ਵਿਚ ਪਹਿਲੀ ਕੂਕਿਆਂ ਦੀ ਜੜ੍ਹ ਇਸ ਘਰ ਤੋਂ ਹੀ ਲੱਗੀ। ਇਸੇ ਕਰਕੇ ਹੀ ੧੬ ਜਨਵਰੀ ੧੮੭੨ ਨੂੰ ਸਤਿਗੁਰੂ ਆਪਣੇ ਇਸ ਵਿਸ਼ਵਾਸ ਪਾਤਰ ਦੇ ਘਰ ਠਹਿਰੇ। ਅਤੇ ਪੜਦਾਦਾ ਜੀ ਦੇ ਘਰਵਾਲੀ ਮਾਈ ਖੇਮ ਕੌਰ ਨੂੰ ਪਹਿਲੀ



Namdhari Elibrary NamdhariElibrary@gmail.com

ਅੰਮ੍ਰਿਤਧਾਰੀ ਹੋਣ ਦਾ ਮਾਣ ਬਖਸ਼ਿਆ। ਖ਼ੈਰ ਇਸ ਬਾਰੇ ਕਦੀ ਫਿਰ ਲਿਖਾਂਗਾ।

ਅੰਤ ਮੁਲਾਜ਼ਮ ਸੰਘਰਸ਼ਾਂ ਵਿਚ ਸਾਡੇ ਬਹੁਤ ਹੀ ਪਿਆਰੇ ਮਿੱਤਰ ਸਾਥੀ ਕਰਤਾਰ ਸਿੰਘ ਪੰਛੀ ਤੇ ਗੁਲਜ਼ਾਰ ਮੁਹੰਮਦ ਗੋਰੀਆ ਅੱਗੇ ਵਧੂ ਸਾਹਿਤਕਾਰਾਂ ਦੇ ਤੁਰ ਜਾਣ ਤੇ ਮਨ ਦੁਖੀ ਹੈ। ਉਦਾਸ ਹੈ।

ਆਪਦਾ ਪਰਚਾ ਤੇ ਆਪ ਜੋ ਮਿਸ਼ਾਲ ਬਾਲ਼ੀ ਜਾ ਰਹੇ ਹੋ। ਇਹ ਆਉਂਦੀ ਨਸਲ ਦੇ ਚਿੰਤਨ ਨੂੰ ਵੀ ਰੁਸ਼ਨਾਉਂਦੀ ਰਹੇਗੀ।

*—ਪ੍ਰੀਤਮ ਸਿੰਘ ਪੰਧੇਰ*

*ਘ. ਨੰ-੧੯੪੩, ਗਲੀ-੬ ਮਹਾਰਾਜ ਨਗਰ*

*ਲੁਧਿਆਣਾ-੧੪੧੦੦੧*

*ਫੋਨ-੦੧੬੧-੨੪੧੨੨੧੯, ੯੮੧੪੮-੩੨੯੪੮*

ਪਰਚਾ ਕਮਾਲ ਬਾਕਾਇਦਗੀ ਨਾਲ ਮਿਲ ਜਾਂਦਾ ਹੈ। ਪਹਿਲੀ ਫੁਰਸਤ 'ਚ ਹੀ ਪੜ੍ਹ ਭੀ ਲੈਂਦਾ ਹਾਂ। ਜਿਥੇ ਨਾਮਧਾਰੀ ਮਿਸ਼ਨ ਪ੍ਰਤੀ ਤੁਹਾਡੀ ਸੇਵਾ ਸਲਾਹੁਣਯੋਗ ਹੈ, ਉਥੇ ਸਾਹਿਤਕ ਪੱਧਰ ਤੇ ਪਰਚੇ ਦਾ ਸਾਨੀ ਨਹੀਂ।

*—ਸੁਰਜੀਤ ਸਿੰਘ ਮਿਨਹਾਸ*

*ਐਮ. ਏ., ਐਲ. ਐਲ. ਬੀ., ਐਡਵੋਕੇਟ*

*ਫਾਰਮਰ ਸਪੀਕਰ, ਪੰਜਾਬ ਵਿਧਾਨ ਸਭਾ*

ਦੋ ਬਾਰਾਂ ਦੋ ਹਜ਼ਾਰ ਨੌਂ ਨੂੰ ਸਾਖਿਅਤ ਦਰਸ਼ਨ ਭੀ ਹੋਏ ਤੇ ਘਰ ਆਏ ਨੂੰ ਵਰਿਆਮ ਦੀ ਡਾਕ ਰਾਹੀਂ ਪੁਜਾ ਮਿਲਿਆ।

ਇਕ ਪ੍ਰੀਤਮ ਸਿੰਘ ਪੰਛੀ (ਉਸ ਵੇਲੇ ਘੋਨ ਮੋਨ ਸਨ) ਮੇਰੇ ਨਾਲ ਅਜੀਤ 'ਚ ਕੰਮ ਕਰਦੇ ਸਨ। ਇਕ ਪਿਆਰਾ ਸਿੰਘ ਪੰਛੀ ਸਾਡੇ ਸ਼ਹਿਰ ਦੇ ਨਾਮਵਰ ਗਾਇਕ ਹੋ ਗੁਜ਼ਰੇ ਹਨ। ਇਹ ਕਰਤਾਰ ਸਿੰਘ ਪੰਛੀ ਮਹਾਂਪੁਰਸ਼ਾਂ ਦੀ ਆਤਮ ਕਥਾ ਪੜ੍ਹਾਂਗੇ ਜਦ ਛਾਪੋਗੇ। ਤੁਸੀਂ ਤਸਵੀਰ ਛਾਪੀ ਹੈ-ਕੈਪਸ਼ਨ ਹੈ-"ਕਰਤਾਰ ਸਿੰਘ ਪੰਛੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ" ਸਤਿਗੁਰਾਂ ਦੇ ਨਾਲ ਦਾ ਕੌਣ ਹੋ ਸਕਦਾ ਹੈ—ਲਿਖੋ...-ਕਰਤਾਰ ਸਿੰਘ ਪੰਛੀ ਸਤਿਗੁਰਾਂ ਦੀ ਹਜ਼ੂਰੀ ਵਿਚ। ਖਿਮਾਂ ਇਕ ਹੋਰ ਖਿਮਾ ਦੋ ਨੂੰ ਸਮਾਂ ਘਟ ਹੋਣ ਕਰਕੇ ਤੁਹਾਡੇ ਵਿਚਾਰ ਨਾ ਸੁਣ ਸਕੇ। ਵਿਣੁ ਕਰਮਾਂ ਕਿਛੁ ਪਾਈਏ ਨਾਹੀ-ਦੋਹਰੀ ਖਿਮਾ ਦਾ ਜਾਚਕ।

*—ਬੇਅੰਤ ਸਿੰਘ ਸਰਹੱਦੀ*

*ਸੰਪਾਦਕ ਵੀਕਲੀ ਸਿਮਰਨ, ਜਲੰਧਰ*

ਜਨਵਰੀ ੨੦੧੦ ਅੰਕ ਵਿਚ ਚਰਨ ਸੀਚੇਵਾਲਵੀ ਨਾਲ ਵਾਪਰੇ ਦੁਖਾਂਤ ਬਾਰੇ ਜਾਣ ਕੇ ਦੁੱਖ ਹੋਇਆ। ਉਨ੍ਹਾਂ ਦੀ ਧਰਮਪਤਨੀ ਦਾ ਵਿਛੋੜਾ ਪਰਿਵਾਰ ਲਈ ਦਰਦਨਾਕ ਹੈ। ਏਸੇ ਤਰ੍ਹਾਂ ਜਤਿੰਦਰਪਾਲ ਸਿੰਘ ਜੌਲੀ ਬਾਰੇ ਡਾ. ਸੁਰਿੰਦਰ ਮੰਡ ਨੇ ਭਾਵਪੂਰਤ ਸ਼ਬਦਾਂ ਵਿਚ ਜੌਲੀ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਕਾਵਿ ਰਚਨਾਵਾਂ ਮਿਆਰੀ ਹਨ।

*—ਨਵਰਾਹੀ ਘੁਗਿਆਣਵੀ*

*ਨਹਿਰ ਨਜ਼ਾਰਾ ਨਵਾਂ ਹਰਿੰਦਰ ਨਗਰ, ਫਰੀਦਕੋਟ*

ਵਰਿਆਮ ਦਸੰਬਰ ਅੰਕ ਪਹਿਲੇ ਪੰਨੇ ਦੀ ਬਰਫਾਂ ਲੱਦੀ ਵਾਦੀ ਦੀ ਤਸਵੀਰ ਕੁਦਰਤ ਦੇ ਕ੍ਰਿਸ਼ਮੇ ਨੂੰ ਵਰਨਣ ਕਰਦੀ ਮਨਮੋਹਦੀ ਹੈ। ਭ੍ਰਿਸ਼ਟਾਚਾਰ ਤੇ ਸਿਆਸਤ ਸੰਪਾਦਕੀ ਵਿਚ ਸ. ਜਗਦੀਸ਼ ਸਿੰਘ ਵਰਿਆਮ ਦਾ ਵਿਅੰਗ ਠੀਕ ਹੈ ਕਿ ਭਾਰਤ ਵਿਚ ਫਿਰ ਕੋਡ ਪੈਦਾ ਨਾ ਹੋਣ ਗੁਰੂ ਨਾਨਕ ਚਰਨਾ 'ਚ ਅਰਦਾਸ ਦਰੁਸਤ ਹੈ। ਪੱਟੀ ਅਲੌਕਕ ਵਰਿਆਮ ਦੇ ਪਾਠਕਾਂ ਨੂੰ ਸਨੇਹਾ ਦਿੰਦਾ ਹੈ ਕਿ ੨੦੧੦ ਵਿਚ ਭਾਰਤੀ ਰਾਜਨੀਤੀ ਸਕੈਂਡਲ ਮੁਕਤ ਹੋਵੇ। ਕਵੀ ਕਰਤਾਰ ਸਿੰਘ ਪੰਛੀ ਤੇ ਉਡਾਰੀ ਮਾਰ ਜਾਣ ਵਰਿਆਮ ਜੀ ਨੇ ੧੦ ਕਿਤਾਬਾਂ ਦੇ ਲੇਖਕ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ ਹੈ। ਅਮਰਜੀਤ ਸਿੰਘ ਸੰਧੂ ਦੀ ਗ਼ਜ਼ਲ ਦਾ ਸ਼ੇਅਰ "ਸੱਚ ਦੇ ਲਈ ਜੂਝਦਾ ਹੋਇਆ ਤਾਂ ਮੈਂ ਮਰਿਆ ਨਹੀਂ, ਸੱਚ ਤੋਂ ਮੂੰਹ ਮੋੜ ਕੇ, ਸੱਚ ਏ ਕੇ ਮਰ ਜਾਵਾਂਗਾ ਮੈਂ। ਸੰਧੂ ਦੀ ਗ਼ਜ਼ਲ ੨੦੧੦ ਦੇ ਨਵੇਂ ਸਾਲ ਵਿਚ ਕਵੀਆਂ ਨੂੰ ਸੱਚ ਲਿਖਣ ਦੀ ਪ੍ਰੇਰਨਾ ਦਿੰਦੀ ਹੈ ਉਘਾ ਪੰਜਾਬੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਰਚਨਾ ਮੇਰੀ ਮੈ ਵਰਿਆਮ ਵਿਚ ਜੀਵਨ ਦੀ ਹਕੀਕਤ ਲਿਖਦਾ ਹੈ ਕਿ ਸਥਾਪਤੀ ਵਿਰੋਧੀ ਲਿਖਤਾਂ ਲਿਖਣ ਕਾਰਨ ਝੂਠੇ ਮੁਕਦਮਿਆਂ ਦਾ ਸਾਹਮਣਾ ਕਰਦਿਆਂ ਜੇਲ੍ਹ ਜਾਣਾ ਪਿਆ। ਲੇਖਕ ਦੀ ਧਾਰਨਾ ਸਹੀ ਹੈ ਕਿ ਮੈਂ ਨਾ ਹਾਰਟ ਅਟੈਕ ਨਾਲ ਮਰਨਾ ਚਾਹੁੰਦਾ ਸੀ ਤੇ ਨਾ ਜ਼ਮੀਰ ਮਾਰ ਕੇ ਮਰਨ ਦੀ ਕੋਈ ਮੇਰੀ ਮਨਸ਼ਾ ਸੀ। ਸੰਧੂ ਸੰਘਰਸ਼ ਸ਼ੀਲਾਂ ਲਈ ਪ੍ਰੇਰਨਾ ਪਰਤੋ ਹੈ।

*—ਕੁਲਦੀਪ ਸਿੰਘ ਪੱਟੀ*

*੬੪੪, ਮੋਰੀ ਮਹੱਲਾ, ਬਹਾਦਰਪੁਰ*

*(ਹੁਸ਼ਿਆਰਪੁਰ)*

ਸਤਿਕਾਰਯੋਗ ਸ. ਜਗਦੀਸ਼ ਸਿੰਘ ਜੀ, ਨਾਮਧਾਰੀ ਪੰਥ ਲਈ ਆਪ ਜੀ ਦੀ ਸਚੀ ਸੁਚੀ ਭਾਵਨਾ ਨੂੰ ਨਤਮਸਤਕ ਹੁੰਦਾ ਹਾਂ। ਗੁਰ ਫਤਹਿ ਬੁਲਾਈ ਪ੍ਰਵਾਨ ਕਰਨੀ। ਆਪ ਜੀ ਦਾ ਸੰਪਾਦਕੀ ਐਡੀਟੋਰੀਅਲ ਪੜ੍ਹ ਕੇ ਬਹੁਤ ਪ੍ਰਸੰਨਤਾ ਹੁੰਦੀ ਹੈ। ਪ੍ਰਚਾ ਵਰਿਆਮ ਵੇਲੇ ਸਿਰ ਪਹੁੰਚਾਨ ਦਾ ਧੰਨਵਾਦ।

ਚਰਨ ਸੀਚੇਵਾਲ ਦੇ ਚੋਣਵੇਂ ਸ਼ੇਅਰ ਤੇ ਹੋਰ ਸਿਆਣੇ ਵਿਦਵਾਨਾਂ ਦੇ ਚੰਗੇ ਵਿਚਾਰ, ਜੀਵਨ ਜਾਚ ਚੰਗੀ ਸੇਧ ਦੇਣ ਵਾਲਾ ਉਚ ਪਾਇ ਦਾ ਮੈਟਰ ਕਾਫੀ ਚਿਰ ਤੋਂ ਪੜਨ ਨੂੰ ਮਿਲ ਰਿਹਾ ਹੈ ਜੋ ਬਹੁਤ ਸਵਾਦ ਹੁੰਦਾ ਹੈ ਤੇ ਸਵਾਦੀ ਖਾਣਾ ਲੋੜ ਤੋਂ ਵਾਧੂ ਖਾਣ ਨੂੰ ਜੀ ਕਰਦਾ ਹੈ। ਮੈਂ ਸਾਰਾ ਪ੍ਰਚਾ ਪੜ



Namdhari Elibrary NamdhariElibrary@gmail.com

ਕੇ ਹੀ ਬਸ ਕਰਦਾ ਹਾਂ।

ਜਨਵਰੀ ੨੦੧੦ ਦੇ ਵਰਿਆਮ ਵਿਚ ਛਪੀ, ਖਬਰ ਚਰਨ ਸਿੰਘ ਸੀਚੇਵਾਲ ਦੀ ਪਤਨੀ ਬੀਬੀ ਮਹਿੰਦਰ ਕੌਰ ਦੇ ਅਚਾਨਕ ਸਦੀਵੀ ਵਿਛੋੜੇ ਦਾ ਅਫਸੋਸ ਹੋਇਆ, ਪਰ ਅਕਾਲ ਪੁਰਖ ਦਾ ਭਾਣਾ ਮੰਨਣ ਤੋਂ ਬਿਨਾ ਹੋਰ ਕੋਈ ਚਾਰਾ ਵੀ ਤਾਂ ਨਹੀਂ, ਸਤਿਗੁਰ ਕ੍ਰਿਪਾ ਕਰਨ ਚਰਨ ਸੀਚੇਵਾਲ ਨੂੰ ਸੁਖ ਸ਼ਾਂਤੀ ਬਖਸ਼ਸ਼ ਕਰਨ।

ਸਵਰਨ ਸਿੰਘ ਵਿਰਕ ਦਾ ਨਾਮ ਪੜ੍ਹ ਕੇ ਤੁਰਦੇ ਫਿਰਦੇ ਇਤਿਹਾਸਕ ਖਜ਼ਾਨੇ ਦਾ ਅਹਿਸਾਸ ਹੋ ਜਾਂਦਾ ਹੈ। ਵਿਰਕ ਜੀ ਦੀ ਅਣਥਕ ਮੇਹਨਤ, ਖੋਜ ਭਰਪੂਰ ਜਾਣਕਾਰੀ ਤੇ ਸੁੰਦਰ ਪੇਸ਼ਕਾਰੀ ਦਾ ਜਿਨ੍ਹਾ ਧੰਨਵਾਦ ਕਰੀਏ ਥੋੜਾ ਹੈ। ਮੈਂ ਵਿਰਕ ਜੀ ਦੇ ਯੋਗਦਾਨ ਦੀ ਕਦਰ ਕਰਦਾ ਹਾਂ। ਇਹੋ ਜਹੇ ਮਹਾਨ ਮਨੁੱਖ ਪਰਲੋ ਤਕ ਜਿਉਂਦੇ ਰਹਿਣ ਚਾਹੀਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗਦੀ ਤੇ ਸੁਭਾਇਮਾਨ ਹੋਇਆ ਪੰਜਾਹ ਵਰ੍ਹੇ ਪੂਰੇ ਹੋਣ ਤੇ ਥਾਂ ਥਾਂ ਜਸ਼ਨ ਮਨਾਏ ਗਏ ਹਨ। ਹਵਨ ਵਰਨੀਆ ਅਖੰਡ ਪਾਠ ਸਧਾਰਨ ਪਾਠਾਂ ਦੇ ਭੋਗ ਪਾਏ ਗੈ ਹਨ, ਵਰਿਆਮ ਵਿਚ ਸ੍ਰੀ ਸਤਿਗੁਰੂ ਜੀ ਦੀਆਂ ਮਨ ਮੋਹਿਕ ਤਸਵੀਰਾਂ, ਵਧਾਈਆਂ ਪੜ੍ਹ ਕੇ ਵੇਖ ਕੇ ਬਹੁਤ ਖੁਸ਼ੀ ਹੋਈ। ਸਚੈ ਮਾਰਗਿ ਚਲਦਿਆ, ਉਸਤਤਿ ਕਰੇ ਜਹਾਨੁ॥ ਸੂਬਾ ਬਲਵਿੰਦਰ ਸਿੰਘ, ਦੀ ਰਚਨਾ-ਜਿਨ ਮਸਤਕਿ ਧੁਰਿ ਹਰਿ ਲਿਖਿਆ॥ ਤੇ ਬਬੇਕ ਸਿੰਘ ਦੀ ਰਚਨਾ ਨਵਾਂ ਗੁਰੂ ਪੜ੍ਹ ਕੇ ਬਹੁਤ ਹੀ ਖੁਸ਼ੀ ਹੋਈ। ਐਸੀਆਂ ਸਚੀਆਂ ਸਾਖੀਆਂ ਪੜ੍ਹ ਕੇ ਹੀ ਆਉਣ ਵਾਲੀ ਪੀੜ੍ਹੀ ਦੇ ਮਨ ਵਿਚ ਆਪਣੇ ਸਤਿਗੁਰੂ ਪ੍ਰਤੀ ਸ਼ਰਧਾ ਪਿਆਰ ਉਪਜਦਾ ਹੈ।

ਗੁਰਭਜਨ ਗਿੱਲ, ਨਿਰਮਲ ਸਿੰਘ ਭੰਡਾਲ, ਪ੍ਰੋ. ਜਸਵੰਤ ਸਿੰਘ ਕੈਲਵੀ, ਸੁਰਜੀਤ ਸਿੰਘ ਸਾਜਨ ਦੀਆਂ ਰਚਨਾਵਾਂ ਵਧੀਆ ਲੱਗੀਆਂ। ਅੰਤ ਵਿਚ ਵਰਿਆਮ ਲਈ ਸ਼ੁਭ ਕਾਮਨਾ ਕਰਦਾ ਹਾਂ। ਵਰਿਆਮ ਨੂੰ ਸਦਾ ਚੜ੍ਹਦੀ ਕਲਾ ਵਿਚ ਵੇਖਣ ਦਾ ਚਾਹਵਾਨ।

*—ਜੋਗਿੰਦਰ ਸਿੰਘ ਮੁਕਤਾ*
*ਪਿੰਡ ਸੰਤ ਨਗਰ ਸਿਰਸਾ*
*ਹਰਿਆਣਾ, ਫੋਨ-੯੯੯੯੨੩੩੯੫੨੪*

❖ ❖ ❖

ਮੇਰੇ ਪਾਸ ਜੋ ਭੀ ਮੈਗਜ਼ੀਨ ਤੇ ਅਖਬਾਰ ਆਉਂਦੇ ਹਨ। ਸਭ ਤੋਂ ਪਹਿਲਾਂ ਵਰਿਆਮ ਮੈਗਜ਼ੀਨ ਪਹੁੰਚਦਾ ਹੈ। ਦਸੰਬਰ ਮਹੀਨੇ ਦਾ ਵਰਿਆਮ ਪੜ੍ਹਿਆ। ਕੁਛ ਵਿਛੜੀਆਂ ਰੂਹਾਂ ਤੇ ਵਿਦਵਾਨਾਂ ਦੇ ਲੇਖ ਪੜ੍ਹਨ ਨੂੰ ਮਿਲੇ। ਸੰਪਾਦਕੀ ਵਿਚ ਸ. ਜਗਦੀਸ਼ ਸਿੰਘ ਵਰਿਆਮ ਜੀ ਨੇ "ਭ੍ਰਿਸ਼ਟਾਚਾਰ ਅਤੇ ਸਿਆਸਤ" ਹੈਡਿੰਗ ਵਿਚ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੋਡਾ ਦੇ ੨੯ ਹਜ਼ਾਰ ਕਰੋੜ ਰੁਪਏ ਦੇ ਗਬਨ ਦਾ ਜ਼ਿਕਰ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਭਾਵਕ ਹੋ ਕੇ ਪੁਕਾਰ ਕੀਤੀ ਹੈ ਕਿ ਤੂੰ ਇਕ ਕੌਡੇ ਦਾ ਸੁਧਾਰ ਕੀਤਾ ਸੀ। ਹੁਣ ਲੱਖਾਂ ਕੌਡੇ ਪੈਦਾ ਹੋ ਗਏ ਹਨ ਤੇ ਇਹਨਾਂ ਦਾ ਭੀ ਸੁਧਾਰ ਕਰ। ਸ. ਕਰਤਾਰ ਸਿੰਘ ਪੰਛੀ ਮਹਾਨ ਸ਼ਾਇਰ ਜਿਸਨੇ ੧੦ ਪੁਸਤਕਾਂ ਪੰਜਾਬੀ ਜਗਤ ਦੀ ਝੋਲੀ ਵਿਚ ਪਾਈਆਂ। ਉਹ ਉਡਾਰੀ ਮਾਰ ਗਿਆ ਤੇ ਨਾਮਧਾਰੀ ਸੰਗਤਾਂ ਮਹਾਨ ਸ਼ਾਇਰ ਤੋਂ ਵਾਂਝੀਆਂ ਹੋ ਗਈਆਂ।

ਪ੍ਰਿੰ. ਮੋਹਨ ਸਿੰਘ ਜੌਹਲ ਬਜ਼ੁਰਗ ਸਿੱਖਿਆ ਸ਼ਾਸ਼ਤਰੀ ਅਤੇ ਵਰਿਆਮ ਦੇ ਪਰਮ ਹਿਤੂ ਸਦੀਵੀ ਵਿਛੋੜਾ ਦੇ ਗਏ ਹਨ। ਵਰਿਆਮ ਵਿਚੋਂ ਇਹ ਪੜ੍ਹ ਕੇ ਮਨ ਨੂੰ ਗਹਿਰਾ ਧੱਕਾ ਲੱਗਾ ਕਿ ਚੰਗੇ-ਚੰਗੇ ਮਨੁੱਖ ਦੁਨੀਆ ਤੋਂ ਜਾ ਰਹੇ ਹਨ। "ਮਲੇਛ ਭਾਖਾ ਦੇ ਹਮਲੇ ਵਿਰੁੱਧ ਸਤਿਗੁਰੂ ਸਾਹਿਬਾਨ ਦਾ ਸੰਘਰਸ਼" ਸਵਰਗੀ ਅਮਰ ਭਾਰਤੀ ਜੀ ਦਾ ਲਿਖਿਆ ਹੋਇਆ ਲੇਖ ਬਹੁਤ ਖੋਜ ਭਰਪੂਰ ਹੈ। ਪੰਜਾਬੀ ਭਾਸ਼ਾ ਦੇ ਪਿਛੋਕੜ ਇਤਿਹਾਸ ਨੂੰ ਬੜੇ ਸੁਚੱਜੇ ਢੰਗ ਨਾਲ ਉਜਾਗਰ ਕੀਤਾ ਹੈ। "ਅਭਿਨੰਦਨ ਗ੍ਰੰਥ ਦੀ ਪ੍ਰਾਪਤੀ" ਪਿਆਰਾ ਸਿੰਘ ਦਾਤਾ ਦਾ ਲਿਖਿਆ ਵਿਅੰਗ ਪੜ੍ਹਿਆ ਤੇ ਚਾਨਣ ਹੋਇਆ ਕਿ ਸਾਹਿਤ ਸਭਾਵਾਂ ਦੀ ਮਾਇਕ ਹਾਲਤ ਮਾੜੀ ਹੁੰਦੀ ਹੈ ਤੇ ਫਿਰ ਵੀ ਬਨਾਵਟੀ ਰੂਪ ਬਣਾ ਕੇ ਅਭਿਨੰਦਨ ਗ੍ਰੰਥ ਭੇਟ ਕਰ ਦਿੰਦੇ ਹਨ। ਜਿਸ ਤਰ੍ਹਾਂ ਕਿ ਚੱਕਰਵਰਤੀ ਜੀ ਨਾਲ ਹੋਇਆ। ਇਹ ਦਰਦ ਭਰੀ ਵਾਰਤਾ ਮੇਰੇ ਮਨ ਤੇ ਗਹਿਰੀ ਛਾਪ ਛੱਡ ਗਈ। ਮੇਰੀ ਸੇਵਾ-ਮੁਕਤੀ ਦੇ ਦਿਨ-ਡਾ. ਹਰਨੇਕ ਸਿੰਘ ਕੋਮਲ ਦਾ ਲਿਖਿਆ ਨਿਬੰਧ ਪੜ੍ਹਿਆ ਬੜਾ ਦਿਲਚਸਪ ਹੈ। ਇਸਨੂੰ ਵਾਰ-ਵਾਰ ਪੜ੍ਹਿਆ। ਦਾਸ ਨੇ ਵੀ ਹੋਰ ਪੰਜ ਮਹੀਨਿਆਂ ਨੂੰ ਰਿਟਾਇਰ ਹੋਣਾ ਹੈ। ਵਰਿਆਮ ਵਿਚ ਛਪਿਆ ਸਾਰਾ ਮੈਟਰ ਬਹੁਤ ਸੁੰਦਰ, ਪੜ੍ਹਨਯੋਗ, ਸੰਭਾਲਣਯੋਗ ਹੈ। ਇਸ ਵਿਚ ਮਹਾਨ ਵਿਦਵਾਨਾਂ ਦੀਆਂ ਰਚਨਾਵਾਂ, ਗ਼ਜ਼ਲਾਂ, ਕਵਿਤਾਵਾਂ ਤੇ ਰੁਬਾਈਆਂ ਹਨ। ਇਹ ਚੋਣਵੇਂ ਪੰਜਾਬੀ ਸ਼ਿਅਰਾਂ ਨਾਲ ਸ਼ਿੰਗਾਰਿਆ ਹੁੰਦਾ ਹੈ।

ਕਿਸੇ ਭੀ ਮੈਗਜ਼ੀਨ ਨੂੰ ਕੱਢਣ ਲਈ ਚੰਗੀ ਮਾਇਕ ਹਾਲਤ ਦੀ ਲੋੜ ਹੁੰਦੀ ਹੈ। ਤਾਂ ਹੀ ਉਹ ਮੈਗਜ਼ੀਨ ਸਹੀ ਸਮੇਂ ਸਿਰ ਪਾਠਕਾਂ ਨੂੰ ਮਿਲਦਾ ਹੈ। ਇਸ ਲਈ ਵਰਿਆਮ ਦੇ ਪਾਠਕਾਂ ਨੂੰ ਚਾਹੀਦਾ ਹੈ ਕਿ ਸਮੇਂ ਸਿਰ ਵਰਿਆਮ ਦਾ ਚੰਦਾ ਭਰ ਕੇ ਵਰਿਆਮ ਦੀ ਮਾਇਕ ਹਾਲਤ ਮਜ਼ਬੂਤ ਕਰਨ। ਮੇਰਾ ਵੀ ਚੰਦਾ ਜਨਵਰੀ ਤੋਂ ਖਤਮ ਹੋ ਰਿਹਾ ਹੈ। ਮੈਂ ਵੀ ੨੦੦ ਰੁਪਏ ਚੰਦਾ ਭੇਜ ਰਿਹਾ ਹਾਂ। ਵਰਿਆਮ ਹਰ ਮਹੀਨੇ ਭੇਜਣ ਦੀ ਕਿਰਪਾਲ ਕਰਨੀ। ਮੈਂ ਅਤੀ ਧੰਨਵਾਦੀ ਹੋਵਾਂਗਾ।

*—ਸੁਲੱਖਣ ਸਿੰਘ ਭਿੰਡਰ*
*ਮਕਾਨ ਨੰਬਰ - ੧੩੮, ਜੈਪੁ ਕਲੋਨੀ,*
*ਗਲੀ ਨੰਬਰ-੬, ਮੁਕਤਸਰ-੧੫੨੦੨੬*



Namdhari Elibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84* *Fax :— +91-40--4530475*

*E-mail:amber @hd1.vsnl.net.in*

| | |
|---|---|
| **Sukhwinder Kaur**<br>*Managing Director*<br>*Ph.: 9391046298* | **Lakhbir Singh Muchhal**<br>*Director*<br>*Ph.: 9848050607* |



Namdhari Elibrary NamdhariElibrary@gmail.com



ਸ. ਅਜੀਤ ਸਿੰਘ ਸੱਗੂ ਦੇ ਸਨਮਾਨ ਸਮੇਂ
ਸ. ਐਚ ਐਸ ਹੰਸਪਾਲ, ਸੂਬਾ ਸੁਖਦੇਵ ਸਿੰਘ, ਸ. ਅਜੀਤ ਸਿੰਘ (ਯੂ.ਕੇ)



ਦਿੱਲੀ ਦੇ ਸਫ਼ਰ ਸਮੇਂ ਇਕਠੇ ਬੈਠੇ ਡਾ. ਐਸ. ਐਸ. ਨੂਰ ਉਪ ਪ੍ਰਧਾਨ ਸਾਹਿਤ ਅਕੈਡਮੀ ਦਿੱਲੀ ਅਤੇ ਡਾ. ਜਸਪਾਲ ਸਿੰਘ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਨਾਲ ਪ੍ਰੋ. ਤਾਰਾ ਸਿੰਘ ਅਨਜਾਣ ਤੇ ਉਹਨਾਂ ਦੇ ਪੋਤਰੇ ਅਕਸ ਸੱਗੂ ਅਤੇ ਅੰਗਦ ਜੀ ਸੱਗੂ।



ਪੰਜਾਬੀ ਸਹਿਤ ਸਭਾ ਦਿੱਲੀ ਧੁੱਪ ਦੀ ਮਹਿਫ਼ਲ ਵਿੱਚ ਸਨਮਾਨਿਤ ਸਰਵ ਸ਼੍ਰੀ ਤਾਰਾ ਸਿੰਘ ਅਨਜਾਣ, ਓ.ਪੀ. ਆਨੰਦ, ਜਗਦੀਸ਼ ਕੌਸ਼ਕ ਅਤੇ ਐਨ ਆਰ ਗੋਇਲ।



ਕੁਲਵੰਤ ਸਿੰਘ ਫਲੌਰਾ ਸਪੁੱਤਰ ਸ.ਕੁਲਦੀਪ ਸਿੰਘ ਫਲੌਰਾ ਯੂ.ਕੇ ਦਾ ਅਨੰਦ ਕਾਰਜ, ਬੀਬੀ ਮਹਿੰਦਰ ਕੌਰ 'ਮੇਘਾ' ਸਪੁਤਰੀ ਸੰਤ ਮੋਹਨ ਸਿੰਘ ਹਜ਼ੂਰੀ ਰਾਗੀ ਨਾਲ ੩.੧.੧੦ ਨੂੰ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ।

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
February 2010

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ ਵਧਾਈਆਂ





ਵੱਲੋਂ

**ਜਸਵੰਤ ਸਿੰਘ - ਬਲਕਾਰ ਕੌਰ**

**ਧਨਵੰਤ ਸਿੰਘ**

**ਨਾਮਧਾਰੀ ਕਲੱਚਰ (ਇੰਡੀਆ), ਦਿੱਲੀ**

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com